# ਚਿਰਾਗ

ਜਨਵਰੀ-ਮਾਰਚ 2013

**January - March 2013**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



20/- 83 ਜਨਵਰੀ-ਮਾਰਚ 2013

# ਚਿਰਾ.ਗ ਤਿਮਾਹੀ


**ਸੰਪਾਦਕ ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


| | |
|---|---|
| ❖ ਸੰਪਾਦਕੀ ਟਿੱਪਣੀ | ਬਲਾਤਕਾਰੀ ਮਾਹੌਲ ਅਤੇ ਲੇਖਕਾਂ ਦੀ ਸੰਵੇਦਨਸ਼ੀਲਤਾ |
| ❖ ਇਸ ਵਾਰ ਦਾ ਕਵੀ | ਕਰਨੈਲ ਸਿੰਘ ਨੇਕਨਾਮਾ (ਚਾਰ ਗ਼ਜ਼ਲਾਂ) |
| ❖ ਕਵਿਤਾ | ਪ੍ਰੋ. ਹਰਦਰਦਵੀਰ ਨੌਸ਼ਹਿਰਵੀਂ |
| ❖ ਵਾਹਗੇ ਪਾਰ ਦੀ ਪੰਜਾਬੀ ਕਹਾਣੀ | ਪਨੀਰੀ (ਮੀਰ ਤਨਹਾ ਯੂਸਫ਼ੀ) |
| | ਅਸਾਂ ਬਚ ਜਾਣਾ ਏ (ਇਲਿਆਸ ਘੁੰਮਣ) |
| | ਇਲਾਹੀ ਮਿਹਰ (ਅਫਜ਼ਲ ਅਹਿਮਦ ਰੰਧਾਵਾ) |
| ❖ ਪੰਜਾਬੀ ਕਹਾਣੀ | ਜ਼ਮਾਨਾ ਬਦਲ ਗਿਆ (ਸੁਭਾਸ਼ ਸ਼ਰਮਾ) |
| ❖ ਵਿਚਾਰ ਚਰਚਾ | ਸਿੱਖ ਕੌਮ : ਹੋਣੀ ਤੇ ਹਸਤੀ (ਡਾ. ਪ੍ਰੇਮ ਸਿੰਘ) |
| | ਭਾਗਵਤ ਗੀਤਾ ਕੁਝ ਸੰਦੇਹ (ਡਾ. ਅਮਰਜੀਤ ਸਿੰਘ) |
| ❖ ਯਾਦਾਂ | ਪਹਿਲੀ ਮੁਹੱਬਤ (ਸੁਰਜੀਤ ਗਿੱਲ) |
| | ਰੇਖਾ ਚਿਤਰ (ਅਵਤਾਰ ਜੰਡਿਆਲਵੀ) |
| | ਹਰਭਜਨ ਸਿੰਘ ਹੁੰਦਲ |
| ❖ ਇੰਟਰਵਿਊ | ਵਗਦੇ ਦਰਿਆ ਨਾਲ ਗੱਲਾਂ (ਡਾ. ਜਸਵਿੰਦਰ ਸਿੰਘ ਸੈਣੀ ਦਾ ਗੁਰਦੀਪ ਨਾਲ) |
| ❖ ਵਾਹਗੇ ਪਾਰ ਦਾ ਕਵੀ | ਪੋਠੋਹਾਰ ਦਾ ਪੰਜਾਬੀ ਕਵੀ (ਬਾਕੀ ਸਦੀਕੀ) ਹਰਭਜਨ ਸਿੰਘ ਹੁੰਦਲ) |
| ❖ ਪੁਸਤਕ ਪੜਚੋਲ | ਸਿਤਾਰਿਆਂ ਦੀ ਸੱਥ, ਵਾਹਗੇ ਪਾਰ ਦੇ ਕਵੀ (ਡਾ. ਪ੍ਰੇਮ ਸਿੰਘ) |
| ❖ ਹਿੰਦੀ ਕਹਾਣੀ | ਵਿਜੈ (ਪੰਜਾਬੀ ਅਨੁਵਾਦ ਮਹਿੰਦਰ ਬੇਦੀ) |
| ❖ ਰੀਵਿਊ | ਪਹਿਲੀ ਬਾਰਿਸ਼ (ਤਰਸੇਮ ਨੂਰ), ਸੁਲੱਖਣ ਸਰਹੱਦੀ |
| ❖ ਪੁਸਤਕ ਪ੍ਰਾਪਤੀ | ❖❖❖ |
| ❖ ਟਾਈਟਲ | ਏਕਤਾ (ਚਿਤਰਾ ਪ੍ਰਸ਼ਾਦ) |



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**
**Website : www.punjabilokyan.com**



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ -31 ਜਨਵਰੀ 2013




## ਬਲਾਤਕਾਰੀ ਮਾਹੌਲ ਅਤੇ ਲੇਖਕਾਂ ਦੀ ਸੰਵੇਦਨਸ਼ੀਲਤਾ

1947 ਵਿਚ ਆਜ਼ਾਦੀ ਤੋਂ ਬਾਅਦ ਅਸੀਂ ਆਧੁਨਿਕ ਯੁੱਗ ਤੋਂ ਉੱਤਰ ਆਧੁਨਿਕ ਯੁੱਗ ਵਿਚ ਪੈਰ ਧਰ ਰਹੇ ਹਾਂ। ਸਾਮਰਾਜ ਨਾਲ ਸੰਘਰਸ਼ ਤੋਂ ਸਾਡੀਆਂ ਆਧੁਨਿਕ ਕਦਰਾਂ-ਕੀਮਤਾਂ ਦਾ ਵਿਕਾਸ ਹੋਇਆ। ਸੰਪ੍ਰਦਾਇਕਤਾ ਦੀ ਥਾਂ ਸਾਰੇ ਸੰਪ੍ਰਦਾਵਾਂ ਤੋਂ ਉੱਪਰ ਉੱਠਣ ਦਾ ਯਤਨ, ਜ਼ਾਤ-ਪਾਤ ਖਿਲਾਫ਼, ਲੜਾਈ ਔਰਤਾਂ ਦੀ ਵਿੱਦਿਆ, ਵਿਧਵਾ ਵਿਆਹ, ਬਾਲ ਵਿਆਹ ਦਾ ਵਿਰੋਧ ਆਦਿ ਨਿਰੰਤਰ ਜਾਰੀ ਰਿਹਾ। ਪਰੰਤੂ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਇਹ ਸਾਰੀਆਂ ਸਮੱਸਿਆਵਾਂ ਪ੍ਰਤੀ ਅਸੀਂ ਅਵੇਸਲੇ ਹੋ ਗਏ ਕਿਉਂਕਿ ਇਹ ਸਭ ਕੁਝ ਅੰਗਰੇਜ਼ੀ ਪ੍ਰਭਾਵ ਨੂੰ ਕੁੰਦ ਕਰਨ ਲਈ ਪੁਨਰਉਥਾਨਵਾਦੀ ਰੁਝਾਨਾਂ ਦੇ ਅੰਤਰਗਤ ਹੀ ਕੀਤਾ ਗਿਆ ਅਤੇ ਸਮਾਜ-ਸੁਧਾਰ ਬਹੁਤੀ ਦੂਰ ਤੱਕ ਨਹੀਂ ਜਾ ਸਕਿਆ। ਭਾਵੇਂ ਸੰਵਿਧਾਨ ਵਿਚ 'ਸਮਾਜਵਾਦ' ਸ਼ਬਦ ਪਾ ਲਿਆ, ਪਰ ਵਿਕਾਸ ਪੂੰਜੀਵਾਦੀ ਲੀਹਾਂ ਤੇ ਜਾਰੀ ਰਿਹਾ। ਇਸੇ ਰਾਹ ਨੂੰ ਪ੍ਰਧਾਨਮੰਤਰੀ ਨੇ ਵਿੱਤ ਮੰਤਰੀ ਰਹਿੰਦਿਆਂ ਉੱਤਰ ਪੂੰਜੀਵਾਦ ਦੇ ਰਾਹੇ ਪਾ ਦਿੱਤਾ। ਇਸ ਬਹੁ-ਕੌਮੀ-ਕਾਰਪੋਰੇਸ਼ਨਾਂ ਦੀ ਆਰਥਿਕਤਾ ਦੇ ਪੈਦਾ ਕੀਤੇ ਸਭਿਆਚਾਰ ਦਾ ਨਾਂ ਹੀ ਉੱਤਰ ਆਧੁਨਿਕਤਾਵਾਦ ਹੈ। ਅੰਗੇਰਜ਼ਾਂ ਤੋਂ ਛੁਟਕਾਰੇ ਤੋਂ ਬਾਅਦ ਅਸੀਂ ਮੁੜ ਜਾਗੀਰਦਾਰੀ ਮਾਨਸਿਕਤਾ ਵੱਲ ਪਰਤੇ ਪਰ ਸਮਾਂ ਅਗਾਂਹ ਜਾ ਰਿਹਾ ਸੀ। ਇਸ ਅੰਤਰ ਵਿਰੋਧ ਨੇ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੱਤਾ। ਇਨ੍ਹਾਂ ਸਮੱਸਿਆਵਾਂ ਨੂੰ ਅਗਲਵਾਢੀ ਹੋ ਕੇ ਮਿਲਣ ਦੀ ਬਜਾਏ 65 ਸਾਲਾਂ ਵਿਚ ਅਸੀਂ ਉਨ੍ਹਾਂ ਨਜ਼ਰ ਅੰਦਾਜ਼ ਕਰਦੇ ਰਹੇ। ਪਰ ਕਿੰਨਾ ਕਿ ਚਿਰ ਤੁਸੀਂ ਇਸ ਤਰ੍ਹਾਂ ਕਰ ਸਕਦੇ ਹੋ? 2012 ਨੇ ਵਿਸਫੋਟ ਦੀ ਸਥਿਤੀ ਸਾਹਮਣੇ ਲਿਆ ਦਿੱਤੀ। ਸਭ ਤੋਂ ਪਹਿਲਾਂ ਵਿਸਫੋਟ ਹੋਇਆ ਕੁਰਪਸ਼ਨ ਦਾ। ਇੰਨੇ ਵੱਡੇ ਘੁਟਾਲੇ ਬੰਦਾ ਗਿਣਦਾ ਥੱਕ ਜਾਵੇ। ਦੂਸਰਾ ਵੱਡਾ ਵਿਸਫੋਟ ਸਾਲ ਦੇ ਅੰਤ ਉੱਪਰ ਹੋਇਆ। ਹਰਿਆਣਾ 'ਰੇਪ ਸਟੇਟ' ਵਜੋਂ ਉਭਰਿਆ।

ਇਸ ਵਿਚ ਹੋਰਨਾਂ ਕਾਰਣਾਂ ਤੋਂ ਇਲਾਵਾ ਵੱਡਾ ਕਾਰਣ ਔਰਤਾਂ ਦੀ ਗਿਣਤੀ ਵਿਚ ਵੱਡੀ ਕਮੀ ਸੀ। ਖਾਸ ਪੰਚਾਇਤਾਂ ਨੇ ਬਲਦੀ ਤੇ ਤੇਲ ਪਾਇਆ ਸਗੋਤਰ ਜਾਤ-ਬਾਹਰੇ ਵਿਆਹਾਂ ਨੂੰ ਨਿੰਦ ਕੇ ਜੋੜਿਆਂ ਨੂੰ ਮਾਰਨ ਦੇ ਹੁਕਮ ਇਨ੍ਹਾਂ ਵਲੋਂ ਆਏ। ਕਈ ਹਾਸੋ-ਹੀਣੇ ਫੈਸਲੇ ਦਿੱਤੇ ਗਏ, ਵਿਆਹੇ ਜੋੜਿਆਂ ਨੂੰ ਭੈਣ-ਭਰਾ ਬਣ ਕੇ ਰਹਿਣ ਦੀਆਂ ਹਦਾਇਤਾਂ ਆਈਆਂ। ਦਿੱਲੀ ਦੇ ਸਮੂਹਿਕ ਬਲਾਤਕਾਰ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਕਿਉਂਕਿ ਕੁੜੀ ਦਾ ਬਲਾਤਕਾਰ ਉਸਦੇ ਦੋਸਤ ਮੁੰਡੇ ਦੇ ਸਾਹਮਣੇ ਕੀਤਾ ਗਿਆ। ਇਸ ਲਈ ਨੌਜਵਾਨ ਮੁੰਡੇ ਕੁੜੀਆਂ ਨੇ ਇਕ ਮਹੀਨੇ ਤੋਂ ਦਿੱਲੀ ਵਿਚ ਪ੍ਰਦਰਸ਼ਨ ਕਰਕੇ ਸਾਰੇ ਹਿੰਦੁਸਤਾਨ ਵਿਚ ਵਿਦਰੋਹ ਦੀਆਂ ਸੁਰਾਂ ਗੁੰਜਾ ਦਿੱਤੀਆਂ। ਇਨ੍ਹਾਂ ਪ੍ਰਦਰਸ਼ਨਾਂ ਵਿਚ

ਪ੍ਰਗਤੀਵਾਦੀ ਲੋਕ ਮੋਹਰੀ ਰਹੇ ਹਨ। ਰਾਸ਼ਟਰਪਤੀ ਦੇ ਗੇਟ ਤੱਕ ਔਰਤਾਂ ਜਾ ਪਹੁੰਚੀਆਂ।

ਹੁਣ ਤੱਕ ਕਿਹਾ ਜਾਂਦਾ ਸੀ ਕਿ ਯੂਰਪ ਵਿਚ ਔਰਤਾਂ ਨੇ ਹੱਕ ਲੜ ਕੇ ਲਏ ਹਨ, ਪਰ ਭਾਰਤੀ ਔਰਤ ਨੂੰ ਇਹ ਹੱਕ ਬਿਨਾਂ ਲੜੇ ਹੀ ਸੰਵਿਧਾਨ ਨੇ ਦਿੱਤੇ, ਜਿਹੜੇ ਸਾਮਰਾਜ ਵਿਰੋਧੀ ਸੰਘਰਸ਼ ਦਾ ਸਿੱਟਾ ਸਨ। ਭਾਵੇਂ ਇਹ ਪੂਰਨ ਸੱਚ ਨਹੀਂ ਕਿ ਭਾਰਤੀ ਔਰਤਾਂ ਜਾਂ ਲੋਕਾਂ ਨੇ ਸੰਘਰਸ਼ ਨਹੀਂ ਕੀਤਾ। ਪਰੰਤੂ ਇਹ ਪਹਿਲੀ ਵਾਰ ਹੈ ਕਿ ਔਰਤਾਂ ਨੇ ਆਪਣੇ ਉਪਰ ਹੁੰਦੇ ਜ਼ੁਲਮਾਂ ਖਿਲਾਫ਼ ਦੇਸ਼-ਵਿਆਪੀ ਪ੍ਰਦਰਸ਼ਨ ਕਰਕੇ ਸਰਕਾਰ ਨੂੰ ਕਾਨੂੰਨ ਬਦਲਣ ਲਈ ਮਜਬੂਰ ਕੀਤਾ ਹੈ। ਕਾਨੂੰਨੀ, ਲਾਅ ਐਂਡ ਆਰਡਰ, ਸੰਵਿਧਾਨਕ ਸੋਧਾਂ ਇਕੋ ਸਮੇਂ ਵਿਚਾਰੀਆਂ ਜਾ ਰਹੀਆਂ ਹਨ। ਦਬਾਅ ਬਣਿਆ ਰਿਹਾ ਤਾਂ ਚੰਗੇ ਸਿੱਟੇ ਅਵੱਸ਼ ਨਿਕਲਣਗੇ।

ਪਰੰਤੂ ਜਿਵੇਂ ਕਿ ਪਹਿਲਾਂ ਵੀ ਹੁੰਦਾ ਰਿਹਾ ਹੈ ਕਿ ਮਰਦ ਪ੍ਰਧਾਨ ਸੱਤਾ ਅਤੇ ਸੰਪ੍ਰਦਾਇਕਤਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਹਾਂ-ਪੱਖੀ ਸਿੱਟਿਆਂ ਦਾ ਵਿਰੋਧ ਕਰਦੀ ਰਹੀ ਹੈ। ਪਾਰਲੀਮੈਂਟ ਵਿਚ ਔਰਤਾਂ ਦੀ 33 ਪ੍ਰਤੀਸ਼ਤ ਰਿਜ਼ਰਵੇਸ਼ਨ ਇਸੇ ਲਈ ਖੱਟੇ ਵਿਚ ਪਈ ਹੋਈ ਹੈ। ਆਰ. ਐਸ. ਐਸ. ਦੇ ਪੂਰਵ ਪ੍ਰਧਾਨ ਭਾਗਵਤ ਦਾ ਬਿਆਨ ਹੈ ਕਿ 'ਜੇ ਸੀਤਾ ਲਛਮਣ ਰੇਖਾ ਲੰਘੇਗੀ ਤਾਂ ਉਸਨੂੰ ਉਸਦੀ ਸਜ਼ਾ ਤਾਂ ਮਿਲੇਗੀ' ਕਈ ਬੀ. ਜੇ. ਪੀ. ਲੀਡਰਾਂ ਨੇ ਔਰਤਾਂ ਨੂੰ ਸਾਦਗੀ ਅਤੇ ਘਰ ਰਹਿਣ ਦੀ ਸਲਾਹ ਵੀ ਦੇ ਦਿੱਤੀ ਜੋ ਉਹ ਪਹਿਲਾਂ ਵੀ ਦਿੰਦੇ ਰਹਿੰਦੇ ਹਨ। ਇਥੋਂ ਤੱਕ ਕਿ ਰਾਸ਼ਟਰਪਤੀ ਦੇ ਬੇਟੇ ਨੇ ਬੰਗਾਲ ਵਿਚ ਪ੍ਰਦਰਸ਼ਨ ਕਰ ਰਹੀਆਂ ਔਰਤਾਂ ਦੇ ਖਿਲਾਫ਼ ਬਿਆਨ ਦਾਗ ਦਿੱਤਾ, ਜਿਸਦੀ ਬਾਅਦ ਵਿਚ ਕਾਂਗਰਸ ਨੂੰ ਮੁਆਫ਼ੀ ਮੰਗਣੀ ਪਈ। ਔਰਤਾਂ ਤੇ ਨੌਜਵਾਨਾਂ ਨੂੰ ਇਨ੍ਹਾਂ ਸਥਿਤੀਆਂ ਨੂੰ ਸਮਝਦਿਆਂ ਹੀ ਅਗਰਗਾਮੀ ਸ਼ਕਤੀਆਂ ਨੂੰ ਨਾਲ ਲੈ ਕੇ ਅਗਾਂਹ ਚੱਲਣਾ ਚਾਹੀਦਾ ਹੈ ਅਤੇ ਅਤਿਵਾਦੀ ਰੁਝਾਨਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਅਜਿਹੇ ਮਾਹੌਲ ਵਿਚ ਆਮ ਆਦਮੀ ਦਾ ਨਿਰਲੇਪ ਰਹਿ ਜਾਣਾ ਤਾਂ ਸਮਝ ਆਉਂਦਾ ਹੈ, ਪਰ ਲੇਖਕਾਂ ਦਾ ਅਜਿਹਾ ਕਰਨਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜਿੰਨੇ ਕੁ ਲੇਖਕ ਦਿੱਲੀ ਪ੍ਰਦਰਸ਼ਨ ਵਿਚ ਸ਼ਾਮਲ ਹੋਏ, ਉਹ ਸਲਾਹੁਣਯੋਗ ਹੈ, ਪਰੰਤੂ ਪੰਜਾਬੀ ਲੇਖਕ ਪਤਾ ਨਹੀਂ ਕੀ ਸੋਚ ਰਿਹਾ ਹੈ? ਪੰਜਾਬੀ ਲੇਖਕਾਂ ਵਲੋਂ ਸਾਮੂਹਿਕ ਪ੍ਰਤੀਕਰਮ ਨਾਂਹ ਬਰਾਬਰ ਹੈ, ਸਗੋਂ ਵਿਅਕਤੀਗਤ ਬਿਆਨ ਦੇਣ ਤੋਂ ਵੀ ਝਿਜਕ ਦਿਖਾਈ ਗਈ ਹੈ। ਇਸ ਤੋਂ ਇੱਕ ਸਿੱਟਾ ਇਹ ਨਿਕਲਦਾ ਹੈ ਕਿ ਪੰਜਾਬੀ ਸਾਹਿਤ ਲੇਖਕ ਦੇ ਗਰਕਣ ਦਾ ਇਕ ਕਾਰਣ ਲੇਖਕਾਂ ਦਾ ਸੰਵੇਦਨਸ਼ੀਲ ਨਾ ਹੋਣਾ ਹੈ। ਅਦਾਰਾ 'ਚਿਰਾਗ' ਪੰਜਾਬੀ ਲੇਖਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਵਿਅਕਤੀਗਤ ਅਤੇ ਸਾਮੂਹਿਕ ਤੌਰ ਤੇ ਇਸ ਮਾਹੌਲ ਦਾ ਪੂਰੇ ਜ਼ੋਰ ਨਾਲ ਵਿਰੋਧ ਕਰਨ ਤਾਂ ਕਿ ਕੱਲ੍ਹ ਉਨ੍ਹਾਂ ਨੂੰ ਕਟਹਿਰੇ ਵਿਚ ਨਾ ਖੜ੍ਹਾ ਕਰੇ। •

ਸੰਪਾਦਕੀ ਮੰਡਲ



**ਇਸ ਅੰਕ ਦਾ ਕਵੀ**

## 1. ਗ਼ਜ਼ਲ

**ਕਰਨੈਲ ਸਿੰਘ ਨੇਕਨਾਮਾ**

ਇਸ ਧਰਤੀ ਦੇ ਵਾਰਸਾ ਹੁਣ ਤਾਂ ਹੋ ਸੁਚੇਤ।
ਸਾਗਰ ਤੇ ਮੀਂਹ ਪੈ ਰਿਹਾ ਸੁੰਞੇ ਤੇਰੇ ਖੇਤ।
ਸਾਗ ਵਿਚ ਜਲ ਵਧ ਰਿਹਾ ਮਾਰੂਥਲ ਵਿਚ ਰੇਤ।
ਜ਼ਹਿਰਾਂ ਭਿੱਜੀ ਪੌਣ ਕਿਉਂ ਕੀ ਹੈ ਇਸ ਦਾ ਭੇਤ।
ਜੇਠੋਂ ਵਧਕੇ ਤਪਸ਼ ਹੈ ਹਾੜ੍ਹੋਂ ਵੱਧ ਭੜਾਸ,
ਸੁੱਕਾ ਸੁੱਕਾ ਸਾਉਣ ਕਿਉਂ ਮਹਿਕ ਵਿਹੂਣਾ ਚੇਤ।
ਹੁਣ ਨਾ ਮੇਲੇ ਮਜਲਸਾਂ ਤਣ-ਪੱਤਣ ਨਾ ਪੂਰ,
ਹੋਂਦ ਆਪਣੀ ਨੂੰ ਝੂਰਦੇ ਬੇੜੀ ਅਤੇ ਬਰੇਤ।
ਖੇੜੇ ਕੈਦੋਂ ਰਲ ਗਏ ਘੜ ਲਈ ਨਵੀਂ ਸਕੀਮ,
ਖਾਲੀ ਹੱਥੀਂ ਪਰਤਿਆ ਰਾਂਝਾ ਸਣ ਜਨੇਤ।
ਪੜ੍ਹ ਪੁਸਤਕ ਵਿਗਿਆਨ ਦੀ ਬਣ ਗਏ ਉਹ ਵਿਦਵਾਨ,
ਸੋਚ ਅਸਾਡੀ ਚਰ ਗਏ ਬਾਬੇ ਭੂਤ ਪਰੇਤ।

## 2. ਗ਼ਜ਼ਲ

ਇਹ ਬੂਟਾ ਮੋਹ ਮੁਹੱਬਤ ਦਾ ਮੇਰੇ ਮੌਲਾ ਹਰਾ ਰੱਖੀਂ।
ਕਿਸੇ ਵੀ ਆਸ ਦਾ ਪੰਛੀ ਕਦੀਂ ਨਾ ਬੇ-ਪਰਾਂ ਰੱਖੀਂ।
ਇਹੀ ਆਧਾਰ ਬਣਨੇ ਹਨ ਇਨ੍ਹਾਂ ਤੋਂ ਹੀ ਮਿਲੂ ਜੀਵਨ,
ਹਵਾ ਪਾਣੀ ਤੇ ਮਿੱਟੀ ਨੂੰ ਬਚਾ ਸਕਦੈਂ, ਬਚਾ ਰੱਖੀਂ।
ਕਦੀ ਤਾਂ ਖੁੱਲ੍ਹਦੀ ਹੋਵੇਗੀ ਨ੍ਹੇਰੇ ਤੋਂ ਇਹ ਲੋਅ ਵਲ ਨੂੰ,
ਸਦਾ ਹੀ ਏਸ ਬਾਰੀ ਨਾਲ ਅਪਣਾ ਰਾਬਤਾ ਰੱਖੀਂ।
ਕਿਸੇ ਮੰਜ਼ਿਲ ਦੀ ਮੂਰਤ ਆਪਣੇ ਮਨ ਵਿਚ ਵਸਾ ਰੱਖੀਂ
ਗਤੀ ਪੈਰਾਂ 'ਚ ਰੱਖੀਂ ਤੂੰ ਤੇ ਹਿੰਮਤ ਹੌਂਸਲਾ ਰੱਖੀਂ
ਸੁਖਾਲਾ ਗੁਜ਼ਰ ਜਾਏਗਾ ਇਹ ਤੇਰਾ ਪੰਧ ਜੀਵਨ ਦਾ
ਸਿਆਣਪ ਸੋਚ ਦਾ ਪੱਲਾ ਤੇ ਮਨ ਵਿਚ ਵਲਵਲਾ ਰੱਖੀਂ
ਅਞਾਣਾਂ ਮਨ ਕਿਸੇ ਮੇਲੇ ਗੁਆਚੇ ਬਾਲ ਵਰਗਾ ਹੈ,
ਇਹਦੀ ਫੋਟੋ ਵੀ ਰੱਖੀਂ ਜੇਬ ਵਿਚ ਅਪਣਾ ਪਤਾ ਰੱਖੀਂ।
ਜਦੋਂ ਬਣਦੀ ਹੈ ਹਉਮੈਂ ਇਹ ਕਦੀ ਭਾਂਬੜ ਫਨ੍ਹਾਂ ਕਰਦੀ,
ਜਿਵੇਂ ਵੀ ਹੋ ਸਕੇ ਇਸ ਅਗਨ ਤੋਂ ਤੂੰ ਫਾਸਲਾ ਰੱਖੀਂ।
ਉਡੀਕ ਉਸ ਦੀ ਤੂੰ ਰੱਖੀਂ ਦਿਲ 'ਚ ਆਪਣੇ ਦਰਦ ਵਾਂਗੂੰ ਹੀ,
ਕੋਈ ਦੀਵਾ ਵੀ ਤੂੰ ਆਪਣੇ ਬਨ੍ਹੇਰੇ 'ਤੇ ਜਗਾ ਰੱਖੀਂ।

## 3. ਗ਼ਜ਼ਲ

ਅਨੋਖੀ ਗੱਲ ਓਹਨਾਂ ਦੀ ਅਨੋਖੀ ਬਾਤ ਪਾਉਂਦੇ ਨੇ।
ਹਨ੍ਹੇਰੇ ਘਰ ਉਨ੍ਹਾਂ ਦੇ ਦੀਪ ਬਣਕੇ ਜਗਮਗਾਉਂਦੇ ਨੇ।
ਇਹ ਖੰਜਰ ਵੀ ਮੈਂ ਖੁਦ ਹੀ ਹਾਂ ਤੇ ਦੁਖ ਦੀ ਰਗ ਵੀ ਮੇਰੀ ਹੈ,
ਕਰਾ ਕੇ ਕਤਲ ਸਾਜ਼ਿਸ਼ ਨਾਲ ਦੂਰੋਂ ਮੁਸਕਰਾਉਂਦੇ ਨੇ।
ਨਹੀਂ ਆਉਂਦੇ ਭੁਚਾਲ ਐਂਵੇਂ ਸਬੱਬ ਕੋਈ ਤਾਂ ਹੋਵੇਗਾ,
ਦਬਾਏ ਜਾ ਰਹੇ ਜ਼ਜ਼ਬੇ ਸਦਾ ਭੜਥੂ ਪੀ ਪਾਉਂਦੇ ਨੇ।
ਇਹ ਡੱਬ ਪਰਚੀਆਂ ਦੇ ਵੀ ਅਜੇ ਤੱਕ ਡੱਬ-ਖੜੱਬੇ ਹਨ
ਸਿਆਣਪ ਤੋਂ ਹਿਮਾਕਤ ਤੀਕ ਆਪਣਾ ਰੰਗ ਵਿਖਾਉਂਦੇ ਨੇ।
ਜਿਦ੍ਹੇ ਹੱਥ ਡੋਰ ਹੈ ਸਾਡੀ ਨਚਾਈ ਜਾ ਰਿਹੈ ਸਭ ਨੂੰ,
ਉਹਦੇ ਨਾਟਕ ਦੇ ਪਾਤਰ ਬਣ ਕੇ ਸਭ ਵੰਝਲੀ ਵਜਾਉਂਦੇ ਨੇ
ਇਹ ਉਹ ਜੰਗਲ ਕਿ ਜਿਸਦੇ ਰੁੱਖ ਬਣਦੇ ਨੇ ਸਦਾ ਕੁਰਸੀ,
ਤੇ ਨੀਰੋ ਵਾਂਗ ਸੜਦਾ ਰੋਮ ਛੱਡ ਬੰਸੀ ਵਜਾਉਂਦੇ ਨੇ।
ਜਦੋਂ ਤੂੰ ਨਾਲ ਹੋਵੇਂ ਤਾਂ ਮੇਰੇ ਇਸ ਮਨ ਦੇ ਮੰਦਰ ਵਿਚ
ਅਨੇਕਾਂ ਦੀਪ ਜਗਦੇ ਨੇ ਤੇ ਜੁਗਨੂੰ ਜਗਮਗਾਉਂਦੇ ਨੇ।

## 4. ਗ਼ਜ਼ਲ

ਨਹੀਂ ਚੇਤਨ ਤਾਂ ਹਰ ਕੱਠ ਹੀ ਨਿਰਾ ਇਕ ਵੱਗ ਬਣਦਾ ਹੈ।
ਕਦੋਂ ਮੰਜਲ ਤੇ ਪੁੱਜਦਾ ਸਖ਼ਸ਼ ਜੋ ਪਿਛਲੱਗ ਬਣਦਾ ਹੈ।
ਇਹ ਮਨ ਅਣਬੁਝ ਬੁਝਾਰਤ ਹੈ ਨਹੀਂ ਬੁੱਝ ਗਈ ਹਾਲੇ,
ਇਹ ਇਕ ਪਲ ਸਾਧ ਹੁੰਦਾ ਹੈ ਤੇ ਅਗਲੇ ਠੱਗ ਬਣਦਾ ਹੈ।
ਇਹ ਜੰਗਲ ਜਜ਼ਬਿਆਂ ਦਾ ਹੈ ਜਿਵੇਂ ਜੰਗਲ ਉਹ ਬਾਸਾਂ ਦਾ,
ਕਦੀ ਇਹ ਬਾਂਸੁਰੀ ਬਣਦੈ ਕਦੀ ਇਹ ਅੱਗ ਬਣਦਾ ਹੈ।
ਜੇ ਵਹਿੰਦਾ ਹੈ ਤਾਂ ਦਰਿਆ ਹੈ ਰਹੇ ਪਾਣੀ ਇਹ ਵਹਿੰਦਾ ਹੀ,
ਖਲੋਤਾ ਬੂਰ ਬਣਦਾ ਹੈ ਤੇ ਜਾਂ ਫਿਰ ਝੱਗ ਬਣਦਾ ਹੈ।
ਜੇ ਦੁਸ਼ਮਣ ਹੈ ਤਾਂ ਦੁਸ਼ਮਣ ਹੈ ਰਹੇ ਉਹ ਦੁਸ਼ਮਣ ਵਾਂਗੂੰ,
ਗਿਲਾ ਏਸੇ ਹੀ ਗੱਲ ਦਾ ਹੈ ਕਿ ਸੱਜਣ ਠੱਗ ਬਣਦਾ ਹੈ।
ਕ੍ਰਿਸ਼ਮਾ ਹੈ ਇਹ ਕੁਦਰਤ ਦਾ ਕਿ ਇਕ ਨਿੱਕਾ ਜਿਹਾ ਜੁਗਨੂੰ
ਹਵਾ ਦੇ ਵਿਚ ਉਡਦਾ ਵੀ ਨਹੀਂ, ਇਹ ਅੱਗ ਬਣਦਾ ਹੈ।

(ਫੋਨ - 94655-74829)



ਕਵਿਤਾ

# ਬੰਦਿਆਂ ਤੇ ਖੰਭਿਆਂ ਵਿਚਲਾ ਫਾਸਲਾ

ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਏਥੇ ਟਾਂਵਾ ਟਾਂਵਾ ਹੀ ਕੋਈ ਘਰ ਹੈ
ਕਿਧਰੇ ਵੀ ਦਿਸਦਾ ਨਹੀਂ
ਚੁਲ੍ਹਿਆਂ ਵਿੱਚੋਂ ਉਠਦਾ ਧੂੰਆਂ।
ਮਕਾਨ ਬਹੁਤ ਹਨ
ਪਿੱਠੀਂ ਇਕ ਦੂਜੇ ਨਾਲ ਜੁੜੇ ਹੋਏ
ਸਿਰੀਂ ਆਪਸ ਵਿਚ ਭਿੜੇ ਹੋਏ।
ਬੁਝੇ ਬਲਬਾਂ ਵਾਲੇ ਬਹੁਤ ਹਨ ਖੰਭੇ
ਭਵਿੱਖ ਹੀਣੇ ਬਹੁਤ ਹਨ ਬੰਦੇ
ਮਿੱਟ ਗਿਆ ਹੈ ਫਾਸਲਾ
ਬੰਦਿਆਂ ਅਤੇ ਖੰਭਿਆਂ ਵਿਚਲਾ
ਲੰਮੀ ਉਮਰ ਦੀ ਕਿਸੇ ਨੂੰ ਅਸੀਸ ਨਾ ਦੇਵੀਂ,
ਏਥੇ ਲੋਕ ਛਿਣਾਂ ਤੇ ਲਮਹਿਆਂ ਵਿਚ ਜੀਂਦੇ
ਥੱਕੇ ਬਲਦ ਵਾਂਗ
ਖਰਾਸ ਜ਼ਿੰਦਗੀ ਦਾ ਪੀਂਹਦੇ।
ਪ੍ਰਕਿਰਤੀ ਦੇ ਆਂਗਣ ਵਿਚ ਹਨ-
ਸਤਰੰਗ, ਸਤਸੰਗੀਤ, ਸਤਪਾਣੀ, ਬਰਸਾਤ
ਕੀ ਤੁਹਾਨੂੰ ਉਕਾਊ ਨਹੀਂ ਲਗਦੀ
ਰੋਜ਼ ਇਕ ਹੀ ਡੰਡੋਤ, ਆਰਤੀ, ਅਰਦਾਸ?
ਕੀ ਤੁਸੀਂ ਵੇਖਿਆ ਹੈ-
ਪਹਿਲੀ ਬਾਰਸ਼ ਤੋਂ ਬਾਅਦ
ਬਿਰਖਾਂ ਦੇ ਨਹਾਤੇ ਹੋਏ ਪੱਤਿਆਂ ਵਿੱਚ
ਸੂਰਜ ਦਾ ਖਿੜਿਆ ਮੁਖੜਾ?
ਸੜਕ ਉੱਤੇ ਝੜੀਆਂ ਹੋਈਆਂ
ਫੁੱਲ ਪੱਤੀਆਂ ਉੱਤੋਂ
ਬਚਾ ਬਚਾ ਕੇ ਪੱਬ ਧਰਦਾ ਹੈ
ਕੋਮਲ ਚਿੱਤ ਕਵੀ।

ਤੁਸੀਂ ਕਿਵੇਂ ਲੰਘ ਜਾਂਦੇ ਹੋ
ਭਾਰੇ ਬੂਟਾਂ ਨਾਲ ਮਿਧਦੇ ਸੋਹਲ ਕਲੀਆਂ।
ਕੀ ਤੁਸੀਂ ਵੇਖਿਆ ਹੈ
ਬਿਰਖਾਂ ਨੂੰ ਸਾਹ ਲੈਂਦੇ, ਗੱਲਾਂ ਕਰਦੇ?
ਕੌਣ ਉਸਦੀ ਪਿੱਠ ਥਾਪੜੇਗਾ
ਜਿਸਦਾ ਨਾ ਅੱਗਾ ਹੈ ਨਾ ਪਿਛਾ
ਸਿਰਫ ਪਿੱਠ ਹੀ ਪਿੱਠ ਹੈ
ਤੇ ਪਿੱਠ ਉੱਤੇ ਹੈ ਸਦੀਆਂ ਦਾ ਭਾਰ?
ਕੌਣ ਪੱਖ ਪੂਰੇਗਾ ਉਸ ਦਾ
ਜਿਹੜਾ ਨਾ ਸੱਜੇ ਪੱਖੀਆਂ ਨੂੰ ਸਵੀਕਾਰ
ਤੇ ਨਾ ਖੱਬੇ ਪੱਖੀਆਂ ਨੂੰ
ਜਿਸ ਦਾ ਸੱਜਾ ਵੀ ਜ਼ਖ਼ਮੀ ਹੈ
ਤੇ ਖੱਬਾ ਵੀ
ਉਹ ਪਿਆ ਹੈ ਰਾਹਤ ਕੈਂਪ ਵਿਚ ਬੇਹਾਲ।
ਕੀ ਤੁਸੀਂ ਦੇਖਿਆ ਹੈ
ਵਗਦੀ ਨਹਿਰ ਦੇ ਪਾਣੀ ਵਿੱਚ
ਮੂੰਹ ਧੋ ਰਹੀ ਫੁੱਲਾਂ ਲੱਦੀ ਡਾਲ?
ਭਲਾ ਕਿੰਨੀ ਕੁ ਉਚਾਈ ਹੁੰਦੀ ਹੈ,
ਚੁਲੀ ਭਰ ਪਾਣੀ ਵਿੱਚ ਨਹਾਉਂਦੀ
ਚਿੜੀ ਦਾ ਉਛਾਲ?
ਕੀ ਤੁਸੀਂ ਵੇਖੀ ਹੈ
ਚਿੜੀ ਦੇ ਬੱਚਿਆਂ ਦੀ ਖੁਲੀ ਚੁੰਜ,
ਭੱਤੇ ਦੀ ਭਾਲ?
ਕੀ ਰਿਸ਼ਤਾ ਹੈ
ਪਰਛਾਈਆਂ ਦਾ ਸੂਰਜ ਨਾਲ
ਬੰਦਰਗਾਹ ਉਤੇ ਖੜੀ ਅਨਾਥ ਬੱਚੀ

ਕਰ ਰਹੀ ਹੈ ਕਿਸ ਦਾ ਇੰਤਜ਼ਾਰ?
ਕੀ ਤੁਸੀਂ ਵੇਖਿਆ ਹੈ
ਹੱਸਦੀ ਹੋਈ ਮੁਟਿਆਰ ਦੀ
ਗੱਲ੍ਹ ਵਿੱਚ ਪੈਂਦਾ ਉਦਾਸ ਟੋਆ?
ਕਿਉਂ ਥੱਕੇ ਕਾਮੇ ਲੋਕਾਂ ਦੇ
ਸੁਪਨਿਆਂ ਉੱਤੇ ਪੈਂਦਾ ਹੈ ਖਾਰਾ ਚੋਆ?
ਠੰਡੇ ਚੁੱਲ੍ਹੇ ਦੀ ਰਾਖ ਵਿਛਾ ਕੇ
ਪਾਈ ਔਸੀਂ,
ਕਿਉਂ ਨਹੀਂ ਦਿੰਦੀ ਰਾਹ?
ਕਿਉਂ ਉਗਦਾ ਹੈ ਸੂਰਜ
ਝੁੱਗੀਆਂ ਦੇ ਉੱਪਰ
ਮੂੰਹ ਲੁਕਾ?
ਕਿਸੇ ਨੇ ਤਾਂ ਜ਼ਰੂਰ ਸੁਣੀ ਹੋਵੇਗੀ
ਸਵਾਰਹੀਣ ਡਾਚੀ ਦੀਆਂ
ਟੱਲੀਆਂ ਦੀ ਟੁਣਕਾਰ?
ਹਾਲੀ ਬਾਕੀ ਹੈ
ਡਾਚੀ ਦੇ ਪੱਗ ਚਿੰਨ੍ਹਾਂ ਦੀ ਨੁਹਾਰ।
ਕਿਸਦੀ ਇੰਤਜ਼ਾਰ ਵਿੱਚ
ਖਿੜਦੇ ਹਨ ਜੰਗਲ ਦੇ ਫੁੱਲ, ਬੀਆਬਾਨ।
ਕੋਈ ਵੀ ਤਾਂ ਨਹੀਂ ਏਥੇ,
ਓਥੇ, ਏਧਰ, ਓਧਰ
ਨਾ ਆਦਮ, ਨਾ ਇਬਾਦਤ, ਨਾ ਈਮਾਨ।
ਫੇਰ ਵੀ ਕੋਈ ਤਾਂ ਹੈ।
ਹਾਂ, ਕੋਈ ਤਾਂ ਹੈ।
ਮੈਂ ਤੇ ਹਾਂ, ਨਾ। •

**(ਕਵਿਤਾ ਭਵਨ, ਮਾਛੀਵਾੜਾ ਰੋਡ,**
**ਸਮਰਾਲਾ-141114**
**ਮੋਬਾਇਲ-94638-08697)**

**ਪੰਜਾਬੀ ਲੋਕਧਾਰਾ ਸਮੀਖਿਆ**
**ਡਾ. ਕਰਮਜੀਤ ਸਿੰਘ**
ਪੰਨੇ 160, ਮੁੱਲ 200/-
ਚੇਤਨਾ ਪ੍ਰਕਾਸ਼ਨ, ਲੁਧਿਆਣਾ

**ਦੇਵਿੰਦਰ ਸਤਿਆਰਥੀ ਦਾ ਲੋਕ-ਕਾਵਿ ਸ਼ਾਸਤਰ**
**ਗੁਰਬਚਨ ਕੌਰ**
ਮਨਪ੍ਰੀਤ ਪ੍ਰਕਾਸ਼ਨ, ਦਿੱਲੀ



ਵਾਹਗਿਓਂ ਪਾਰ
ਪੰਜਾਬੀ ਕਹਾਣੀ

# ਪਨੀਰੀ

ਮੀਰ ਤਨਹਾਂ ਯੂਸਫ਼ੀ

ਵੇਲਾ ਹੱਥੋਂ ਨਿਕਲਦਾ ਜਾ ਰਿਹਾ ਸੀ। ਝੋਨਾ ਲਾਣ ਦੇ ਦਿਨ ਮੁੱਕਦੇ ਜਾ ਰਹੇ ਸਨ ਤੇ ਮੀਰ ਬਖ਼ਸ਼ ਦੇ ਰਕਬੇ ਦਾ ਪੂਰਾ ਇਕ ਕਿੱਲਾ ਅਜੇ ਵੀ ਉਂਜ ਹੀ ਸੱਖਣਾ ਪਿਆ ਹੋਇਆ ਸੀ। ਜ਼ਮੀਨ ਤਿਆਰ ਸੀ। ਖਾਦ ਘੁਲੇ ਗੋਡੇ-ਗੋਡੇ ਖਲੋਤੇ ਪਾਣੀ ਵਾਲਾ ਉਹ ਕਿੱਲਾ, ਪੈਲੀ ਘੱਟ ਤੇ ਛੱਪੜ ਬਹੁਤਾ ਲੱਗ ਰਿਹਾ ਸੀ। ਸਾਫ਼ ਨਜ਼ਰ ਆ ਰਿਹਾ ਸੀ ਪਈ ਆਉਂਦੇ ਦਿਨਾਂ ਦੀ ਸੌਣ ਭਾਦੋਂ ਦੀ ਵਾਛੜ ਨਾਲ ਇਸ ਥਾਂ ਨੇ ਛੱਪੜ ਦਾ ਛੱਪੜ ਈ ਰਹਿਣਾ ਏ ਤੇ ਓੜਕ ਕਣਕਾਂ ਦਾ ਬੀ ਸੁਟਣ ਤਾਈਂ, ਪਾਣੀ ਉੱਡਣ, ਸੁੱਕਣ ਪਿਛੋਂ ਭੋਏਂ ਨੇ ਉੱਕਾ ਪੱਥਰ ਹੋ ਜਾਣਾ ਏ। ਮੀਰ ਬਖ਼ਸ਼ ਨੂੰ ਕੱਖ ਸਮਝ ਨਹੀਂ ਸੀ ਆ ਰਹੀ ਪਈ ਕੀ ਕਰੇ? ਮੁੰਜੀ ਦਾ ਘਾਟਾ ਆਪਣੀ ਥਾਂ, ਕਣਕ ਲਈ ਜ਼ਮੀਨ ਦੀ ਤਿਆਰੀ ਲਈ ਜਿਹੜੀ ਦੂਹਰੀ ਮਿਹਨਤ ਤੇ ਮੁਸ਼ੱਕਤ ਕਰਨੀ ਪਈ ਸੀ, ਉਹ ਵੇਲੇ ਤੋਂ ਪਹਿਲਾਂ ਹੀ ਭੂਤ ਬਣ-ਬਣ ਉਨ੍ਹਾਂ ਨੂੰ ਡਰਾ ਰਹੀ ਸੀ।

ਆਪਣੇ ਪਿੰਡ ਵਾਲਿਆ ਨੇ ਹੁੱਸੜ ਤੇ ਚਮਾਸੇ ਦੀ ਪਰਵਾਹ ਕੀਤੇ ਬਿਨਾਂ ਪਨੀਰੀ ਦਾ ਇਕ ਇਕ ਤੀਲਾ ਗੱਡ ਲਿਆ ਹੋਇਆ ਸੀ ਤੇ ਆਲੇ-ਦਵਾਲੇ ਦੇ ਸਾਰੇ ਪਿੰਡਾਂ ਤੋਂ ਕਿਧਰੋਂ ਵੀ ਕੋਈ ਵਾਤ ਨਹੀਂ ਸੀ ਪਈ ਪੈਂਦੀ, ਇਹੋਂ ਜਿਹੇ ਵੇਲੇ ਮੌਲਵੀ ਅਬਦੁਲ ਖਾਲਕ ਹੀ ਕੰਮ ਆਉਂਦਾ ਹੁੰਦਾ ਸੀ, ਪਰ ਉਹ ਪਿਛਲੇ ਕਈ ਦਿਨਾਂ ਤੋਂ ਖੌਰੇ ਕਿੱਧਰ ਗਿਆ ਹੋਇਆ ਸੀ।

ਸੋਚਾਂ ਦੇ ਵੇਲਣੇ ਵਿਚ ਦਲਿਆ, ਮੀਰ ਬਖ਼ਸ਼ ਰੋਟੀ ਖਾਣ ਲਗਦਾ ਤਾਂ ਬੁਰਕੀ ਸੰਘੋਂ ਥੱਲੇ ਨਾ ਲਹਿੰਦੀ। ਉਹਦੇ ਕੋਲ ਮਿਲ ਮਿਲਾ ਕੇ ਸਾਢੇ ਤਿੰਨ ਕਿੱਲੇ ਤਾਂ ਸੀ ਜਿਹਦੇ ਵਿੱਚੋਂ ਉਹਨੇ ਸਾਰੇ ਸਾਲ ਦੀ ਰੋਟੀ, ਕੱਪੜੇ ਤੇ ਦਵਾਈਆਂ ਜੋਗਾ ਖੱਟਣਾ ਹੁੰਦਾ ਸੀ। ਇਸੇ ਗੁਰਬਤ ਹੱਥੋਂ ਉਹਨੇ ਨਾ ਮੁੰਡੇ, ਨਾ ਕੁੜੀਆਂ ਕਿਸੇ ਨਿਆਣੇ ਨੂੰ ਸਕੂਲ ਦਾ ਮੂੰਹ ਨਹੀਂ ਸੀ ਵਿਖਾਇਆ। ਆਪਣੇ ਰਕਬੇ ਦੀ ਅੱਧੀ ਪੈਲੀ ਵਿਚ ਉਹਨੇ ਸਬਜ਼ੀਆਂ ਲਾਈਆਂ ਹੋਈਆਂ ਸਨ ਜਿਹਨਾਂ ਨੂੰ ਟੋਕਰਾ-ਟੋਕਰਾ ਵੇਚ ਕੇ ਉਹ ਰੋਜ਼ ਦੇ ਰੋਜ਼ ਲੋੜੀਦੀਆਂ ਚੀਜ਼ਾਂ ਘਰ ਲਿਆਉਂਦਾ ਸੀ। ਢਾਈ ਕਿੱਲੇ ਉਹਨੇ ਕਣਕ ਤੇ ਚਾਵਲਾਂ ਲਈ ਛੱਡੇ ਹੋਏ ਸਨ। ਇਨ੍ਹਾਂ ਢਾਈ ਪੈਲੀਆਂ ਦੀ ਕਮਾਈ ਨਾਲ ਉਹ ਘਰ ਦੇ ਦੂਜੇ ਬਖੇੜੇ ਨਿਬੇੜਦਾ ਸੀ।

ਮੌਲਵੀ ਅਬਦੁਲ ਖਾਲਕ, ਮੀਰ ਬਖ਼ਸ਼ ਦਾ ਬਚਪਨ ਦਾ ਯਾਰ ਤੇ ਇਕ ਵੱਖਰੀ ਜਿਹੀ, ਅਨੋਖੀ, ਅਸਚਰਜ ਰੂਹ ਸੀ। ਲੋਕ ਮਖੌਲ ਵਿਚ ਉਹਨੂੰ ਜਹਾਨੀਆਂ ਜਹਾਂ ਗਸ਼ਤ ਦਾ ਮਰੀਦ ਆਖਦੇ ਸਨ।

ਮੌਲਵੀ ਦੇ ਪੈਰਾਂ ਵਿਚ ਜਿਵੇਂ ਬਿੱਲੀਆਂ ਬੱਧੀਆਂ ਹੋਈਆਂ ਸਨ। ਉਹ ਪਹਿਲਾਂ ਵੀ ਘੱਟ ਨਹੀਂ ਸੀ ਕਰਦਾ ਪਰ ਜਦੋਂ ਦੀ ਪਿੰਡ ਵਾਲੀ ਮਸਜਦ ਉਹਦੇ ਵੱਡੇ ਮੁੰਡੇ ਨੇ ਸਾਂਭ ਲਈ ਸੀ, ਮੌਲਵੀ ਅਬਦੁਲ ਖਾਲਕ ਪਿੰਡ ਵਿਚ ਟਿਕਦਾ ਹੀ ਨਹੀਂ ਸੀ। ਕੋਈ ਪੁੱਛਦਾ ਤਾਂ ਕਹਿੰਦਾ, "ਫਿਰਨ ਟੁਰਨ ਨਾਲ ਅੱਲਾ ਸਥਾਨਾ ਤਾਲਾ ਦੀ ਮਖਲੂਕਾਤ ਬਾਰੇ ਜਿਆਦਾ ਤੋਂ ਜਿਆਦਾ ਇਲਮ ਹਾਸਲ ਹੁੰਦਾ ਏ। ਬੰਦਾ ਰੰਗ ਰੰਗ ਦੇ ਇਨਸਾਨਾਂ ਨੂੰ ਮਿਲਦਾ ਏ, ਵੰਨ ਸਵੰਨੇ ਨਜ਼ਾਰੇ ਵੇਖਦਾ ਏ? ਪਰਿੰਦੇ ਚਰਿੰਦ ਤੇ ਦਰਿੰਦ ਬਾਰੇ ਜਾਣਕਾਰੀ ਹੁੰਦੀ ਏ, ਠੰਡ ਤੱਤ ਦਾ ਪਤਾ ਲਗਦਾ ਏ, ਇਹ ਸਭ ਰੱਬ ਸੋਹਣੇ ਦੀਆਂ ਨਿਸ਼ਾਨੀਆਂ ਨੇ ਤੇ ਇਨ੍ਹਾਂ ਨਿਸ਼ਾਨੀਆਂ ਤੋਂ ਬੰਦੇ ਨੂੰ ਉਹਦੀ ਜਾਤ ਬਾਬਰਕਾਤ ਦੇ ਅਸਰਾਰ ਸਮਝਣ ਵਿਚ ਸਹੂਲਤ ਹੁੰਦੀ।"

ਸੁਨਣ ਵਾਲਾ, "ਜੀ ਮੌਲਵ ਜੀ! ਠੀਕ ਏ।" ਆਖ ਕੇ ਇਹ ਤਕਰੀਰ ਰਾਹ ਵਿਚ ਈ ਟੁੱਕ ਦੇਂਦਾ, ਸਲਾਮ ਕਰਦਾ ਤੇ ਜਿਵੇਂ ਜਾਨ ਛੁਡਾ ਕੇ ਨੱਸ ਖਲੋਂਦਾ।

ਉਸ ਦਿਨ ਪਹੇ ਦੇ ਬੰਨੇ ਬੈਠੇ ਹੁੱਕਾ ਗੜ੍ਹਕਾਂਦੇ ਮੀਰ ਬਖਸ਼ ਦੀ ਮੌਲਵੀ ਨਾਲ ਖੌਰੇ ਮੁਲਾਕਾਤ ਨਾ ਹੀ ਹੁੰਦੀ ਪਰ ਇਕ ਤਾਂ ਡੂੰਘੀ ਡੀਗਰ ਹੋ ਜਾਣ ਪਿਛੋਂ ਵੀ ਉਹਦਾ ਘਰ ਵਲ ਜਾਣ ਨੂੰ ਦਿਲ ਨਹੀਂ ਸੀ ਪਿਆ ਕਰਦਾ ਕਿ ਉਥੇ ਘਰ ਵਾਲੀ ਨੇ ਫੇਰ ਉਹਨੂੰ ਪੁੱਛਣਾ ਸੀ, "ਕੋਈ ਬੰਦੋਬਸਤ ਹੋਇਆ ਜੇ?" ਤੇ ਉਹਦੇ ਕੋਲ ਇਹਦਾ ਕੋਈ ਜਵਾਬ ਨਹੀਂ ਸੀ। ਦੂਜਾ ਬੜੇ ਦਿਨਾਂ ਪਿਛੋਂ ਹਵਾ ਵਿਚ ਜ਼ਰਾ ਕੁ ਠੰਡਾ ਬੁੱਲਾ ਚਲ ਰਿਹਾ ਸੀ, ਲਗਦਾ ਸੀ ਦੂਰ ਕਿਧਰੇ ਸੌਣ ਦੇ ਬੱਦਲਾਂ ਤੇ ਅਗੇਤਰੇ ਸਾਥੀਆਂ ਨੇ ਭੋਏਂ ਨੂੰ ਤਰੌਂਕਾ ਦਿੱਤਾ ਸੀ। ਮੀਰ ਬਖਸ਼ ਕਿੰਨੀ ਹੀ ਦੇਰ ਦਾ ਉਥੇ ਬੈਠਾ ਚੜ੍ਹਦੇ ਵਲ ਦੇ ਅਸਮਾਨ ਉੱਤੇ ਬੱਦਲ ਲੱਭਦਾ ਪਿਆ ਸੀ, ਜਿਹੜੇ ਨਜ਼ਰੀਂ ਤਾਂ ਨਹੀਂ ਸਨ ਪੈਂਦੇ ਪਰ ਪੁਰੇ ਵਿਚ ਆਪਣੀ ਹੋਂਦ ਦਾ ਪੂਰਾ ਪਤਾ ਦੇ ਰਹੇ ਸਨ।

ਮੌਲਵੀ ਅਬਦੁਲ ਖਾਲਕ ਨੂੰ ਫਿਰਨ ਤੁਰਨ ਦਾ ਝੱਲ ਸੀ। ਉਹ ਸੱਚੀ ਮੁੱਚੀ ਨਿਰਾ ਫਿਰਦਾ ਤੇ ਤੁਰਦਾ ਈ ਹੁੰਦਾ ਸੀ, ਟਾਂਗੇ, ਗੱਡੀਆਂ, ਸਾਈਕਲ, ਬੱਸਾਂ, ਟਰੱਕ, ਟਰਾਲੀਆਂ, ਕਾਰਾਂ, ਰਿਕਸ਼ੇ ਤੇ ਇੰਝ ਦੀਆਂ ਦੀ ਹੋਰ ਉਹ ਸ਼ੈਆਂ ਜਿਹਨਾਂ ਤੋਂ ਬਹੁਤ ਅੱਗੇ ਲੰਘ ਕੇ ਅਜੋਕੇ ਇਨਸਾਨ ਹੈਲੀਕਾਪਟਰਾਂ, ਹਵਾਈ ਜਹਾਜ਼ ਤੇ ਰਾਕਟਾਂ ਤਾਈਂ ਅੱਪੜ ਗਏ ਸਨ। ਉਹਦੇ ਲਈ ਉੱਕਾ ਬੇਕਾਰ ਤੇ ਫਿਜ਼ੂਲ ਚੀਜ਼ਾਂ ਸਨ। ਉਹ ਆਪਣੇ ਪੈਰਾਂ ਨਾਲ ਪੰਧ ਕੱਟਣ ਦਾ ਗਿੱਝਿਆ ਹੋਇਆ ਸੀ। ਉਹ ਕਹਿੰਦਾ ਸੀ, "ਇਨਸਾਨ ਦੀ ਅੱਖ ਜੋ ਕੁਝ ਵੇਖਦੀ ਏ ਉਹਨੂੰ ਸਮਝਣ ਵਿਚ ਦਿਮਾਗ ਜ਼ਰਾ ਥੋੜ੍ਹੀ ਕੀ ਦੇਰ ਲਾਉਂਦਾ ਏ। ਚੁਨਾਂਚਿ ਪੈਦਲ ਬੰਦਾ ਆਪਣੇ ਇਰਦ-ਗਿਰਦ ਦੇ ਮਾਹੌਲ ਦਾ ਮਾਸ਼ਹਦਾ ਜਿੰਨੀ ਚੰਗੀ ਤਰ੍ਹਾਂ ਕਰ ਸਕਦਾ ਏ, ਉਹ ਸਵਾਰ ਦੇ ਨਸੀਬ ਵਿਚ ਨਹੀਂ। ਤੇਜ਼ ਰਫਤਾਰੀ ਨਾਲ ਅੱਖ ਅੱਗੇ ਨੂੰ ਨਿਕਲ ਜਾਂਦੀ ਏ ਤੇ ਦਿਮਾਗ ਵਿਚਾਰਾ ਪਿੱਛੇ ਭੰਬਲ ਭੂਸੇ ਵਿਚ ਖਾਂਦਾ ਰਹਿ ਜਾਂਦਾ ਏ। ਪੈਦਲ ਬੰਦਾ ਜੋ ਕੁਝ ਵੇਖਦਾ ਏ ਉਹ ਸੱਚੀ-ਮੁੱਚੀ ਵੇਖਦਾ ਏ, ਤੇ ਸਵਾਰੀ ਉੱਤੇ ਬੈਠੇ ਨੂੰ ਐਵੇਂ ਇਕ ਝਲਕ ਈ ਲੱਭਦੀ ਏ। ਜਿਵੇਂ ਕੋਈ ਸੁਫਨਾ ਆਇਆ ਤੇ ਲੰਘ ਗਿਆ। ਬਾਅਦ ਵਿਚ ਉਹ ਸੋਚਦਾ ਈ ਰਹਿੰਦਾ ਏ ਪਈ ਕੀ ਨਜ਼ਰੀਂ ਪਿਆ ਸੀ ਤੇ ਜੋ ਵੀ ਉਹ ਹੈ ਸੀ ਉਹਦਾ ਮਤਲਬ, ਉਹਦੀ ਹਕੀਕਤ ਕੀ ਸੀ?"

ਸੁਣਨ ਵਾਲਾ, "ਜੀ ਮੌਲਵੀ ਜੀ! ਸੱਚ ਆਖ ਕੇ ਇਧਰ-ਉਧਰ ਹੋਣ ਲੱਗਦਾ ਏ ਤੇ ਮੌਲਵੀ ਅਬਦੁਲ ਖਾਲਕ ਕਹਿੰਦਾ ਹੈ, "ਖਲੋ ਜਾ ਭਲਿਆ। ਵੇਖ ਨਾ, ਪਿਛਲੇ ਜ਼ਮਾਨਿਆਂ ਦੇ ਲੋਕ... ਮੇਰਾ ਮਤਲਬ ਏ ਆਪਣੇ ਵਾਰਿਸ ਸ਼ਾਹ, ਬੁੱਲਾ ਸ਼ਾਹ, ਮੀਆਂ ਮੁਹੰਮਦ ਬਖਸ਼....... ਅਖੇ "ਕਿੱਕਰ ਤੇ ਅੰਗੂਰ ਚੜ੍ਹਾਇਆ, ਹਰ ਗੁੱਛਾ ਜ਼ਖ਼ਮਾਇਆ" ਤੂੰ ਆਪ ਈ ਸੋਚ। ਜੇ ਮੀਆਂ ਹੁਰਾਂ ਨੀਝ ਲਾ ਕੇ ਨਾ ਵੇਖਿਆ ਹੁੰਦਾ ਤਾਂ ਕਿੰਝ ਜਾਣ ਸਕਦੇ ਸਨ ਪਈ ਕਿੱਕਰ ਤੇ ਅੰਗੂਰ ਦੀ ਯਾਰੀ ਕੀ ਹੁੰਦੀ ਏ ਤੇ ਉਹ ਕਾਹਨੂੰ ਨਹੀਂ ਨਿਭ ਸਕਦੀ। ਵਾਰਿਸ ਸ਼ਾਹ ਨੇ ਪਿੰਡ-ਪਿੰਡ ਨਾ ਫਿਰਿਆ ਹੁੰਦਾ ਤਾਂ 'ਹੀਰ' ਵਿਚ ਵਰਤੀ ਪੰਜਾਬੀ ਦੀ ਸੱਤਰੰਗੀ ਪੀਂਘ ਕਿੱਥੋਂ ਹੁਲਾਰੇ ਲੈਂਦੀ ਹੋਈ ਦਿਸਣੀ ਸੀ। ਬਾਬਾ ਬੁੱਲਾ ਉਥੇ ਕਸੂਰ ਵਿਚ ਈ ਰਿਹਾ ਹੁੰਦਾ ਤਾਂ ਉਹ ਕਾਫ਼ੀਆਂ ਜਿਹੜੀਆਂ ਕਲੇਜਾ ਚੀਰ ਜਾਂਦੀਆਂ ਨੇ, ਕਿੱਥੋਂ ਲਿਖਦਾ...। ਭਾਈਆ ਫਿਰਿਆ ਤੁਰਿਆ ਕਰ....।"

ਦਿਲ ਦਾ ਵੇਲਾ ਡੀਗਰ ਦੀ ਕੰਧ ਚੜ੍ਹ ਕੇ ਸ਼ਾਮ ਦੇ ਕਿੰਗਰੇ ਨੂੰ ਹੱਥ ਪਾਣ ਈ ਵਾਲਾ ਸੀ ਜਦੋਂ ਮੀਰ



ਬਖਸ਼ ਨੇ ਦੂਰੋਂ ਮੌਲਵੀ ਅਬਦੁਲ ਖਾਲਕ ਨੂੰ ਵੇਖਿਆ, ਜਿਹੜਾ ਮਜ਼ੇ ਨਾਲ ਤੁਰਦਾ-ਤੁਰਦਾ ਵੱਡੀ ਸੜਕ ਵਲੋਂ ਪਿੰਡ ਨੂੰ ਪਿਆ ਆਂਵਦਾ ਸੀ।

ਮੀਰ ਬਖਸ਼ ਨੇ ਸਲਾਮ ਵਿਚ ਪਹਿਲ ਕੀਤੀ, ਖਲੋ ਗਿਆ। ਜਵਾਬ ਦੇ ਕੇ ਮੌਲਵੀ ਅਬਦੁਲ ਖਾਲਕ ਨੇ ਜੱਫਾ ਪਾ ਕੇ ਹਾਲ ਪੁੱਛਿਆ।

ਮੀਰ ਬਖਸ਼ ਰਵਾ-ਰਵੀ ਵਿਚ ਕਹਿ ਗਿਆ, "ਅੱਲਾ ਦਾ ਸ਼ੁਕਰ ਏ। ਤੂੰ ਸੁਣਾ।"

"ਖੈਰ.... ਸੁੱਖ। ਅਲਹਮਦ ਲਿਲਾ! ਹੋਰ ਕੀ ਹਾਲ ਏ।" ਮੌਲਵੀ ਅਬਦੁਲ ਕਾਲਕ ਬੰਨੇ ਦੇ ਹਰੇ-ਹਰੇ ਘਾਹ ਉੱਤੇ ਬਹਿ ਗਿਆ।

"ਸਭ ਠੀਕ ਏ...।" ਮੀਰ ਬਖਸ਼ ਵੀ ਬਹਿ ਗਿਆ ਤੇ ਹੁੱਕੇ ਦੀ ਨਲੀ ਫੜ ਲਈ।

"ਯਾਰ ਮੀਰ ਬਖਸ਼ਾ!.... ਤੈਨੂੰ ਉਂਝ ਸ਼ਰਮ ਤਾਂ ਨਹੀਂ ਆਉਂਦੀ। ਬਚਪਨ ਦਾ ਸਾਥੀ ਹੋ ਕੇ ਵੀ ਝੂਠ ਪਿਆ ਮਾਰਨਾ ਏ।" ਮੌਲਵੀ ਅਬਦੁਲ ਖਾਲਕ ਵੱਖੀਓਂ ਬੋਲਿਆ।

"ਨਹੀਂ ਯਾਰ ਮੌਲਵੀ! ਆਖਿਆ ਏ ਨਾ ਸਭ ਖੈਰ ਏ।" ਮੀਰ ਬਖਸ਼ ਨੇ ਮੌਲਵੀ ਅਬਦੁਲ ਖਾਲਕ ਨਾਲ ਅੱਖਾਂ ਮਿਲਾਏ ਬਿਨਾਂ ਜਵਾਬ ਦੇ ਕੇ ਚੰਗਾ ਭਰਵਾਂ ਸੂਟ ਲਾਇਆ।

"ਚੱਲ ਠੀਕ ਏ! ਤੂੰ ਕਹਿਨਾ ਏ ਸਭ ਠੀਕ ਏ ਤੇ ਮੈਂ ਵੀ ਮੰਨ ਲੈਂਦਾ ਵਾਂ। ਪਰ ਮੈਂ ਤੈਨੂੰ ਪੂਰੀਆਂ ਇਕ ਦਰਜਨ ਦਲੀਲਾਂ ਦੇ ਕੇ ਇਹ ਸਾਬਤ ਕਰ ਸਕਨਾ ਵਾਂ ਕਿ ਸਭ ਠੀਕ ਨਹੀਂ ਏ... ਹੁਣ ਇਹ ਬਕਵਾਸ ਇਕ ਪਾਸੇ ਕਰ ਤੇ ਅਸਲੀ ਗੱਲ ਦੱਸ.... ਬਿਰਕ ਪਓ।" ਮੌਲਵੀ ਬੜਾ ਪੋਲਾ-ਪੋਲਾ, ਪਿਆਰ ਤੇ ਝੂਠੇ ਮੂਠੇ ਗੁੱਸੇ ਨਾਲ ਬੋਲੀ ਗਿਆ।

ਮੀਰ ਬਖਸ਼ ਜ਼ਰਾ ਕੁ ਹੱਸਿਆ ਤੇ ਬੋਲਿਆ, "ਮੌਲਵੀ ਉਂਝ ਤੂੰ ਹੈ ਬੜਾ ਖਚਰਾ। ਤੇ ਨਾਲ ਈ ਉਹਨੇ ਆਪਣੇ ਖਾਲੀ ਕਿੱਲੇ ਵੱਲ ਉਂਗਲ ਚੁੱਕ ਦਿੱਤੀ।

ਮੌਲਵੀ ਅਬਦੁਲ ਖਾਲਕ ਨੇ ਨਜ਼ਰ ਭਰ ਕੇ ਪੈਲੀ ਵੱਲ ਵੇਖਿਆ, ਸੱਜੇ ਖੱਬੇ ਧਿਆਨ ਮਾਰਿਆ ਤੇ ਬੋਲਿਆ, "ਤੈਨੂੰ ਤਾਂ ਮੈਂ ਪਹਿਲੋਂ ਈ ਆਖਿਆ ਸੀ, ਪਈ ਥੁੜ ਜਾਣੀ ਏ ਪਰ ਤੂੰ ਕਦੇ ਕਿਸੇ ਦੀ ਸੁਣੀ ਏ, ਉਹੋ ਈ ਹੋਇਆ ਏ ਨਾ।"

ਆਹੋ ਯਾਰ! ਪਰ ਹੁਣ....? ਮੀਰ ਬਖਸ਼ ਜ਼ਰਾ ਕੁ ਪਚੀ ਜਿਹਾ ਹੋ ਗਿਆ।

"ਚਲ ਖੈਰ ਏ...। ਲਿਆ ਹੁੱਕਾ ਏਧਰ ਕਰ...." ਮੌਲਵੀ ਅਬਦੁਲ ਖਾਲਕ ਸੂਟਾ ਲਾਂਦਾ-ਲਾਂਦਾ ਰਹਿ ਗਿਆ, ਨੜੀ ਛੱਡੀ ਤੇ ਬੋਲਿਆ, "ਨਹੀਂ ਯਾਰ! ਨਮਾਜ ਪੜ੍ਹਨੀ ਏ, ਮੂੰਹ ਵਿਚੋਂ ਐਵੇਂ ਈ ਬੋ ਪਈ ਆਵੇਗੀ.... ਮਗਰਬ ਹੋਣ ਵਾਲੀ ਏ ਮੈਂ ਚਲਨਾਂ ਵਾਂ... ਅੱਜ ਦੀ ਮਗਰਬ ਖੁੰਝ ਗਈ ਤਾਂ ਕੱਲ ਨਹੀਂ ਲੱਭਣ ਲੱਗੀ। ਤੂੰ ਇੰਝ ਕਰ ਈਸਾ ਤੋਂ ਬਾਅਦ ਹੁੱਕੇ ਸਣੇ..... ਇਹ ਜ਼ਰਾ ਤਾਜ਼ਾ ਕਰ ਕੇ... ਆ ਜਾਵੀਂ। ਉਦੋਂ ਹੁੱਕਾ ਗੁੜਕਾਵਾਂਗੇ, ਗੱਲਾਂ ਕਰਾਂਗੇ ਨਾਲੇ ਤੇਰੇ ਮਸਲੇ ਦਾ ਹਲ.... ਹਲ ਤੇ ਹੈ ਵੇ ਮੇਰੇ ਕੋਲ... ਚੰਗਾ ਹੁਣ ਮੈਂ ਚਲਨਾ ਵਾਂ।" ਉਹ ਖਲੋ ਗਿਆ। ਟੁਰਨ ਲੱਗਾ ਤੇ ਮੁੜ ਕੇ ਬੋਲਿਆ, "ਸਗੋਂ ਚੱਲ ਉੱਠ... ਕਦੀਂ ਤੂੰ ਵੀ ਮੱਥਾ ਟੇਕ ਲਿਆ ਕਰ ਜਾਂ ਮੁਆਫ ਕਰਾ ਕੇ ਆਇਆ ਹੋਇਆ ਏ।"

ਮੀਰ ਬਖਸ਼ ਉੱਠ ਖਲੋਤਾ। ਉਹ ਦੋਵੇਂ ਏਧਰ-ਉਧਰ ਦੀਆਂ ਗੱਲਾਂ ਕਰਦੇ ਮਸਜਦ ਜਾ ਵੜੇ। ਨਮਾਜ਼ ਪੜ੍ਹ ਕੇ ਮੀਰ ਬਖਸ਼ ਘਰ ਆ ਗਿਆ, ਰੋਟੀ ਖਾਧੀ ਤੇ ਸੋਚਦਾ ਰਿਹਾ ਪਈ ਮੌਲਵੀ ਨੇ ਗੱਲ ਤ

ਕੋਈ ਦੱਸੀ ਨਹੀਂ, ਨਿਰੀ ਤਸੱਲੀ ਈ ਦੇਂਦਾ ਰਿਹਾ ਏ।

ਈਸਾ ਤੋਂ ਮਗਰੋਂ ਮੌਲਵੀ ਨੇ ਗੱਲਾਂ ਦੀ ਨਵੀਂ ਪਟਾਰੀ ਖੋਲ੍ਹੀ। ਵਿਚ ਜਿਹੇ ਸਾਹ ਲੈਣ ਉਹ ਰੁਕਿਆ ਤਾਂ ਮੀਰ ਬਖਸ਼ ਆਪਣੀ ਗੱਲ ਅੱਗੇ ਰੇੜ੍ਹ ਦਿੱਤੀ। ਮੌਲਵੀ ਬੋਲਿਆ, "ਏਥੋਂ ਕੋਈ ਪੰਦਰਾਂ ਜਾਂ ਸੋਲ੍ਹਾਂ ਮੀਲ ਦਾ ਪੈਂਡਾ ਏ, ਉਥੇ ਆਸ਼ਕ ਗੁੱਜਰ ਕੋਲ ਮੈਂ ਪਨੀਰੀ ਵੇਖੀ ਏ। ਮੈਨੂੰ ਯਕੀਨ ਏ ਪਈ ਉਹ ਦੇ ਦੇਵੇਗਾ।

"ਇਹ ਤੂੰ ਕਿੰਝ ਕਹਿ ਸਕਦਾ ਏਂ। ਮੀਰ ਬਖਸ਼ ਐਵੇਂ ਈ ਬੋਲ ਪਿਆ।

"ਯਾਰ ਦੇ ਦੇਵੇਗਾ। ਮੈਂ ਆਖਿਆ ਏ ਨਾ। ਜੇ ਉਹਨੇ ਕੋਈ ਹੁਚਰ ਮੁਚਰ ਕੀਤੀ ਤਾਂ ਮੇਰਾ ਨਾਂ ਲਵੀਂ, ਉਹ ਮੈਨੂੰ ਥੋੜ੍ਹਾ ਬਹੁਤ ਜਾਣਦਾ ਏ। ਉਹਦਾ ਇਕ ਮਸਲਾ ਸੀ.... ਖ਼ੈਰ ਬੰਦਾ ਈ ਬੰਦੇ ਦੇ ਕੰਮ ਆਉਂਦਾ ਏ।" ਮੌਲਵੀ ਆਖਿਆ।

"ਤੇ ਫੇਰ ਮੈਂ ਸਵੇਰੇ ਈ ਨਿਕਲ ਜਾਵਾਂ?" ਮੀਰ ਬਖਸ਼ ਨੇ ਪੁੱਛਿਆ।

"ਲੈ ਤੇ ਹੋਰ ਕੀ।" ਮੌਲਵੀ ਹੁੱਕੇ ਦਾ ਘੁੱਟ ਭਰ ਕੇ ਬੋਲਿਆ। "ਦੁਪਹਿਰਾਂ ਤਾਈਂ ਮੁੜ ਆਵੇਗਾ। ਅੱਲਾ ਕੀਤਾ ਤੇ ਪਰਸੋਂ ਤੇਰੀ ਪੈਲੀ... ਇਹ ਭਰੀ ਭਰੀ, ਹਰੀ-ਹਰੀ ਹੋ ਜਾਵੇਗੀ।" ਮੌਲਵੀ ਇਕ ਹੋਰ ਸੂਟਾ ਲਾਇਆ।

ਥੋੜ੍ਹੀ ਦੇਰ ਹੋਰ ਬਹਿ ਕੇ ਮੀਰ ਬਖਸ਼ ਉਠ ਆਇਆ। ਹੁਣ ਉਹਨੂੰ ਸੌਣ ਦਾ ਕਾਹਲ ਸੀ ਪਈ ਸਵੇਰੇ, ਬਹੁਤ ਈ ਸਵੇਰੇ-ਸਵੇਰੇ ਉੱਠਣਾ ਏ। ਪਰ ਮੰਜੀ ਉੱਤੇ ਪੈ ਕੇ ਵੀ ਉਹਨੂੰ ਨੀਂਦਰ ਨਾ ਆਈ। ਫ਼ਜ਼ਰ ਦੀ ਅਜ਼ਾਨ ਹੋਈ ਤਾਂ ਉਹ ਪੈਸੇ ਬੋਝੇ ਵਿਚ ਪਾ ਕੇ ਰਮਜ਼ਾਨ ਕੋਚਵਾਨ ਦੇ ਬੂਹੇ ਜਾ ਵੱਜਾ।

ਰਮਜ਼ਾਨ ਦੇ ਮਿੱਸੀ ਲੂਣੀ ਖਾਂਦਿਆਂ, ਟਾਂਗਾ ਤਿਆਰ ਕਰਦਿਆਂ, ਸੂਰਜ ਉੱਗਣ ਤੋਂ ਪਹਿਲਾਂ ਦਾ ਚਾਨਣ ਖਿਲਰ ਗਿਆ ਹੋਇਆ ਸੀ।

ਆਸ਼ਕ ਗੁੱਜਰ ਦਾ ਡੇਰਾ ਉਹਦੇ ਪਿੰਡ ਤੋਂ ਫਰਲਾਂਗ ਡੇਢ ਈ ਦੂਰ ਸੀ। ਚਾਰ-ਚੁਫੇਰੇ ਕਾਲੀਨ ਵਾਂਗੂੰ ਵਿਛੀ ਮੁੰਜੀ ਦੀ ਹਰਿਆਲੀ ਵਿਚ ਇਕ ਪੈਲੀ ਕੁਝ ਬਹੁਤੀ ਹੀ ਸੰਘਣੀ-ਸੰਘਣੀ, ਹਰੀ ਕਚੂਰ ਪਈ ਦੂਰੋਂ ਦਿਸਦੀ ਸੀ। ਮੀਰ ਬਖਸ਼ ਨੂੰ ਸੁੱਖ ਦਾ ਸਾਹ ਆਇਆ।

ਆਸ਼ਕ ਗੁੱਜਰ ਉਸ ਵੇਲੇ ਡੇਰੇ ਉੱਤੇ ਨਹੀਂ ਸੀ। ਮੀਰ ਬਖਸ਼ ਨੇ ਰਮਜ਼ਾਨ ਨੂੰ ਟੋਰ ਦਿੱਤਾ ਪਈ ਐਵੇਂ ਈ ਉਡੀਕਣ ਦਾ ਕਿਰਾਇਆ ਵੀ ਭਰਨਾ ਪਵੇਗਾ। ਨਾਲੇ ਕੀ ਪਤਾ ਕੰਮ ਬਣਦਾ ਏ, ਨਹੀਂ ਬਣਦਾ...। ਆਸ਼ਕ ਦੀ ਮਰਜ਼ੀ ਦੇਵੇ ਨਾ ਦੇਵੇ। ਆਸ਼ਕ ਗੁੱਜਰ ਕਿਧਰੇ ਸਾਢੇ ਯਾਰ੍ਹਾਂ, ਬਾਰ੍ਹਾਂ ਵਜੇ ਨਾਲ ਆਇਆ।

ਮੀਰ ਬਖਸ਼ ਤਾਂ ਹੈਰਾਨ ਈ ਰਹਿ ਗਿਆ, ਆਉਂਦੇ ਸਾਰ ਧੰਨ ਭਾਗ ਮੇਰੇ, ਕਹਿ ਕੇ ਮਿਲਿਆ, ਮੀਰ ਬਖਸ਼ ਨੂੰ ਜੱਫਾ ਪਾਇਆ, ਮੁੰਡੇ ਘਰ ਵੱਲ ਨਸਾਏ। ਠੰਡਾ ਦੁੱਧ ਸੋਡਾ ਬਣਵਾ ਕੇ ਲਿਆਵਣ ਦਾ ਆਖ ਕੇ ਨਾਲ ਈ ਰੋਟੀ ਦਾ ਸੁਨੇਹਾ ਵੀ ਦੇ ਦਿੱਤਾ। ਆਪ ਮੀਰ ਬਖਸ਼ ਲਈ ਸੂਤਰੀ ਮੰਜੀ ਡਾਹੀ।

ਮੀਰ ਬਖਸ਼ ਭਵੰਤਰਿਆਂ ਹੋਇਆ ਜਿਵੇਂ ਤਮਾਸ਼ਾ ਈ ਵੇਖਦਾ ਰਿਹਾ। ਜਿਵੇਂ ਇਹ ਸਭ ਕੁਝ ਆਪ ਉਹਦੇ ਨਾਲ ਨਹੀਂ ਕਿਸੇ ਹੋਰ ਨਾਲ ਪਿਆ ਹੁੰਦਾ ਏ। ਆਸ਼ਕ ਗੁੱਜਰ ਜੋ ਕੁਝ ਉਹਦੇ ਨਾਲ ਕਰ ਰਿਹਾ ਸੀ, ਇੰਝ ਹੁੰਦਾ ਹੋਇਆ, ਵੇਖਣਾ ਤਾਂ ਦੂਰ ਦੀ ਗੱਲ ਏ, ਸੋਚਣਾ ਵੀ ਜ਼ਰਾ ਔਖਾ ਈ ਸੀ। ਮੀਰ ਬਖਸ਼ ਸਵਾਲੀ ਸੀ, ਸਵਾਲੀ ਨਾ ਸਹੀ, ਗਾਹਕ ਤੇ ਹੈ ਈ ਸੀ। ਪਰ ਗਾਹਕਾਂ ਨੂੰ ਇੰਝ ਠੰਡੇ ਨਹੀਂ ਪਿਆਈਦੇ, ਉਹਨਾਂ ਦੀ ਇੰਜ ਟਹਿਲ ਸੇਵਾ ਨਹੀਂ ਕਰੀਦੀ। ਮੀਰ ਬਖਸ਼ ਐਵੇਂ ਸ਼ਰਮੋਂ-ਸ਼ਰਮੀਂ ਐਵੇਂ ਝੱਕਦਾ-ਝੱਕਦਾ, ਪੁੱਛਦਾ-



ਪੁੱਛਦਾ ਰਹਿ ਗਿਆ ਵਈ, "ਗੁੱਜਰਾ! ਕੀ ਤੂੰ ਆਪਣੇ ਡੇਰੇ ਆਏ ਹਰ ਬੰਦੇ ਨੂੰ ਇੰਝ ਈ ਸਿਰ ਮੱਥੇ ਉੱਤੇ ਬਹਾਉਂਦਾ ਏਂ।"

ਮੀਰ ਬਖਸ਼ ਕੁਝ ਆਖਣ ਲੱਗਾ ਤਾਂ ਆਸ਼ਕ ਆਖਿਆ, "ਭ੍ਰਾਈਆ! ਗੱਲਾਂ ਵੀ ਕਰਨੇ ਆ ਪਹਿਲਾਂ ਜ਼ਰਾ ਖਾ ਪੀ ਲਈਏ, ਕੀ ਖਿਆਲ ਏ? ਤੂੰ ਜ਼ਰਾ ਖੁੱਲੇ ਕੋ ਬਹੋ ਯਾਰ... ਆਹੋ... ਮੈਂ ਜ਼ਰਾ ਨਾਲ ਦੇ ਪਿੰਡ ਗਿਆ ਹੋਇਆ ਸਾਂ.... ਉਥੇ ਬੰਦੇ ਭਿੜ ਪਏ ਸਨ...." ਸਾਹ ਲੈ ਕੇ ਜਿਵੇਂ ਸੋਚਦਾ ਹੋਇਆ ਬੋਲਿਆ, "ਮੈਨੂੰ ਕੀ ਪਤਾ ਸੀ ਪਈ ਏਥੇ ਕੋਈ ਮੈਨੂੰ ਉਡੀਕਦਾ ਏ, ਮੈਂ ਐਵੇਂ ਈ ਉਥੇ .... ਬਸ ਖਾਹ-ਮਖਾਹ ਈ ਬੈਠਾ ਰਿਹਾ।"

ਰੋਟੀ ਖਵਾ ਕੇ ਵਿਹਲਾ ਹੋਇਆ ਤਾਂ ਆਸ਼ਕ ਗੁੱਜਰ ਨੇ ਬੰਦੇ ਲਵਾ ਕੇ ਚੰਗੀ ਸੁਥਰੀ, ਤਗੜੀ ਜਿਹੀ ਪਨੀਰੀ ਟਰਾਲੀ ਵਿਚ ਲਦਵਾਈ। ਉਹ ਸਾਰਾ ਕੰਮ ਇੰਝ ਪਿਆ ਕਰਦਾ ਸੀ, ਜਿਵੇਂ ਉਹਦਾ ਆਪਣਾ ਜਾਤੀ ਕੰਮ ਹੋਵੇ। ਪਨੀਰੀ ਵੇਖ ਕੇ ਮੀਰ ਬਖਸ਼ ਦਿਲੋਂ ਰਾਜ਼ੀ ਹੋਇਆ ਪਈ ਸੌਦਾ ਚੰਗਾ ਲੱਭ ਪਿਆ ਏ।

ਟਰਾਲੀ ਲੱਦੀ ਗਈ ਤਾਂ ਆਸ਼ਕ ਗੁੱਜਰ ਨੇ ਆਪਣੇ ਮੁੰਡੇ ਨੂੰ ਬੁਲਾਇਆ ਤੇ ਜਿਵੇਂ ਧਮਕੀ ਦਈਦੀ ਏ, ਉਂਝ ਬੋਲਿਆ, "ਤੋੜ ਪੈਲੀ ਤਾਈਂ ਛੱਡ ਕੇ, ਲਾਹ ਕੇ, ਚਾਚੇ ਆਪਣੇ ਮੀਰ ਬਖਸ਼ ਦੀ ਤਸੱਲੀ ਕਰਾ ਕੇ ਮੁੜਨਾ ਏ .... ਨਹੀਂ ਤਾਂ ਮਾਰ-ਮਾਰ ਕੇ ਤੇਰਾ ਸਿਰ ਗੰਜਾ ਤੇ ਤਾਲੂ ਪੋਲਾ ਕਰ ਦੇਵਾਂਗਾ ਈ।"

ਹੁਣ ਮੀਰ ਬਖਸ਼ ਤੋਂ ਜਰਨਾ ਔਖਾ ਹੋ ਗਿਆ, ਬੋਲਿਆ "ਯਾਰਾ ਜੀ! ਇਕ ਗੱਲ ਕਰਾਂ....।"

"ਰਹਿਣ ਦੇ ਮੀਰ ਬਖਸ਼ਾ, ਦਿਲ ਦੀਆਂ ਦਿਲ ਵਿਚ ਈ ਰਹਿਣ ਦੇ।" ਆਸ਼ਕ ਗੁੱਜਰ ਹੱਥ ਚੁੱਕ ਕੇ ਬੋਲਿਆ।

"ਨਹੀਂ ਯਾਰ! ਨਹੀਂ! ਮੈਂ ਐਨਾ ਭਾਰ ਨਹੀਂ ਚੁੱਕ ਸਕਦਾ। ਮੇਰੇ ਕੋਲ ਤੇ ਟਰੈਕਟਰ ਦੇ ਤੇਲ ਦੇ ਪੈਸੇ ਵੀ ਖੌਰੇ ਹੈ ਕਿ ਨਹੀਂ, ਮੈਂ.... ਮੀਰ ਬਖਸ਼ ਦੀ ਆਵਾਜ਼ ਕੰਬ ਗਈ, ਉਹ ਅੱਗੋਂ ਕੁਝ ਕਹਿਣ ਨੂੰ ਅੱਖਰ ਲੱਭਣ ਲੱਗ ਪਿਆ।

"ਤੇਰੇ ਕੋਲੋਂ ਪੈਸੇ ਮੰਗੇ ਕਿਹਨੇ ਨੇ?" ਆਸ਼ਕ ਗੁੱਜਰ ਨੇ ਅਗਲੀ ਸੱਟ ਮਾਰੀ।

"ਨਾ ਯਾਰ ਨਾ" ਤੂੰ ਪਨੀਰੀ ਲਾਹ ਲੈ। ਰੱਖ ਆਪਣੇ ਕੋਲ। ਮੈਨੂੰ ਨਹੀਂ ਚਾਹੀਦੀ।" ਮੀਰ ਬਖਸ਼ ਅਲਾਉੜੀਆਂ ਮਾਰਨ ਲੱਗ ਪਿਆ, ਮੈਂ ਬੜੀ ਗਰੀਬ ਆਦਮੀ ਆਂ....।"

"ਹੌਸਲਾ ਕਰ ਮੀਰ ਬਖਸ਼ਾ! ਦੁਨੀਆਂ ਦੀ ਅਮੀਰੀ ਗਰੀਬੀ ਏਥੇ ਹੀ ਰਹਿ ਜਾਣੀ ਏ। ਇਹ ਚਾਂਦੀ, ਸੋਨਾ, ਰੁਪਇਆ, ਪੈਸਾ! ਕੀ ਔਕਾਤ ਏ ਇਹਦੀ। ਬੰਦੇ ਨੂੰ ਦਿਲ ਦਾ ਬਾਦਸ਼ਾਹ, ਅੱਖ ਦਾ ਸਖੀ ਹੋਣਾ ਚਾਹੀਦਾ ਏ ਤੇ ਉਹ .... ਮੈਂ ਤੇਰੇ ਵਰਗਾ ਹੋਰ ਕੋਈ ਨਹੀਂ ਡਿੱਠਾ।" ਆਸ਼ਕ ਗੁੱਜਰ ਕੁਝ-ਕੁਝ ਖੁੱਲਣ ਲੱਗ ਪਿਆ ਸੀ।

"ਕੁਝ ਮੇਰੇ ਪੱਲੇ ਵੀ ਪਾ....। ਮੇਰਾ ਦਿਮਾਗ ਬੜਾ ਕਮਜ਼ੋਰ ਏ। ਮੈਂ ਬੁਝਾਰਤਾਂ ਨਹੀਂ ਬੁੱਝ ਸਕਦਾ।" ਮੀਰ ਬਖਸ਼ ਨੂੰ ਆਸ਼ਕ ਗੁੱਜਰ ਦੀ ਗੱਲ ਵਿਚ ਕੁਝ ਠੰਡਾ-ਠੰਡਾ, ਕੁਝ ਮਿੱਠਾ-ਮਿੱਠਾ ਦਿਸ ਰਿਹਾ ਸੀ।

"ਹਲਾ ਤੇ ਫੇਰ ਸੁਣ! ਤੂੰ ਸਮਝਣਾ ਏ, ਪਈ ਤੂੰ ਮੈਨੂੰ ਪਹਿਲੀ ਵਾਰ ਵੇਖਿਆ ਏ, ਹੈ ਨਾਂ? ਆਸ਼ਕ ਗੁੱਜਰ ਨੇ ਸਵਾਲ ਕੀਤਾ।

"ਆਹੋ! ਇੰਝ ਈ ਏ।" ਮੀਰ ਬਖਸ਼ ਦੀ ਆਵਾਜ਼ ਦਾ ਕਾਂਬਾ ਅਜੇ ਪੂਰਾ ਨਹੀਂ ਸੀ ਮੁੱਕਿਆ।

"ਨਹੀਂ!.... ਤੂੰ ਮੈਨੂੰ ਦੂਜੀ ਵਾਰ ਵੇਖਿਆ ਏ। ਪਰ ਮੈਂ ਆਖਿਆ ਏ ਨਾ ਬੰਦੇ ਨੂੰ ਅੱਖ ਦਾ ਸਖੀ ਹੋਣਾ ਚਾਹੀਦਾ ਹੈ। ਤੂੰ ਵੀ ਅੱਖ ਦਾ ਸਖੀ ਏਂ, ਤੈਨੂੰ ਮੇਰੀ ਸ਼ਕਲ ਭੁੱਲ ਗਈ ਏ ਪਰ ਮੈਨੂੰ.... ਖ਼ੈਰ .... ਮੈਂ ਮੌਲਵੀ ਅਬਦੁਲ ਖਾਲਕ ਨੂੰ ਆਖਿਆ ਹੋਇਆ ਸੀ, ਪਈ ਜਦੋਂ ਵੀ ਤੈਨੂੰ ਮੇਰੀ ਲੋੜ ਪਵੇ, ਤੈਨੂੰ ਮੇਰੇ ਵੱਲ ਟੋਰ ਦੇਵੇ ਜੇ ਮੈਨੂੰ ਵਾਜ ਮਾਰੇ ਮੈਂ ਆਪ ਆ ਜਾਵਾਂਗਾ। ਤੂੰ ਆ ਗਿਆ, ਧੰਨ ਭਾਗ ਮੇਰੇ।" ਆਸ਼ਕ ਗੁੱਜਰ ਦੀਆਂ ਅੱਖਾਂ ਇੰਝ ਚਮਕ ਰਹੀਆਂ ਸਨ ਜਿਵੇਂ ਮਨਪਸੰਦ ਖਿਡਾਉਣੇ ਨੂੰ ਵੇਖਦੇ ਹੋਏ ਇੰਵਾਣੇ ਦੀਆਂ ਹੁੰਦੀਆਂ ਨੇ।

"ਮੈਨੂੰ ਤਾਂ ਕੱਖ ਯਾਦ ਨਹੀਂ ਓ ਭਾਈਆ" ਬੇ-ਵਸਾ ਮੀਰ ਬਖਸ਼ ਯਾਦਾਂ ਦੇ ਵਾ-ਵਰੋਲਿਆਂ ਵਿਚ ਆਸ਼ਕ ਗੁੱਜਰ ਦਾ ਚਿਹਰਾ ਲੱਭਣ ਲੱਗ ਪਿਆ।

"ਤੈਨੂੰ ਯਾਦ ਵੀ ਕਿੰਝ ਰਹਿ ਸਕਦਾ ਏ। ਅਸੀਂ ਮਿਲੇ ਵੀ ਹਨ੍ਹੇਰੀ ਰਾਤ ਵਿਚ ਸਾਂ। ਸਿਆਲ ਸੀ, ਮੈਂ ਸਾਂ ਤੇ ਮੇਰੇ ਨਾਲ ਦੋ ਮੱਝਾਂ ਸਨ, ਮੇਰੇ ਪਿੰਡ ਤਾਈਂ ਅਪੜਨ ਤੋਂ ਪਹਿਲਾਂ, ਰਾਹ ਵਿਚ ਮੈਨੂੰ ਬੰਦੇ ਪੈ ਗਏ। ਮੈਂ ਲੜ ਭਿੜ ਕੇ ਉਹਨਾਂ ਨੂੰ ਤਾਂ ਨਸਾ ਦਿੱਤਾ ਪਰ ਆਪਣੇ ਜ਼ਖ਼ਮੀ ਹੋ ਗਿਆ। ਅੱਗੋਂ ਤੇਰੇ ਪਿੰਡ ਦੀ ਜੂਹ ਵਿਚ ਪਹਿਲਾ ਡੇਰਾ ਤੇਰਾ ਈ ਸੀ। ਆਪੇ ਪਿੰਡ ਜਾਂਦਾ-ਜਾਂਦਾ ਮੈਂ ਤੇਰੇ ਕੋਲ ਅੱਪੜ ਗਿਆ।" ਆਸ਼ਕ ਗੁੱਜਰ ਇੰਝ ਬੋਲ ਰਿਹਾ ਸੀ ਜਿਵੇਂ ਪੜ੍ਹਾਕੂ ਬੱਚੇ ਰੱਟਾ ਮਾਰ-ਮਾਰ ਕੇ ਯਾਦ ਕੀਤਾ ਹੋਇਆ ਸਬਕ ਸੁਣਾਉਂਦੇ ਨੇ।

ਆਸ਼ਕ ਗੁੱਜਰ ਦਾ ਮੁੰਡਾ ਤੇ ਦੂਜੇ ਡੇਰੇਦਾਰ ਮੀਰ ਬਖਸ਼ ਦੇ ਮੂੰਹ ਵੱਲ ਵੇਖ ਰਹੇ ਸਨ।

'ਪਰ.... ਜੇ ਰੱਬ ਨਾ ਭੁਲਾਏ ਤਾਂ ਇਹ .... ਇਹ ਤਾਂ ਕੋਈ ਬਹੁਤ ਪੁਰਾਣੀ, ਪੰਝੀ ਤੀਹ ਵਰ੍ਹੇ, ਪਹਿਲਾਂ ਦੀ ਗੱਲ ਏ। ਮੈਨੂੰ ਤਾਂ ਭੁੱਲ ਭੁਲਾ ਗਈ ਏ...." ਮੀਰ ਬਖਸ਼ ਦਾ ਮੂੰਹ ਅੱਡਿਆ ਗਿਆ।

"ਭਾਵੇਂ ਪੰਝੀ ਤੀਹ ਵਰ੍ਹੇ ਦੀ ਏ ਤੇ ਹੈ ਵੀ ਬਹੁਤ ਪੁਰਾਣੀ ਪਰ ਏਸੇ ਜ਼ਿੰਦਗੀ, ਏਸੇ ਜੀਵਨ ਦੀ ਗੱਲ ਏ ਨਾ। ਤੂੰ ਮੌਲਵੀ ਅਬਦੁਲ ਖਾਲਕ ਨੂੰ ਨਾਲ ਲੈ ਕੇ ਆਇਆ, ਉਹਨੇ ਮੇਰੀ ਪੱਟੀ ਕੀਤੀ, ਤੂੰ ਉਸ ਨੂੰ ਅੱਧੀ ਰਾਤ ਨੂੰ ਘਰ ਦੀ ਕੁੱਕੜੀ ਕੁਹਾ ਕੇ, ਗਰਮ ਰੋਟੀਆਂ ਲਵਾ ਕੇ ਲਿਆਇਆ। ਮੇਰੀਆਂ ਭੁੱਖੀਆਂ ਤੇ ਤ੍ਰਿਹਾਈਆਂ ਮੱਝਾਂ ਨੂੰ ਪਾਣੀ ਵਿਖਾ ਕੇ ਪੱਠੇ ਪਾਏ। ਆਪਣੇ ਡੰਗਰ ਪਿੰਡ ਲੈ ਗਿਆ ਤੇ ਮੇਰੀਆਂ ਮੱਝਾਂ ਨੂੰ ਕਮਰੇ ਦੇ ਅੰਦਰ ਬੰਨ੍ਹਿਆ। ਆਪ ਖੌਰੇ ਉਸ ਰਾਤ ਤੂੰ ਸੁੱਤਾ ਵੀ ਸੈਂ ਕਿ ਨਹੀਂ। ਪਰ ਮੈਨੂੰ ਆਪਣੀ ਰਜ਼ਾਈ ਬਿਸਤਰਾ ਦੇ ਦਿੱਤਾ ਸੀ।" ਅਚਾਨਕ ਗੁੱਜਰ ਬੋਲਦਾ-ਬੋਲਦਾ ਅੱਖਾਂ ਮਲ੍ਹਣ ਲੱਗ ਪਿਆ।

"ਬੜਾ ਹਾਫਜ਼ਾ ਏ ਤੇਰਾ....।" ਮੀਰ ਬਖਸ਼ ਸੱਜੇ-ਖੱਬੇ ਬੰਦਿਆਂ ਵੱਲ ਵੇਖ ਕੇ ਇੰਝ ਹੱਸ ਪਿਆ ਜਿਵੇਂ ਉਹਦੀ ਕੋਈ ਚੋਰੀ ਫੜੀ ਗਈ ਹੋਵੇ।

"ਆਹੋ! ਮੀਰ ਬਖਸ਼ਾ!" ਆਸ਼ਕ ਗੁੱਜਰ ਬੋਲਿਆ, "ਉਹ ਸਿਆਣੇ ਕਹਿ ਗਏ ਨੇ ਅਖੇ ਜਿਹਨੇ ਲੈਣਾ ਹੋਵੇ ਉਹ ਭਾਵੇਂ ਭੁੱਲ ਜਾਵੇ, ਪਰ ਜਿਹਨੇ ਦੇਣਾ ਹੁੰਦਾ ਏ ਉਹਨੂੰ ਨਹੀਂ ਭੁੱਲਦਾ।"

ਮੀਰ ਬਖਸ਼ ਅਗਲੀ ਗੱਲ ਦੀ ਉਡੀਕ ਵਿਚ ਚੁੱਪ ਖਲੋਤਾ ਰਿਹਾ। ਆਸ਼ਕ ਗੁੱਜਰ ਨੇ ਗੱਲ ਪੂਰੀ ਕੀਤੀ। ਉਹ ਬੀ ਜਿਹੜਾ ਪੰਝੀ ਵਰ੍ਹੇ ਪਹਿਲਾਂ ਸੁੱਟਿਆ ਸਈ, ਅੱਜ ਪਨੀਰੀ ਬਣ ਗਿਈਆ ਏ ਮੀਰ ਬਖਸ਼ਾ।" •

ਲਿੱਪੀ ਰੂਪਾਂਤਰ - ਪਾਲ ਸਿੰਘ ਵੱਲਾ



## ਉਰਦੂ ਗ਼ਜ਼ਲ

ਫ਼ਾਤਮਾ ਅਹਿਮਦ

ਜ਼ੁਲਮ ਤੋਂ ਸੇ ਬੇਖ਼ਬਰ, ਚਾਂਦਨੀ ਕਭੀ ਨਾ ਥੀ।
ਇਸ ਕਦਰ ਉਦਾਸ ਤੋ, ਜ਼ਿੰਦਗੀ ਕਭੀ ਨਾ ਥੀ।
ਥਕ ਗਿਆ ਮੇਰਾ ਵਜੂਦ, ਪਸਤ ਹੌਸਲੇ ਹੂਏ,
ਸੱਚ ਹੈ, ਇਸ ਕਦਰ ਰੌਸ਼ਨੀ ਕਭੀ ਨਾ ਥੀ।
ਜਿਤਨੀ ਖਵਾਹਸ਼ਾਤ ਥੀਂ, ਦਿਲ ਮੇਂ ਦਬ ਕੇ ਰਹਿ ਗਈਂ,
ਬੇਬਸੀ ਕੀ ਜ਼ਦ ਪੈ ਬਹਿ ਜ਼ਿੰਦਗੀ ਕਭੀ ਨਾ ਥੀ।
ਚਲਤੇ ਚਲਤੇ ਗਿਰ ਪੜੂੰ ਔਰ ਫਿਰ ਨਾ ਉਠ ਸਕੂੰ,
ਇਸ ਸੇ ਪੇਸ਼ਤਰ ਯਹਿ ਬੇਬਸੀ ਕਭੀ ਨਾ ਥੀ।
ਅਬ ਹਰ ਏਕ ਚੀਜ਼ ਸੇ, ਏਤਬਾਰ ਉਠ ਗਿਆ,
ਆਜ ਜਿਸ ਡਗਰ ਪੈ ਹੈ ਜ਼ਿੰਦਗੀ ਕਭੀ ਨਾ ਥੀ।
ਬਹਿ ਅਚਾਨਕ ਆਪ ਕੋ ਹੋ ਗਿਆ ਹੈ ਕਯਾ ਭਲਾ,
ਆਪ ਕੇ ਸਲੂਕ ਮੈਂ ਕਜ ਰਵੀ ਕਭੀ ਨਾ ਥੀ।

(ਲਿਪੀ ਅੰਤਰ-ਪਾਲ ਸਿੰਘ ਵੱਲਾ)

## ਗ਼ਜ਼ਲ

ਮੁਨਸ਼ੀ ਲਤੀਫ ਗੁਜਰਾਤੀ

ਕੰਬੀ ਛੱਤ ਤੇ ਬੂਹੇ ਟੱਪੇ, ਕੰਧਾਂ ਮਾਰੀਆਂ ਧ੍ਹਾਵਾਂ,
ਘਰ ਆਪਣੇ ਦੀ ਵੰਡੀ ਪਾਈ ਬਹਿ ਕੇ ਜਦੋਂ ਭਰਾਵਾਂ।

ਡਿੱਗਿਆ ਰੁੱਖ ਤੇ ਫਲ ਖਾਵਣ ਨੂੰ, ਦੌੜੀ ਖਲਕਤ ਸਾਰੀ
ਪਰ ਇਹ ਕਿਸੇ ਨਾ ਤੱਕਿਆ ਬੀਤੀ ਨਾਲ ਕੀ ਚਿੜੀਆਂ ਕਾਵਾਂ।

ਖੁਸ਼ ਸਾਂ ਰੁੱਖ ਘਣਾ ਕੱਟ ਕੇ, ਖੁੱਲ੍ਹਾ ਹੋ ਗਿਆ ਵਿਹੜਾ
ਪਰ ਅੱਜ ਧੁੱਪ ਤੋਂ ਬਚਣੇ ਵਾਸਤੇ, ਲੱਭਦੇ ਫਿਰੀਏ ਛਾਵਾਂ।

ਅੱਜ ਉਹ ਮੇਰੇ ਸਾਏ ਤੋਂ ਵੀ, ਨੱਸਦਾ ਪਰੇ ਪਰੇਰੇ
ਮੈਂ ਰਿਹਾ ਵਾਂ ਜਿਸ ਦੇ ਸਿਰ ਤੇ ਹੱਥੀਂ ਕਰਦਾ ਛਾਵਾਂ।

ਖੌਰੇ ਕੀ 'ਲਤੀਫ਼' ਕਰ ਗਿਆ ਏ, ਜਾਦੂ ਜਾਵਣ ਵਾਲਾ
ਤਿਓਂ ਤਿਓਂ ਯਾਦ ਵਧੇਰਾ ਆਵੇ, ਜਿਓਂ-ਜਿਓਂ ਦਿਲੋਂ ਭੁਲਾਵਾਂ

(ਬਾਰਾਂ ਬੁਰਜ ਪੰਜਾਬ ਦੇ 'ਚੋਂ)

# ਜ਼ਮਾਨਾ ਬਦਲ ਗਿਆ

- ਸੁਭਾਸ਼ ਸ਼ਰਮਾ

ਮਹਿੰਦਰ ਨਾਈ ਜਦ ਵੀ ਉਸ ਪਿੱਪਲ ਦੇ ਕੋਲ ਦੀ ਲੰਘਦਾ ਤਾਂ ਉਸਦੇ ਪੈਰ ਆਪਣੇ ਆਪ ਰੁਕ ਜਾਂਦੇ ਤੇ ਉਹ ਨਜ਼ਰ ਉਠਾ ਕੇ ਉਸ ਦਰੱਖਤ ਨੂੰ ਜੜ੍ਹ ਤੋਂ ਲੈ ਕੇ ਉੱਪਰ ਦੀ ਟੀਸੀ ਤਕ ਵੇਖਦਾ। ਫਿਰ ਉਸਦੇ ਤਣੇ ਦੀ ਕੋਲ ਵਾਲੀ ਜਗ੍ਹਾ ਨੂੰ ਵੇਖਦਾ।

ਉਹ ਬਹੁਤ ਵਰ੍ਹੇ ਪਹਿਲਾਂ ਆਪਣਾ ਪਿੰਡ ਛੱਡਕੇ ਇਸ ਬਿਗਾਨੇ ਸ਼ਹਿਰ ਆਪਣਾ ਬਣਾਉਣ ਲਈ ਆਇਆ ਸੀ ਤੇ ਅੱਜ ਇਸ ਸ਼ਹਿਰ ਦਾ ਹੀ ਬਣਕੇ ਰਹਿ ਗਿਆ ਸੀ।

ਉਸਨੂੰ ਯਾਦ ਸੀ ਜਦ ਇਸ ਸ਼ਹਿਰ ਆਇਆ ਸੀ ਤਾਂ ਕਿੰਨ੍ਹੇ ਹੀ ਫਾਕੇ ਕੱਟਣੇ ਪਏ ਸਨ। ਉਸਨੇ ਕਿੰਨ੍ਹੇ ਹੀ ਦਿਨ ਅਤੇ ਕਿੰਨ੍ਹੀਆਂ ਹੀ ਰਾਤਾਂ ਸ਼ਹਿਰ ਦੇ ਗੁਰਦੁਆਰੇ ਦੀ ਸਰਾਂ ਵਿੱਚ ਕੱਟੀਆਂ ਸਨ। ਲੰਗਰ 'ਚੋਂ ਰੋਟੀ ਖਾਧੀ ਸੀ। ਇਸ ਸ਼ਹਿਰ ਵਿਚ ਜ਼ਿੰਦਗੀ ਦੀ ਸ਼ੁਰੂਆਤ ਭੁੱਖ ਤੋਂ ਕੀਤੀ ਸੀ।

ਉਸਨੂੰ ਇਹ ਵੀ ਯਾਦ ਸੀ ਕਿ ਬਾਪੂ ਕਹਿੰਦਾ ਹੁੰਦਾ ਸੀ ਕਿ ਉਸ ਦੇ ਜਵਾਨ ਹੁੰਦੇ ਹੀ ਉਸਦੇ ਪਿਉ ਨੇ ਉਸਦੇ ਮੋਢੇ ਤੇ ਜੱਦੀ ਗੁੱਥੀ ਪਾ ਦਿੱਤੀ ਸੀ ਜਿਸ ਵਿੱਚ ਉਸਤਰਾ, ਕੈਂਚੀ, ਨ੍ਹੇਰਨਾ ਵਾਲ ਕੱਟਣ ਵਾਲੀ ਮਸ਼ੀਨ ਅਤੇ ਉਸਤਰਾ ਤੇਜ਼ ਕਰਨ ਵਾਲੀ ਪੱਥਰੀ ਆਦਿ ਰੱਖ ਦਿੱਤੇ ਸਨ ਤੇ ਨਾਲ ਹੀ ਉਸ ਬਾਪੂ ਨੂੰ ਕਿਹਾ ਸੀ "ਪੁੱਤ ਘਰ, ਘਰ ਜਾ। ਜੱਟ-ਜ਼ਿਮੀਦਾਰਾਂ ਦਾ ਨੰਹੁ-ਕੰਢਾ ਕਰ। ਜੋ ਕੋਈ ਜਵਾਨ ਮਿਲ ਜਾਏ ਤਾਂ ਉਸਦੀ ਦਾੜ੍ਹੀ, ਮੁੱਛ, ਵਾਲ ਆਦਿਕ ਠੀਕ ਕਰ ਤੇ ਉਸ ਬਾਪੂ ਨੂੰ ਇਹ ਵੀ ਕਿਹਾ ਸੀ-ਇਹ ਸਾਡਾ ਜੱਦੀ-ਪੁਰਖੀ ਕੰਮ ਹੈ। ਹੁਣ ਉਹ ਬੁੱਢਾ ਹੋ ਗਿਆ ਹੈ ਤੇ ਕੰਮ ਸੰਭਾਲ। ਉਸਦੇ ਹੁੰਦੇ-ਹੁੰਦੇ ਕੰਮ ਵਿੱਚ ਸੈਟ ਹੋ ਜਾ ਤਾਂ ਜੋ ਉਹ ਸ਼ਾਂਤੀ ਨਾਲ ਜਾ ਸਕੇ। ਕਿਉਂਕਿ ਇਹ ਹੀ ਸਾਡਾ ਰੋਟੀ-ਰੋਜ਼ੀ ਦਾ ਸਾਧਨ ਹੈ।"

ਮਹਿੰਦਰ ਨੂੰ ਹਾਲੇ ਵੀ ਯਾਦ ਸੀ ਕਿ ਪਿੰਡ ਵਿਚ ਉਨ੍ਹਾਂ ਦੇ ਘਰ ਸਾਹਮਣੇ ਇੱਕ ਥੜ੍ਹਾ ਸੀ। ਉਹ ਅਤੇ ਉਸਦਾ ਬਾਪੂ ਦੋਵੇਂ ਹੀ ਸਵੇਰੇ ਚਾਹ-ਪਾਣੀ ਪੀ ਕੇ ਉਥੇ ਆ ਬੈਠਦੇ ਸਨ। ਪਿੰਡ ਦੇ ਲੋਕ ਜਿਨ੍ਹਾਂ ਨੇ ਉਨ੍ਹਾਂ ਤੋਂ ਕੰਮ ਕਰਵਾਉਣ ਹੁੰਦਾ ਸੀ, ਆ ਜਾਂਦੇ ਸਨ। ਮਹਿੰਦਰ ਵੀ ਬਾਪੂ ਦੀ ਇਸ ਕੰਮ ਵਿੱਚ ਮਦਦ ਕਰਦਾ ਹੁੰਦਾ ਸੀ। ਪਰ ਜਿਹੜਾ ਵੀ ਕੰਮ-ਕਾਰ ਲਈ ਆਉਂਦਾ ਸੀ, ਬੜੇ ਰੋਹਬ ਵਾਲੇ ਅੰਦਾਜ਼ ਵਿਚ ਕਹਿੰਦਾ-ਉਏ ਰਾਜਾ। ਜਲਦੀ ਮੇਰਾ ਕੰਮ ਕਰ, ਮੈਂ ਖੇਤੀਂ ਜਾਣਾ ਹੈ।.... ਮੈਨੂੰ ਕੰਮ ਹੈ.... । ਤੇ ਬਾਪੂ 'ਸੱਤ ਬਚਨ ਜੀ' ਕਹਿ ਦਿੰਦਾ ਸੀ।-ਬਸ ਇਸ ਤੋਂ ਬਾਅਦ ਤੁਹਾਡਾ ਹੀ ਕੰਮ ਕਰਦਾ ਹਾਂ। ਭਾਵੇਂ ਨਾ ਤਾਂ ਉਸਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਸੀ ਅਤੇ ਨਾ ਹੀ ਦੂਸਰੇ ਦੇ ਕੰਮ ਵਿਚੇ ਛੱਡਿਆ ਜਾ ਸਕਦਾ ਸੀ। ਪਰ ਇਹ ਕਹਿਣ ਦੀ ਹਿੰਮਤ ਨਹੀਂ ਸੀ ਹੁੰਦੀ। ਆਖਰ ਉਹ ਕੰਮੀ-ਕਮੀਨ ਸਨ। ਜੇ ਕੋਈ ਰਾਜਾ ਵੀ ਕਹਿੰਦਾ ਸੀ ਤਾਂ ਨਾਲ ਉਏ ਵੀ ਕਹਿੰਦਾ ਸੀ। ਪਿੰਡਾਂ ਵਿੱਚ ਲੋਕ ਕਈ ਵਾਰ ਨਾਈਆਂ ਨੂੰ ਰਾਜਾ ਕਹਿਕੇ ਉਦੋਂ ਸੰਬੋਧਿਤ ਕਰਦੇ ਸਨ, ਜਦੋਂ ਕੋਈ ਕੰਮ ਕਰਵਾਉਣਾ ਹੁੰਦਾ ਸੀ।

ਮਹਿੰਦਰ ਕਈ ਵਾਰ ਸੋਚਦਾ-ਕੀ ਇਸ ਥੜ੍ਹੇ ਤੇ ਸਾਡੇ ਵੱਡੇ-ਵਡੇਰੇ ਵੀ ਬੈਠ ਕੇ ਇਹੋਂ ਕੰਮ ਕਰਦੇ ਹੋਣਗੇ। ਤੇ ਇਨ੍ਹਾਂ ਦੇ ਵੱਡੇ ਵਡੇਰੇ ਇਸੇ ਤਰ੍ਹਾਂ ਆ ਕੇ ਹੁਕਮ ਚਲਾਉਂਦੇ ਰਹੇ ਹੋਣਗੇ। ਹਾਂ ਆਖਰ ਸਨ ਤਾਂ ਸਾਡੇ ਵੱਡੇ-ਵਡੇਰੇ ਵੀ ਕੰਮੀ-ਕਮੀਨ। ਕਿਵੇਂ ਨਾ ਕਰਦੇ ਕੰਮ? ਇਹੋਂ ਤਾਂ ਸਮਾਜਿਕ ਢਾਂਚਾ ਸੀ।

ਸਾਰੇ ਪਿੰਡ ਵਿਚ ਇਕ ਹੀ ਨਾਈਆਂ ਦਾ ਘਰ ਸੀ। ਸਾਲ ਦੇ ਅੰਤ ਵਿੱਚ ਜ਼ਿਮੀਂਦਾਰਾਂ ਦੇ ਘਰੋਂ ਹਰ ਫਸਲ ਯਾਨੀ ਹਾੜ੍ਹੀ ਸੌਣੀ ਤੇ ਇਕ, ਇਕ ਭਰੀ ਆ ਜਾਂਦੀ ਸੀ ਤੇ ਸਾਰੇ ਸਾਲ ਦੀਆਂ ਰੋਟੀਆਂ ਦਾ ਪ੍ਰਬੰਧ



ਹੋ ਜਾਂਦਾ ਸੀ।

ਪਿੰਡ ਦੇ ਸਮਾਜਿਕ ਢਾਂਚੇ ਵਿੱਚ ਨਾਈਆਂ ਦੇ ਕੰਮ ਨਿਸ਼ਚਿਤ ਸਨ। ਮਹਿੰਦਰ ਨੂੰ ਯਾਦ ਸੀ ਕਿ ਬਾਪੂ ਕਹਿੰਦਾ ਹੁੰਦਾ ਸੀ। "ਮਹਿੰਦਰਾ, ਮੈਂ ਆਪਣੇ ਪਿਉ ਦੇ ਕਹੇ ਅਨੁਸਾਰ ਸਾਰੇ ਜੱਦੀ-ਪੁਰਖੀ ਕੰਮ ਕਰਨੇ ਸ਼ੁਰੂ ਕਰ ਦਿੱਤੇ ਸਨ ਤੇ ਉਹਨਾਂ ਵਿੱਚ ਨਿਪੁੰਨ ਹੋ ਗਿਆ ਸੀ। ਤੇਰੀ ਮਾਂ ਬਚਨੀ ਵੀ ਪੂਰਾ ਸਾਥ ਦਿੰਦੀ ਸੀ। ਉਹਦੀ ਸੱਸ ਯਾਨੀ ਤੇਰੀ ਦਾਦੀ ਵੀ ਤਾਂ ਬੁੱਢੀ ਹੋ ਗਈ ਸੀ ਅਤੇ ਕੰਮ-ਕਾਰ ਦੇ ਕਾਬਲ ਨਹੀਂ ਸੀ ਰਹੀ। ਬਰਾਬਰ ਮੇਰੇ ਨਾਲ ਮੋਢੇ ਨਾਲ ਮੋਢੇ ਮਿਲਾ ਕੇ ਚਲਦੀ ਸੀ। ਜਿੱਥੇ ਵੀ ਜਾਣਾ ਹੁੰਦਾ, ਮੇਰੇ ਨਾਲ ਜਾਂਦੀ ਸੀ। ਜਿਸ ਘਰ ਵਿੱਚ ਸ਼ਾਦੀ ਹੁੰਦੀ ਉਨ੍ਹਾਂ ਦੇ ਘਰ ਗਾਉਣ ਦਾ ਸੱਦਾ ਵੀ ਸਾਰੇ ਪਿੰਡ ਵਿੱਚ ਘਰ, ਘਰ ਦੇ ਕੇ ਆਉਂਦੀ ਸੀ। ਪਿੰਡ ਦੀਆਂ ਕੁੜੀਆਂ ਦੇ ਵਿਆਹ ਤੇ ਉਹ ਕੁੜੀ ਦੇ ਨਾਲ ਕੁੜੀ ਦੇ ਸਹੁਰੇ ਘਰ ਜਾਂਦੀ ਸੀ ਤੇ ਕੁੜੀ ਦਾ ਖਾਸ ਖਿਆਲ ਰੱਖਦੀ ਸੀ। ਕੁੜੀ ਦੇ ਸਹੁਰੇ ਘਰ ਵਾਲੇ ਵੀ ਨੈਣ ਦਾ ਖਾਸ ਖਿਆਲ ਰੱਖਦੇ ਸਨ। ਕਿਉਂਕਿ ਉਸੇ ਨੇ ਤੇ ਜਾ ਕੇ ਸੋਭਾ ਕਰਨੀ ਹੁੰਦੀ ਸੀ ਕਿ ਘਰ ਕਿਸ ਤਰ੍ਹਾਂ ਦਾ ਹੈ? ਆਦਮੀ ਕਿਸ ਤਰ੍ਹਾਂ ਦੇ ਹਨ? ਆਉਣ ਲੱਗਿਆਂ ਨੌਗੇ ਅਤੇ ਪੈਸੇ ਵੀ ਦਿੱਤੇ ਜਾਂਦੇ ਸਨ। ਇਹ ਵੀ ਘਰ ਚਲਾਉਣ ਵਿਚ ਆਮਦਨ ਦਾ ਇੱਕ ਸਾਧਨ ਸਨ।

ਮਾਂ ਦੱਸਦੀ ਹੁੰਦੀ ਸੀ ਕਿ ਮਹਿੰਦਰਾ ਇਹ ਜਿਹੜੇ ਕਾਂਟੇ ਮੇਰੇ ਕੰਨਾਂ ਵਿੱਚ ਵੇਖਦਾ ਹੈਂ ਇਹ ਤੇਰੀ ਦਾਦੀ ਨੇ ਮੈਨੂੰ ਵਿਆਹ ਵੇਲੇ ਦਿੱਤੇ ਸਨ। ਪਿੰਡ ਦੇ ਸ਼ਾਹੂਕਾਰ ਦੀ ਕੁੜੀ ਦੇ ਨਾਲ ਤੇਰੀ ਦਾਦੀ ਉਸਦੇ ਸਹੁਰੇ ਘਰ ਗਈ ਸੀ। ਕੁੜੀ ਦੇ ਸਹੁਰੇ ਵੀ ਤਗੜੇ ਸ਼ਾਹ ਸਨ। ਇਲਾਕੇ ਵਿੱਚ ਮੰਨੇ ਪਰਮੰਨੇ ਸਨ। ਉਨ੍ਹਾਂ ਆਉਣ ਲੱਗਿਆਂ ਨੈਣ ਨੂੰ ਯਾਨੀ ਤੇਰੀ ਦਾਦੀ ਨੂੰ ਇਹ ਕਾਂਟੇ ਦਿੱਤੇ ਸਨ। ਜਿਹੜੇ ਉਸਨੇ ਮੈਨੂੰ ਪਾਏ ਸਨ।

ਜਦ ਵੀ ਪਿੰਡ ਵਿੱਚ ਕਿਸੇ ਦੀ ਮੌਤ ਹੋ ਜਾਂਦੀ ਸੀ ਤਾਂ ਉਥੇ ਵੈਣ ਪਾਉਣ ਅਤੇ ਸਿਆਪਾ ਕਰਵਾਉਣ ਦਾ ਕੰਮ ਵੀ ਨੈਣ ਦਾ ਹੁੰਦਾ ਸੀ।

ਬਾਪੂ ਦੱਸਦਾ ਹੁੰਦਾ ਸੀ ਕਿ ਤੇਰੀ ਮਾਂ ਵੀ ਆਪਣੀ ਸੱਸ ਦੀ ਸਿੱਖਿਆ ਨਾਲ ਇਸ ਕੰਮ ਨੂੰ ਬਾਖੂਬੀ ਜਾਣਦੀ ਸੀ। ਪਿੰਡ ਦੇ ਨੰਬਰਦਾਰ ਦੇ ਪਿਉ ਦੇ ਮੌਤ ਤੇ ਤੇਰੀ ਮਾਂ ਨੇ ਏਨੇ ਵੈਣ ਪਵਾਏ ਸਨ ਕਿ ਕਈ ਔਰਤਾਂ ਗਸ਼ ਪਾ ਕੇ ਡਿੱਗ ਪਈਆਂ ਸਨ।

ਪਿੰਡ ਦੇ ਮੁੰਡੇ-ਕੁੜੀਆਂ ਦੇ ਰਿਸ਼ਤੇ ਕਰਵਾਉਣ ਵਿੱਚ ਨਾਈਆਂ ਦਾ ਅਹਿਮ ਰੋਲ ਹੁੰਦਾ ਸੀ। ਮੁੰਡੇ-ਕੁੜੀਆਂ ਦੇ ਜਵਾਨ ਹੋਣ ਤੇ ਇਨ੍ਹਾਂ ਨੂੰ ਕਿਹਾ ਜਾਂਦਾ ਸੀ। ਤੇ ਇਹ ਖੁਦ ਵੀ ਧਿਆਨ ਰੱਖਦੇ ਸਨ। ਨਾਈ ਦੀ ਨਿਪੁੰਨਤਾ ਇਸ ਗੱਲ ਵਿੱਚ ਹੁੰਦੀ ਸੀ ਕਿ ਦੂਸਰੇ ਘਰ ਵਾਲਿਆਂ ਦੇ ਅੱਗੇ ਆਪਣੇ ਪਿੰਡ ਦੇ ਘਰ ਵਾਲਿਆਂ ਦੀ ਸਿਫਤ ਏਨੇ ਸੁਚੱਜੇ ਅਤੇ ਸਿਆਣੇ ਢੰਗ ਨਾਲ ਕਰੇ ਕਿ ਅਗਲਾ ਪ੍ਰਭਾਵਿਤ ਹੋ ਜਾਏ। ਲੋਕਾਂ ਦਾ ਇਨ੍ਹਾਂ ਤੇ ਵਿਸ਼ਵਾਸ ਵੀ ਬਹੁਤ ਹੁੰਦਾ ਸੀ।

ਬਾਪੂ ਬੜੇ ਫ਼ਖਰ ਨਾਲ ਦੱਸਦਾ ਹੁੰਦਾ ਸੀ ਕਿ ਪਿੰਡ ਦੇ ਜ਼ਿਮੀਂਦਾਰ ਦੀ ਕੁੜੀ ਦਾ ਦੂਸਰੇ ਪਿੰਡ ਦੇ ਜ਼ੈਲਦਾਰਾਂ ਦੇ ਮੁੰਡੇ ਨਾਲ ਵਿਆਹ ਕਰਵਾਉਣਾ ਉਸਦੀ ਹੀ ਹਿੰਮਤ ਸੀ। ਨਹੀਂ ਤਾਂ ਇਹ ਕੋਈ ਜੋੜ ਨਹੀਂ ਸੀ। ਨਾ ਹੀ ਵਕਾਰ ਪੱਖੋਂ ਅਤੇ ਨਾ ਹੀ ਜਾਇਦਾਦ ਪੱਖੋਂ। ਕੁੜੀ ਸ਼ਕਲ ਦੀ ਵੀ ਚੰਗੀ ਨਹੀਂ ਸੀ ਤੇ ਸੀ ਵੀ ਬਹੁਤ ਮੂੰਹ ਜ਼ੋਰ। ਪਰ ਇਹ ਉਸਦੇ ਹੁਨਰ ਦੀ ਕਰਮਾਤ ਸੀ ਕਿ ਜ਼ੈਲਦਾਰ ਸਾਹਿਬ ਨਾਂਹ ਨਹੀਂ ਸਨ ਕਰ ਸਕੇ। ਅੱਜ ਵੇਖ ਲਓ ਕੁੱਝ ਲੜਾਈ ਝਗੜੇ ਤੋਂ ਬਾਅਦ ਕੁੜੀ ਵੱਸ ਹੀ ਗਈ। ਦੋ ਸ਼ੇਰਾਂ ਵਰਗੇ ਮੁੰਡੇ ਹਨ ਉਸਦੇ ਐਸੇ ਮਸਲਿਆਂ ਵਿੱਚ ਨੌਂਗੇ ਅਤੇ ਇਨਾਮ ਵਗੈਰਾ ਵੀ ਮਿਲਦੇ ਸਨ। ਨਾਈਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਪਿੰਡ ਦੇ ਕਈ ਰਿਸ਼ਤੇ ਉਸਦੇ ਬਾਪੂ ਨੇ ਵੀ ਕਰਵਾਏ ਸਨ। ਬਾਪੂ ਨੂੰ ਉਸਦੇ ਪਿਤਾ ਨੇ ਇਸ ਕੰਮ ਵਿੱਚ ਨਿਪੁੰਨ ਕਰ ਦਿੱਤਾ ਸੀ। ਕੁਝ ਕਾਮਯਾਬ ਸਨ ਅਤੇ ਕੁਝ ਉਬੜ-ਖਾਬੜ ਚੱਲ

ਰਹੇ ਸਨ। ਪਰ ਨਾਈਆਂ ਦਾ ਕਹਿਣਾ ਹੁੰਦਾ ਹੈ ਕਿ ਸਾਡਾ ਕੰਮ ਰਿਸ਼ਤਾ ਕਰਵਾ ਦੇਣਾ ਹੁੰਦਾ ਹੈ। ਬਾਕੀ ਵਸੇਬਾ ਕਰਾਵਉਣਾ ਤਾਂ ਉਨ੍ਹਾਂ ਦੇ ਘਰ ਵਾਲਿਆਂ ਅਤੇ ਮੁੰਡੇ-ਕੁੜੀ ਤੇ ਨਿਰਭਰ ਕਰਦਾ ਹੈ।

ਵਿਆਹ, ਸ਼ਾਦੀ ਦੀ ਤਰੀਕ ਦਾ ਸੰਦੇਸ਼ਾ ਦੇਣ ਜਾਣ ਲਈ ਵੀ ਨਾਈ ਭੇਜੇ ਜਾਂਦੇ ਸਨ। ਕਿਹਾ ਜਾਂਦਾ ਸੀ 'ਸਾਹੇ ਚਿੱਠੀ' ਲੈ ਕੇ ਜਾਣਾ ਹੈ। ਨਾਲ ਮਿਠਾ ਵੀ ਭੇਜਿਆ ਜਾਂਦਾ ਸੀ। ਪਹਿਲਾਂ-ਪਹਿਲ ਗੁੜ ਭੇਜਿਆ ਜਾਂਦਾ ਸੀ।

ਪਿੰਡ ਵਾਲਿਆਂ ਦੀਆਂ ਬੁੱਤੀਆਂ ਕਰਨਾ ਵੀ ਨਾਈਆਂ ਦਾ ਕੰਮ ਹੁੰਦਾ ਸੀ। ਕਿਸੇ ਇਧਰ, ਉਧਰ ਸੁਨੇਹਾ ਭੇਜਣਾ ਹੁੰਦਾ ਤਾਂ ਇਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਸਨ।

ਵਿਆਹ, ਸ਼ਾਦੀਆਂ ਤੇ ਰੋਟੀ ਬਣਾਉਣਾ, ਪਿੰਡ ਦੇ ਪੀਰ-ਪਗੰਬਰ ਦਰਗਾਹ ਤੇ ਮਿੱਠੇ ਚੌਲਾਂ ਦੀ ਦੇਗ ਲਾਹੁਣਾ ਆਦਿਕ ਵੀ ਇਹਨਾਂ ਦੇ ਕੰਮ ਹੁੰਦੇ ਸਨ। ਕਈ ਵਾਰ ਤਾਂ ਮਾੜੇ-ਮੋਟੇ ਫੋੜਿਆਂ ਨੂੰ ਚੀਰਾ ਵੀ ਇਹੋ ਲੋਕ ਦਿੰਦੇ ਸਨ।

ਤੇ ਇਸ ਤਰ੍ਹਾਂ ਜਿੰਦਗੀ ਦਾ ਨਿਰਬਾਹ ਹੁੰਦਾ ਜਾ ਰਿਹਾ ਸੀ।

ਬਾਪੂ ਹੁਣ ਜਿੰਦਗੀ ਅਤੇ ਆਖਰੀ ਪੜਾਅ ਤੇ ਪਹੁੰਚ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਆਪਣੇ ਪਿਉ ਵਾਗੂੰ ਉਹ ਵੀ ਆਪਣੇ ਪੁੱਤ ਮਹਿੰਦਰ ਨੂੰ ਸਾਰਾ ਕੰਮ ਸੌਂਪ ਕੇ ਸੁਰਖਰੂ ਹੋ ਜਾਏ। ਉਸਦੇ ਜਿਉਂਦੇ ਜੀਅ ਮਹਿੰਦਰ ਕੰਮ ਸੰਭਾਲ ਲਵੇ। ਉਹ ਮਹਿੰਦਰ ਨੂੰ ਜੱਦੀ ਕੰਮ ਵਿਚ ਨਿਪੁੰਨ ਕਰ ਦੇਵੇ ਤਾਂ ਜੋ ਜ਼ਿੰਦਗੀ ਅੱਗੇ ਚਲਦੀ ਰਹੇ।

ਪਰ ਸਮੇਂ ਦੇ ਨਾਲ ਬਹੁਤ ਤਬਦੀਲੀਆਂ ਆ ਚੁੱਕੀਆਂ ਸਨ। ਜ਼ਮਾਨਾ ਬਦਲ ਗਿਆ ਸੀ। ਲੋਕ ਤਰੱਕੀ ਕਰ ਚੁੱਕੇ ਸਨ। ਹੁਣ ਵਿਆਹ-ਸ਼ਾਦੀਆਂ ਲਈ ਵਰ ਲੱਭਣੇ ਇਹਨਾਂ ਦਾ ਕੰਮ ਨਹੀਂ ਸੀ ਰਹਿ ਗਿਆ। ਲੋਕ ਖੁਦ ਹੀ ਆਪਣੇ ਵਿੱਤ ਮੁਤਾਬਕ ਰਿਸ਼ਤੇ ਲੱਭਣ ਲੱਗ ਪਏ ਸਨ। ਪੜ੍ਹੇ-ਲਿਖੇ ਮੁੰਡੇ-ਕੁੜੀਆਂ ਇਹਨਾਂ ਗੱਲਾਂ ਲਈ ਕਿਸੇ ਤੇ ਨਿਰਭਰ ਨਹੀਂ ਸਨ ਰਹਿੰਦੇ। ਬਹੁਤ ਸਾਧਨ ਹੋ ਗਏ ਸਨ। ਅਖਬਾਰਾਂ ਆਦਿਕ ਵਿੱਚ ਰਿਸ਼ਤਿਆਂ ਲਈ ਇਸ਼ਤਿਹਾਰ ਦੇਣ ਦਾ ਰਿਵਾਜ ਆਮ ਹੋ ਗਿਆ ਸੀ।

ਸੰਚਾਰ ਦੇ ਸਾਧਨਾਂ ਵਿੱਚ ਵੀ ਬਹੁਤ ਤਰੱਕੀ ਹੋਈ ਸੀ। ਇਸ ਕਰਕੇ ਸਨੇਹੇਂ-ਪੱਤੇ ਦਾ ਕੰਮ ਵੀ ਨਹੀਂ ਸੀ ਰਿਹਾ। ਵਿਆਹ-ਸ਼ਾਦੀਆਂ ਤੇ ਨੈਣਾਂ ਦਾ ਆਉਣਾ-ਜਾਣਾ ਬਿਲਕੁਲ ਖਤਮ ਹੋ ਗਿਆ ਸੀ। ਜ਼ੁਬਾਨੀ ਸੰਦੇਸ਼ਾਂ ਦੀ ਥਾਂ ਸੱਦੇ ਪੱਤਰਾਂ ਨੇ ਲੈ ਲਈ ਸੀ। ਵਿਆਹ-ਸ਼ਦੀਆਂ ਤੇ ਰੋਟੀ-ਪਾਣੀ ਬਣਾਉਣ ਦਾ ਕੰਮ ਵੀ ਨਹੀਂ ਸੀ ਰਿਹਾ। ਇਹ ਜਗ੍ਹਾ ਹਲਵਾਈਆਂ ਅਤੇ ਹੋਟਲਾਂ ਨੇ ਲੈ ਲਈ ਸੀ। ਤਕਰੀਬਨ ਹਰ ਕੰਮ ਵਿਚ ਬਦਲਾਅ ਆ ਚੁੱਕੇ ਸਨ ਅਤੇ ਲੋਕ ਉਹਨੂੰ ਆਪਣਾ ਚੁੱਕੇ ਸਨ। ਤੇ ਜਦੋਂ ਇਹ ਕੰਮ ਨਹੀਂ ਸਨ ਰਹਿ ਗਏ ਤਾਂ ਜੱਦੀ-ਜਿੰਮੀਂਦਾਰਾਂ ਦੀਆਂ ਪੜ੍ਹੀਆਂ-ਲਿਖਿਆਂ ਸੰਤਾਨਾਂ ਫਸਲ 'ਚੋਂ ਹਿੱਸਾ ਦੇਣ ਤੋਂ ਇਨਕਾਰੀ ਸਨ। ਉਹ ਆਪਣੇ ਬਜ਼ੁਰਗਾਂ ਨੂੰ ਕਹਿੰਦੇ ਸਨ-ਜ਼ਮਾਨਾ ਬਦਲ ਗਿਆ ਹੈ। ਤੁਸੀਂ ਕਿੱਥੇ ਰਹਿ ਰਹੇ ਹੋ। ਜਦ ਕੋਈ ਕੰਮ ਨਹੀਂ ਇਨ੍ਹਾਂ ਤੋਂ ਲੈਂਦੇ ਫਿਰ ਹਿੱਸਾ ਕਿਸ ਗੱਲ ਦਾ ਦਈਏ। ਸਮੇਂ ਦੇ ਨਾਲ ਸਮਾਜਿਕ ਢਾਂਚੇ ਵਿੱਚ ਬਦਲਾਅ ਹੋਣਾ ਸੁਭਾਵਿਕ ਸੀ ਅਤੇ ਆ ਵੀ ਰਿਹਾ ਸੀ।

ਰੋਟੀ-ਪਾਣੀ ਚਲਣਾ ਮੁਸ਼ਕਲ ਹੋ ਗਿਆ ਸੀ ਤੇ ਬਾਪੂ ਨੇ ਜਦ ਮਹਿੰਦਰ ਨੂੰ ਕੰਮ-ਕਾਰ ਸੰਭਾਲਣ ਲਈ ਕਿਹਾ ਤਾਂ ਉਸ ਸਾਫ ਇਨਕਾਰ ਕਰ ਦਿੱਤਾ-ਬਾਪੂ ਮੈਂ ਨਹੀਂ ਕਰਾਂਗਾ ਇਹ ਪਿਤਾ-ਪੁਰਖੀ ਕੰਮ। ਇਹ ਕੋਈ ਕੰਮ ਹੈ? ਐਵੇਂ ਲੋਕਾਂ ਦੇ ਇਸ਼ਾਰਿਆਂ ਤੇ ਨੱਚਦੇ ਰਹੋ। ਏਥੇ ਜਾ ਉਏ।.... ਉਥੇ ਜਾ ਉਏ.... ਇਹ ਕਰਾਂ.... ਉਹ ਕਰਾਂ। ਟੁੱਟ ਕੇ ਮਰ ਜਾ। ਫਿਰ ਜੇ ਕੋਈ ਮਨ ਆਏ ਤਾਂ ਚਾਹ ਦਾ ਕੱਪ ਪਿਆ ਦੇਵੇ। ਉਹ ਵੀ ਘਰ ਦੇ ਸਭ ਤੋਂ ਘਟੀਆ ਭਾਂਡਿਆਂ ਵਿੱਚ। ਨਾ ਮਨ ਆਵੇ ਤਾਂ ਉਹ ਵੀ ਨਹੀਂ। ਖਾਲੀ ਹੱਥ ਲਮਕਾਉਂਦੇ



ਘਰ ਆ ਜਾਉ। ਕੁੜੀ ਕਿਸੇ ਦੀ। ਮੁੰਡਾ ਕਿਸੇ ਦਾ। ਝੂਠ ਦਾ ਪੁਲੰਦਾ ਅਸੀਂ ਚੁੱਕੀ ਫਿਰੀਏ। ਇਹ ਕੋਈ ਸਾਡੀ ਜਿੰਮੇਵਾਰੀ ਹੈ? ਝੂਠ ਤੇ ਪਾਪ ਸਾਡੇ ਸਿਰ ਕਿਉਂ? ਆਖਰ ਅਸਾਂ ਵੀ ਤੇ ਰੱਬ ਨੂੰ ਹਿਸਾਬ ਦੇਣਾ ਹੈ। ਚੰਗਾ ਹੋ ਜਾਏ ਤਾਂ ਕੋਈ ਸ਼ਾਬਾਸ਼ੀ ਨਹੀਂ। ਜੇ ਬੁਰਾ ਹੋ ਜਾਏ ਤਾਂ ਕਸੂਰ ਸਾਡਾ। ਕਹਿੰਦੇ ਹਨ-ਰਾਜਾ ਤੂੰ ਕੀ ਵੇਖ ਕੇ ਆਇਆ ਸੀ? ਤੂੰ ਤਾਂ ਕਹਿੰਦਾ ਸੀ ਕਿ ਬੜੇ ਵੱਡੇ ਜਿਮੀਂਦਾਰ ਹਨ। ਪਰ ਉਹ ਤਾਂ ਭੁੱਖੇ ਨਿਕਲੇ। ਜਾਂ ਤੂੰ ਤਾਂ ਕਹਿੰਦਾ ਸੀ ਕਿ ਬੜੇ ਭਲੇਮਾਣਸ ਹਨ। ਪਰ ਉਹ ਤਾਂ ਇੱਕ ਨੰਬਰ ਦੇ ਕੁਪੱਤੇ ਨਿਕਲੇ।....ਨਾ ਬਾਪੂ ਨਾ, ਮੈਂ ਨਹੀਂ ਕਰਾਂਗਾ ਇਹ ਕੰਮ। ਨਾਲੇ ਕੰਮ ਰਹਿ ਵੀ ਕਿੱਥੇ ਗਿਆ ਹੈ? ਕੋਈ ਦਾਣੇ ਤਾਂ ਦਿੰਦਾ ਨਹੀਂ।...।

ਪੁੱਤ ਫਿਰ ਕਰਾਂਗੇ ਕੀ? ਰੋਟੀ ਕਿਵੇਂ ਚੱਲੂ? ਆਪਾਂ ਤੇ ਕੰਮੀ-ਕਮੀਨ ਇਹਨਾਂ ਦੇ ਆਸਰੇ ਹੀ ਤਾਂ ਜ਼ਿੰਦਗੀ ਕੱਟਦੇ ਹਾਂ। ਆਪਣੀ ਕਿਹੜੀ ਜ਼ਮੀਨ ਹੈ ਜੁ ਵਾਹਕੇ ਰੋਟੀ ਚਲਾ ਲਵਾਂਗੇ। ਜਾਂ ਦੁਕਾਨ ਹੈ।

ਮਹਿੰਦਰ ਨੂੰ ਇਸ ਸ਼ਬਦ 'ਕੰਮੀ-ਕਮੀਨ' ਤੋਂ ਬਹੁਤ ਨਫਰਤ ਸੀ। ਉਹ ਆਪਣੇ ਆਪ ਨੂੰ ਸਦਾ ਹੀ ਪੁੱਛਦਾ ਸੀ ਕਿਵੇਂ ਹਾਂ ਕੰਮੀ-ਕਮੀਨ? ਕਿਉਂ ਹਾਂ? ਮਿਹਨਤ ਕਰਦੇ ਹਾਂ ਉਨ੍ਹਾਂ ਦੇ ਕੰਮ ਕਰਦੇ ਹਾਂ। ਫਿਰ ਉਹ ਕੁੱਝ ਦਿੰਦੇ ਹਨ। ਉਹ ਵੀ ਆਪਣੀ ਮਰਜ਼ੀ ਨਾਲ।

- ਨਹੀਂ, ਬਾਪੂ ਮੈਂ ਨਹੀਂ ਕਰਾਂਗਾ ਇਹ ਕੰਮ। ਮਹਿੰਦਰ ਨੇ ਆਪਣਾ ਆਖਰੀ ਫੈਸਲਾ ਸੁਣਾ ਦਿੱਤਾ।

-ਪਰ ਕਰੇਂਗਾ ਕੀ?

-ਬਾਪੂ ਮੈਂ ਸ਼ਹਿਰ ਚਲਾ ਜਾਵਾਂਗਾ। ਸੁਣਿਆ ਹੈ ਉਥੇ ਬਹੁਤ ਕੰਮ-ਕਾਰ ਮਿਲ ਜਾਂਦਾ ਹੈ। ਮਿਹਨਤ-ਮਜ਼ੂਰੀ ਕਰਕੇ ਰੋਟੀ ਤਾਂ ਚਲ ਹੀ ਜਾਏਗੀ।

-ਨਹੀਂ ਪੁੱਤ। ਕੋਈ ਆਪਣਾ ਘਰ-ਬਾਹਰ ਅਤੇ ਗਰਾਂ ਛੱਡਕੇ ਜਾਂਦਾ ਹੈ ਭਲਾ? ਇੱਥੇ ਹੀ ਰਹਾਂਗੇ ਜਿੱਥੇ ਸਾਡੇ ਪੁਰਖੇ ਰਹੇ।

-ਨਹੀਂ ਬਾਪੂ।.... ਨਹੀਂ

ਮਹਿੰਦਰ ਨੇ ਬਚਪਨ ਤੋਂ ਹੀ ਬਹੁਤ ਕੁੱਝ ਵੇਖਿਆ ਅਤੇ ਸਹਿਆ ਸੀ। ਛੋਟੇ ਹੁੰਦਿਆਂ ਖੇਡਦਿਆਂ ਹੋਇਆ ਜੇ ਸਰੀਰੋਂ ਮਾੜਾ ਮੁੰਡਾ ਵੀ ਉਸ ਨਾਲ ਜ਼ਿਆਦਤੀ ਕਰ ਦਿੰਦਾ ਸੀ ਤਾਂ ਉਹ ਕੁਝ ਨਹੀਂ ਸੀ ਕਹਿ ਸਕਦਾ। ਕਿਉਂਕਿ ਉਹ ਜਿਮੀਂਦਾਰਾਂ ਦਾ ਮੁੰਡਾ ਹੁੰਦਾ ਸੀ ਤੇ ਉਹ ਕੰਮੀ-ਕਮੀਨਾਂ ਦਾ। ਕਈ ਵਾਰ ਉਸ ਨਾਲ ਖੇਡਣ ਵਾਲੇ ਮੁੰਡੇ ਵੀ ਉਸ ਤੇ ਹੁਕਮ ਚਲਾਉਂਦੇ ਸਨ।-ਜਾ ਉਏ ਮਹਿੰਦਰਾ ਇਹ ਕਰ। ਉਹ ਕਰ। ਪਰ ਉਹ ਨਾਂਹ ਨਹੀਂ ਸੀ ਕਰ ਸਕਦਾ। ਮਾਂ ਦੇ ਖਿਲਾਫ ਲੋਕਾਂ ਦੇ ਕੱਸੇ ਭੱਦੇ ਫਿਕਰੇ ਵੀ ਉਸਨੂੰ ਯਾਦ ਸਨ। ਬਾਪੂ ਦੀ ਕਿੰਨੀ ਕੁ ਇਜ਼ਤ ਹੁੰਦੀ ਸੀ। ਉਹ ਵੀ ਉਸ ਵੇਖੀ ਸੀ। ਆਵਾਜ਼ ਦਿੱਤੀ ਜਾਂਦੀ ਸੀ-ਉਏ ਰਾਜਾ ਇੱਧਰ ਆ। ਤੇ ਬਾਪੂ ਸੱਤ ਬਚਨ ਸਰਦਾਰ ਜੀ' ਕਹਿਕੇ ਪੇਸ਼ ਹੋ ਜਾਂਦਾ ਸੀ ਭਾਵੇਂ ਉਹ ਥੱਕਿਆ ਹੋਵੇ ਭਾਵੇਂ ਬਿਮਾਰ। ਜੇ ਕਿਸੇ ਕੰਮ ਕਹਿ ਦਿੱਤਾ ਤਾਂ ਕਰਨਾ ਹੀ ਪੈਂਦਾ ਸੀ। ਨਾਂਹ ਕਰਨ ਦਾ ਹੀਆ ਹੀ ਨਹੀਂ ਪੈ ਸਕਦਾ ਸੀ।

ਮਹਿੰਦਰ ਦਾ ਅੰਦਰ ਇਹ ਜ਼ਿੰਦਗੀ ਸਵੀਕਾਰ ਨਹੀਂ ਕਰਦਾ ਸੀ। ਏਨੀ ਮਿਹਨਤ ਕਰਨ ਦੇ ਬਾਵਜੂਦ ਵੀ ਕੋਈ ਇਜ਼ਤ ਨਹੀਂ ਸੀ। ਕੋਈ ਸਕੂਨ ਨਹੀਂ ਸੀ। ਨਾਲੇ ਉਹ ਵੇਖਦਾ ਸੀ ਕਿ ਲੋਕ ਤਰੱਕੀਆਂ ਕਰਕੇ ਅੱਗੇ ਵੱਧ ਰਹੇ ਸਨ ਤੇ ਉਹ ਲੋਕ ਕਿਉਂ ਨਹੀਂ? ਨਾ ਹੀ ਕਦੀ ਸਿਰ ਉਠਾਉਣ ਦਾ ਜਾਂ ਸਿਰ ਉਠਾ ਕੇ ਜ਼ਿੰਦਗੀ ਜੀਣ ਦਾ ਮੌਕਾ ਨਸੀਬ ਹੋਇਆ ਸੀ। ਉਸਦਾ ਅੰਦਰ ਇਸ ਜ਼ਿੰਦਗੀ ਤੋਂ ਇਨਕਾਰੀ ਹੋ ਚੁੱਕਾ ਸੀ।

ਤੇ ਫਿਰ ਇੱਕ ਦਿਨ ਮਹਿੰਦਰ ਪਿੰਡ ਛੱਡ ਕੇ ਲਾਗਲੇ ਸ਼ਹਿਰ ਪਹੁੰਚ ਗਿਆ ਸੀ। ਇਹ ਉਹੋ ਸ਼ਹਿਰ

ਸੀ ਜਿੱਥੇ ਉਹ ਕਈ ਵਾਰੀ ਮੱਸਿਆ ਨਹਾਉਣ ਆਉਂਦਾ ਹੁੰਦਾ ਸੀ।

× × ×

ਸ਼ਹਿਰ ਦੀ ਸਰਾਂ ਵਿੱਚ ਰਹਿੰਦਿਆਂ ਉਸ ਕਈ ਸੱਜਣਾਂ ਨਾਲ ਕੰਮ-ਕਾਰ ਦਵਾਉਣ ਦੀ ਗੱਲ ਕੀਤੀ ਸੀ। ਪਰ ਕਿਤਿਉਂ ਵੀ ਰਾਹ ਨਹੀਂ ਸੀ ਮਿਲਿਆ ਤੇ ਫਿਰ ਇੱਕ ਦਿਨ ਉਸ ਇੱਕ ਬਜ਼ੁਰਗ ਨੂੰ ਆਪਣੀ ਵਿਥਿਆ ਦੱਸੀ। ਬਜ਼ੁਰਗ ਨੇ ਕਿਹਾ-ਪੁੱਤ ਕੋਈ ਕੰਮ ਬੁਰਾ ਜਾਂ ਛੋਟਾ ਨਹੀਂ ਹੁੰਦਾ। ਕੰਮ ਜੇ ਰੋਟੀ-ਪਾਣੀ ਦਾ ਸਾਧਨ ਬਣ ਜਾਏ ਤਾਂ ਧੰਦਾ ਬਣ ਜਾਂਦਾ ਹੈ। ਚੰਗਾ ਹੋ ਜਾਂਦਾ ਹੈ। ਸੋ ਜਵਾਨਾ ਜੇ ਆਪਣੇ ਪਿਤਾ-ਪੁਰਖੀ ਕੰਮ ਨੂੰ ਹੁਨਰ ਦੇ ਤੌਰ ਤੇ ਵਰਤੇਂਗਾ ਤਾਂ ਜ਼ਿੰਦਗੀ ਦੀ ਮੁਸ਼ਕਲ ਹੱਲ ਹੋ ਜਾਏਗੀ। ਇਸ ਕੰਮ ਨੂੰ ਆਪਣੇ ਆਪ ਨਾਲ ਨਾ ਜੋੜ। ਰੋਟੀ ਨਾਲ ਜੋੜ ਰੋਜ਼ਗਾਰ ਬਣਾ। ਫਿਰ ਦੇਖ....।

ਗੱਲ ਉਸਦੇ ਪੱਲੇ ਪੈ ਗਈ ਸੀ ਤੇ ਨਾਲੇ ਉਹ ਬਾਕੀ ਕੋਸ਼ਿਸ਼ਾਂ ਕਰਕੇ ਹਾਰ ਚੁੱਕਾ ਸੀ। ਉਸ ਫਿਰ ਆਪਣਾ ਪਿਤਾ-ਪੁਰਖੀ ਕੰਮ ਅਖਿਤਿਆਰ ਕਰ ਲਿਆ ਤੇ ਡੱਟ ਗਿਆ ਸੀ। ਉਸ ਪਿੱਪਲ ਦੇ ਥੱਲੇ ਇੱਕ ਪੁਰਾਣੀ ਕੁਰਸੀ ਅਤੇ ਸ਼ੀਸ਼ਾ ਰੱਖਕੇ। ਆਪਣੀ ਜੱਦੀ ਗੁੱਛੀ ਦਾ ਸਮਾਨ ਖੋਲ੍ਹਕੇ ਬੈਠ ਗਿਆ ਸੀ। ਇੱਕ-ਇੱਕ, ਦੋ-ਦੋ ਕਰਕੇ ਲੋਕ ਆਉਣੇ ਸ਼ੁਰੂ ਹੋ ਗਏ ਤੇ ਕੰਮ ਆਪਣੀ ਥਾਂ ਤੋਂ ਹਿੱਲਣਾ ਸ਼ੁਰੂ ਹੋ ਗਿਆ ਸੀ। ਰੋਟੀ-ਪਾਣੀ ਚੱਲਣਾ ਸ਼ੁਰੂ ਹੋ ਗਿਆ ਸੀ।

ਮਹਿੰਦਰ ਮਿਹਨਤ ਅਤੇ ਲਗਨ ਨਾਲ ਕੰਮ ਕਰਦਾ ਰਿਹਾ। ਰੱਬ ਦੀ ਕ੍ਰਿਪਾ ਨਾਲ ਗਾਹਕਾਂ ਦੀ ਗਿਣਤੀ ਵੀ ਵੱਧਦੀ ਗਈ ਅਤੇ ਆਮਦਨ ਵੀ।

ਫਿਰ ਮਹਿੰਦਰ ਪਿੱਪਲ ਦੇ ਥੱਲਿਉਂ ਉਠਕੇ ਇੱਕ ਦੁਕਾਨ ਵਿੱਚ ਆ ਗਿਆ। ਹੌਲੀ-ਹੌਲੀ ਦੁਕਾਨ ਇੱਕ ਸੈਲੂਨ ਵਿੱਚ ਬਦਲ ਗਈ ਜਿਸ ਵਿੱਚ ਮਹਿੰਦਰ ਤੋਂ ਇਲਾਵਾ ਹੋਰ ਵੀ ਕੰਮ ਕਰਨ ਵਾਲੇ ਰੱਖ ਲਏ ਗਏ ਸਨ। ਹੁਣ ਮਹਿੰਦਰ ਨਾਈ, ਨਾਈ ਤੋਂ ਮਾਸਟਰ ਬਣ ਗਿਆ ਸੀ।

ਆਮਦਨ ਦਾ ਸਾਧਨ ਚੰਗਾ ਹੋਣ ਤੇ ਉਸਨੇ ਪਿੰਡ ਬਾਪੂ ਨੂੰ ਵੀ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ ਸਨ। ਬਾਪੂ ਜਦ ਵੀ ਮੱਸਿਆ ਤੇ ਆਉਂਦਾ ਸੀ ਤਾਂ ਮਹਿੰਦਰ ਨੂੰ ਜ਼ਰੂਰ ਮਿਲਦਾ ਸੀ। ਮਹਿੰਦਰ ਦਾ ਕੰਮ-ਕਾਰ ਵੇਖਕੇ ਉਹ ਫੁੱਲਿਆ ਨਹੀਂ ਸੀ ਸਮਾਉਂਦਾ।

ਅੱਜ ਫਿਰ ਬਾਪੂ ਮੱਸਿਆ ਆਇਆ ਹੋਇਆ ਸੀ। ਉਸ ਨਾਲ ਪਿੰਡ ਦਾ ਨੰਬਰਦਾਰ ਵੀ ਸੀ। ਦੋਵੇਂ ਜਣੇ ਦੁਕਾਨ ਤੇ ਆ ਗਏ। ਬਾਪੂ ਨੇ ਕਿਹਾ-ਮਹਿੰਦਰਾ ਮੈਂ ਨੰਬਰਦਾਰ ਸਾਹਿਬ ਨੂੰ ਕਿਹਾ ਸੀ ਕਿ ਮੇਰੇ ਨਾਲ ਚੱਲੋ। ਮੈਂ ਤੁਹਾਨੂੰ ਮਹਿੰਦਰ ਦੀ ਦੁਕਾਨ ਵਖਾਉਂਦਾ ਹਾਂ। ਤੇ ਉਹਨਾਂ ਨੂੰ ਨਾਲ ਲੈ ਆਇਆ।

ਮਹਿੰਦਰ ਨੇ ਨੰਬਰਦਾਰ ਸਾਹਿਬ ਦਾ ਬਹੁਤ ਚੰਗੀ ਤਰ੍ਹਾਂ ਸਵਾਗਤ ਕੀਤਾ ਅਤੇ ਬਿਠਾਇਆ। ਚਾਹ-ਪਾਣੀ ਪਿਆਇਆ ਨੰਬਰਦਾਰ ਨੇ ਵੇਖਿਆ ਕਿ ਸਾਰੇ ਮਹਿੰਦਰ ਨੂੰ ਮਾਸਟਰ ਜੀ ਕਹਿ ਕੇ ਬੁਲਾ ਰਹੇ ਸਨ। ਉਹ ਵੀ ਉਨ੍ਹਾਂ ਨੂੰ ਬੜੇ ਵਿਸ਼ਵਾਸ਼ ਨਾਲ ਜਵਾਬ ਦੇ ਰਿਹਾ ਸੀ। ਦੁਕਾਨ ਤੇ ਕਈ ਕੰਮ ਕਰਨ ਵਾਲੇ ਸਨ। ਗਾਹਕਾਂ ਦੀ ਭੀੜ ਲੱਗੀ ਹੋਈ ਸੀ। ਵੱਖਕੇ ਨੰਬਰਦਾਰ ਹੈਰਾਨ ਰਹਿ ਗਿਆ ਸੀ।

ਚਾਹ-ਪਾਣੀ ਪੀ ਕੇ ਨੰਬਰਦਾਰ ਪਿੰਡ ਨੂੰ ਚਲਾ ਪਿਆ। ਰਾਹ ਵਿੱਚ ਪਿੰਡ ਵਾਲਿਆਂ ਨੂੰ ਕਹਿਣ ਲੱਗ-ਬਈ ਵਾਕਿਆ ਹੀ ਜ਼ਮਾਨਾ ਤਰੱਕੀ ਕਰ ਗਿਆ ਹੈ। ਸੱਚ ਕਹਿੰਦਾ ਸੀ ਸਾਡਾ ਪਾੜ੍ਹਾ ਅਸੀਂ ਹੀ ਨਹੀਂ ਸਾਂ ਮੰਨਦੇ। ਵੇਖ ਲਉ ਮਹਿੰਦਰ ਨਾਈ ਸ਼ਹਿਰ ਆ ਕੇ ਮਹਿੰਦਰ ਨਾਈ ਤੋਂ ਮਾਸਟਰ ਬਣ ਗਿਆ ਹੈ ਅਤੇ ਜੱਟ-ਜਿਮੀਂਦਰਾਂ ਨੂੰ ਚਾਹ-ਪਾਣੀ ਪਿਆਉਣ ਜੋਗਾ ਹੋ ਗਿਆ ਹੈ।•

393/I 45-ਏ ਚੰਡੀਗੜ੍ਹ
(ਮੋਬਾਇਲ 9417704028)



<u>ਵਾਹਗੇ ਪਾਰ ਦੇ ਕਵੀ</u>

# ਪੋਠੋਹਾਰ ਦਾ ਪੰਜਾਬੀ ਕਵੀ - ਬਾਕੀ ਸਦੀਕੀ

-ਹਰਭਜਨ ਸਿੰਘ ਹੁੰਦਲ

ਲਹਿੰਦੇ ਪੰਜਾਬ ਵਿਚ ਪੰਜਾਬੀ ਦੇ ਕਈ ਏਨੇ ਚੰਗੇ ਕਵੀ ਹਨ ਕਿ ਜਿਨ੍ਹਾਂ ਦੇ ਜੀਵਨ ਸਮਾਚਾਰਾਂ ਬਾਰੇ ਅਸੀਂ ਕੁਝ ਨਹੀਂ ਜਾਣਦੇ। ਸਾਡੇ ਕੋਲ ਇਹ ਕੁਝ ਜਾਨਣ ਲਈ ਏਨਾ ਸਮਾਂ ਵੀ ਨਹੀਂ ਹੁੰਦਾ। ਜੇ ਕਦੇ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਯਾਤਰਾ ਬਹਾਨੇ ਓਧਰ ਜਾਣ ਦਾ ਮੌਕਾ ਮਿਲਦਾ ਵੀ ਹੈ ਤਾਂ ਦੋ ਦਿਨ ਪੰਜਾ ਸਾਹਿਬ, ਦੋ ਦਿਨ ਨਨਕਾਣਾ ਸਾਹਿਬ ਤੇ ਤਿੰਨ ਦਿਨ ਲਾਹੌਰ ਵਿਚ ਲੇਖਕਾਂ ਦਾ ਸੁਰ-ਪਤਾ ਲਾਉਣ ਤੇ ਲੱਭਣ ਵਿਚ ਹੀ ਲੱਗ ਜਾਂਦੇ ਹਨ। ਕਦੇ ਲਾਹੌਰ ਵਿਚ ਮਹੀਨਾ ਦਸ ਦਿਨ ਖੁੱਲ੍ਹ ਕੇ ਵਿਚਰਨ ਤੇ ਲੇਖਕਾਂ ਨੂੰ ਮਿਲਣ-ਗਿਲਣ ਦਾ ਮੌਕਾ ਮਿਲੇ ਤਾਂ ਉਥੋਂ ਦੇ ਅਦਬੀ-ਸੰਸਾਰ ਦਾ ਕੁਝ ਪਤਾ ਲੱਗੇ। ਯੂਰਪ ਤੇ ਉੱਤਰੀ ਅਮਰੀਕਾ ਦੇ ਦੇਸ਼ਾਂ ਵਿਚ ਜਾਣਾ ਕਿਤੇ ਸੌਖਾ ਹੈ ਤੇ ਪਾਕਿਸਤਾਨ ਜਾਣਾ ਔਖਾ। ਇਹੀ ਕਾਰਨ ਹੈ ਕਿ ਲਹਿੰਦੇ ਪੰਜਾਬ ਦੇ ਪੰਜਾਬੀ ਲੇਖਕਾਂ ਬਾਰੇ ਸਾਡੀ ਜਾਣਕਾਰੀ ਬੜੀ ਅਧੂਰੀ ਹੈ।

ਮਈ 1969 ਵਿਚ ਜਦੋਂ ਮੈਂ ਧਾਰਮਿਕ ਯਾਤਰਾ ਦੇ ਪੱਜ ਲਾਹੌਰ ਗਿਆ ਤਾਂ ਉਥੋਂ ਦੇ ਕੁਝ ਚੋਣਵੇਂ ਲੇਖਕਾਂ ਨੂੰ ਘੜੀ ਪਲ ਮਿਲਣ-ਗਿਲਣ ਦਾ ਅਵਸਰ ਮਿਲਿਆ। ਸ਼ਾਇਦ ਉਥੇ ਹੀ ਪੰਜਾਬੀ ਕਵੀ ਹਸਨ-ਇਰਾਫੀ ਨੇ ਬਾਕੀ ਸਦੀਕੀ ਦਾ ਪਲੇਠਾ ਕਾਵਿ ਸੰਗ੍ਰਹਿ 'ਕੱਚੇ ਘੜੇ' ਲਿਆ ਕੇ ਮੈਨੂੰ ਭੇਂਟ ਕੀਤਾ ਸੀ। ਬੜੇ ਸਾਲ ਇਹ ਸੰਗ੍ਰਹਿ ਮੇਰੀ ਲਾਇਬ੍ਰੇਰੀ ਵਿਚ ਸੰਭਾਲਿਆ ਪਿਆ ਰਿਹਾ। ਹੌਲੀ-ਹੌਲੀ ਇਸ ਦੀ ਜਿਲਦ ਦੇ ਸਰਵਰਕ ਘਸਦੇ-ਘਸਦੇ ਬੇ-ਪਛਾਣ ਹੁੰਦੇ ਗਏ। ਅਖੀਰ ਮੈਂ ਇਸ ਦੀ ਕੁਝ ਮੁਰੰਮਤ ਕੀਤੀ ਅਥਵਾ ਜਿਲਦ-ਬੰਦੀ ਕਰਕੇ, ਇਸ ਦਾ ਪੂਰਨ-ਪਾਠ ਆਰੰਭ ਕੀਤਾ।

ਬਾਕੀ ਸਦੀਕੀ ਦੇ ਜਨਮ ਤੇ ਜੀਵਨ ਬਾਰੇ ਵੇਰਵੇ ਘੱਟ ਮਿਲਦੇ ਹਨ 'ਕੁਝ ਪਾਰ ਦੀਆਂ' ਕਵਿਤਾ-ਸੰਗ੍ਰਹਿ ਦੇ ਸੰਪਦਾਕ ਅਸ਼ਫਾਕ ਸਰਵਰ ਦੀ ਸੂਚਨਾ ਤੇ ਖੋਜ ਅਨੁਸਾਰ ਬਾਕੀ ਸਦੀਕੀ ਦਾ ਜਨਮ 1909 ਵਿਚ ਰਾਵਲਪਿੰਡੀ ਦੇ ਕਸਬੇ ਟੈਕਸਲਾ ਦੇ ਨੇੜੇ ਕਿਸੇ ਪਿੰਡ ਵਿਚ ਹੋਇਆ ਸੀ। ਉਨ੍ਹਾਂ ਨੇ ਰੇਡੀਓ ਪਾਕਿਸਤਾਨ ਰਾਵਲਪਿੰਡੀ ਵਿਚ ਕੁਝ ਦੇਰ ਕੰਮ ਕੀਤਾ। ਉਹ ਉਰਦੂ ਵਿਚ ਵੀ ਲਿਖਦੇ ਸਨ, ਜਿਸ ਦਾ ਪਰ ਕੋਈ ਵੇਰਵਾ ਪ੍ਰਾਪਤ ਨਹੀਂ। ਉਹ 1972 ਵਿਚ ਸਵਰਗਵਾਸ ਹੋ ਗਏ। ਦੁੱਖ ਦੀ ਗੱਲ ਹੈ ਕਿ ਏਨੇ ਚੰਗੇ ਪੰਜਾਬੀ ਕਵੀ ਬਾਰੇ ਸਾਡੀ ਜਾਣਕਾਰੀ ਕਿੰਨੀ ਅਧੂਰੀ ਹੈ।

'ਕੱਚੇ ਘੜੇ' ਕਾਵਿ-ਸੰਗ੍ਰਹਿ ਮਜਲਸ ਸ਼ਾਹ ਹੁਸੈਨ ਲਾਹੌਰ ਨੇ ਸੂਫ਼ੀ ਕਵੀ ਸ਼ਾਹ-ਹੁਸੈਨ ਦੇ 358ਵੇਂ ਵਾਰਸ਼ਿਕ ਉਰਸ (ਉਤਸਵ) ਸਮੇਂ 1967 ਵਿਚ ਛਾਪਿਆ ਸੀ। ਜੇ

ਮਜਲਸ ਇਹ ਉੱਦਮ ਨਾ ਕਰਦੀ ਤਾਂ ਇਹ ਲਾਜਵਾਬ ਕਾਵਿ ਸੰਗ੍ਰਹਿ ਸਮੇਂ ਦੀ ਧੂੜ ਵਿਚ ਆਲੋਪ ਹੋ ਜਾਣਾ ਸੀ।

ਬਾਕੀ ਸਦੀਕੀ ਦੇ ਸੰਗ੍ਰਹਿ ਦੇ ਟਾਈਟਲ ਵਾਲੇ ਅੰਤਲੇ ਸਫ਼ੇ ਉੱਤੇ ਪ੍ਰਸਿੱਧ ਪੰਜਾਬੀ ਕਵੀ ਮੰਨੂੰ ਭਾਈ ਲਿਖਦੇ ਹਨ ;

"ਬਾਕੀ ਸਦੀਕੀ ਪਿੰਡ ਤੇ ਸ਼ਹਿਰ" ਅਸਲ ਤੇ ਨਕਲ, ਸੱਚ ਤੇ ਝੂਠ ਦੇ ਵਿਚਕਾਰ ਬੜੀ ਤੇਜ਼ੀ ਨਾਲ ਸੁੰਘੜਦੀਆਂ ਹੋਈਆਂ ਵਿੱਥਾਂ, ਨਾਪਣ ਵਾਲਾ ਸਭ ਤੋਂ ਵੱਡਾ ਸ਼ਾਇਰ ਏ। ਉਹਨੇ ਅਜਿਹੇ ਵੇਲੇ ਤੇ ਅਜਿਹੀਆਂ ਥਾਵਾਂ ਤੇ ਆਪਣੀਆਂ ਅੱਖੀਆਂ ਖੋਲ੍ਹੀ ਰੱਖੀਆਂ ਜਦੋਂ ਬੜੇ-ਬੜੇ ਵੱਡੇ ਸ਼ਾਇਰ, ਗੁੰਗੇ, ਅੰਨ੍ਹੇ ਤੇ ਡੋਰੇ ਹੋ ਗਏ। ਵਿੱਥਾਂ ਨਾਪਣ ਤੇ ਸ਼ੀਸ਼ੇ ਧੋਣ ਵਾਲੀ ਏਸ ਸ਼ਾਇਰੀ ਦੀ ਅੱਜ ਵੀ ਕੌਮੀ ਅਦਬ ਤੇ ਕੌਮੀ ਜ਼ਿੰਦਗੀ ਨੂੰ ਏਨੀ ਹੀ ਲੋੜ ਏ, ਜਿੰਨੀ ਅੱਜ ਤੋਂ ਪੰਦਰਾਂ ਸਾਲ ਪਹਿਲੇ ਅਹਿਮਦ ਰਾਹੀ ਦੀ "ਤ੍ਰਿੰਝਣ" ਦੀ ਲੋੜ ਸੀ।

ਮੁਨੀਰ-ਨਿਆਜ਼ੀ ਤੇ ਸ਼ਰੀਫ-ਕੁੰਜਾਹੀ ਤੋਂ ਬਾਅਦ ਬਾਕੀ ਸਦੀਕੀ ਇਕ ਕਵੀ ਵਜੋਂ ਐਸਾ ਨਾ ਹੈ, ਜਿਸ ਨੇ ਜਦੀਦ (ਨਵੀਂ) ਨਜ਼ਮ ਲਿਖ ਕੇ ਪਾਕਿਸਤਾਨੀ ਪੰਜਾਬੀ ਆਜਾਦ ਨਜ਼ਮ ਨੂੰ ਅੱਗੇ ਤੋਰਿਆ। ਅਸਲ ਵਿਚ ਰੂਪਕ ਪੱਖੋਂ ਇਹ ਬਿਲਕੁਲ ਵਾਰਤਕ-ਮਈ ਆਜ਼ਾਦ ਨਜ਼ਮ ਨਹੀਂ ਕਹਿੰਦਾ। ਉਹ ਆਪਣੀ ਗੱਲ ਕਿਸੇ ਸੁਰ ਲੈਅ ਤੇ ਤਾਲ ਵਿਚ ਆਖਦਾ ਹੈ। ਉਸ ਦੀ ਸ਼ਾਇਰੀ ਉੱਤੇ ਲੋਕ ਧਾਰਾ (Folk -Lore) ਦਾ ਬੜਾ ਪ੍ਰਭਾਵ ਹੈ। ਉਹ ਦੋਹਾਂ ਤਰ੍ਹਾਂ ਦੀ ਕਵਿਤਾ ਲਿਖਣ ਵਿਚ ਪੂਰਾ ਤਾਕ ਹੈ। ਸਹੀ ਅਰਥਾਂ ਵਿਚ ਉਹ ਅਤਿ ਦੀ ਸੰਖੇਪ ਗੱਲ ਲਿਖਣ ਵਿਚ ਪ੍ਰਪੱਕ ਹੈ। ਸੰਖੇਪਤਾ ਉਸ ਦੀ ਸ਼ਾਇਰੀ ਦੀ ਉੱਘੜਦੀ ਵਿਸ਼ੇਸ਼ਤਾਈ ਹੈ, ਜਿਹੜੀ ਉਸ ਨੂੰ ਆਪਣੇ ਪੂਰਬ-ਕਾਲੀਆਂ ਅਤੇ ਸਮਕਾਲੀਆਂ ਤੋਂ ਸਪੱਸ਼ਟ ਭਾਂਤ ਨਿਖੇੜਦੀ ਹੈ। ਉਸ ਦੀ ਕਵਿਤਾ ਦੇ ਪਹਿਲੇ ਪਾਠ ਤੋਂ ਲੈ ਕੇ ਅੱਜ ਤੀਕਰ ਮੇਰੀ ਜ਼ੁਬਾਨ ਉੱਤੇ ਹੇਠ ਲਿਖੀਆਂ ਦੋ ਨਜ਼ਮਾਂ ਅਟਕੀਆਂ ਰਹੀਆਂ ਹਨ। ਇਕ ਕਵਿਤਾ ਦਾ ਨਾਂ ਹੈ "ਬੁੜ੍ਹਾਪਾ" ਤੇ ਦੂਸਰੀ ਹੈ "ਆਜ਼ਾਦੀ"

**ਗੱਡੀ ਲੰਘ ਗਈ**
ਤੇ ਪਿੱਛੇ ਰਹਿ ਗਿਆ।
ਭਾਂ ਭਾਂ ਕਰਨਾ (ਕਰਦਾ) ਟੇਸ਼ਨ
ਤੇ ਸ਼ਾਂ ਸ਼ਾਂ ਕਰਦੇ ਕੰਨ।

**ਆਜ਼ਾਦੀ**
ਉੱਚੀਆਂ ਕੰਧਾਂ
ਡੱਕ ਨਾ ਸਕਣ



ਫੁੱਲਾਂ ਨੀ (ਦੀ) ਖ਼ੁਸ਼ਬੋ।

ਬਾਕੀ ਸਦੀਕੀ ਦੀ ਕਾਵਿਕ-ਸ਼ੈਲੀ ਵਿਚ ਸ਼ਾਇਰਾਨਾ ਰਸ ਤੇ ਕੋਮਲਤਾ ਹੈ, ਉਹ ਅਕਾਵਿਕ ਗੱਲ ਕਦੇ ਵੀ ਨਹੀਂ ਕਰਦਾ। ਉਸ ਕੋਲ ਲੋਕ-ਕਾਵਿ ਦਾ ਕੀਮਤੀ ਸਰਮਾਇਆ ਹੈ। ਇਸ ਸਰਮਾਏ ਨੂੰ ਉਹ ਬਾਖੂਬੀ ਵਰਤੋਂ ਵਿਚ ਲਿਆਉਂਦਾ ਹੈ। ਕਈ ਵਾਰ ਉਸ ਦੀ ਕਵਿਤਾ ਰੁਮਾਂਟਿਕ ਭਾਂਤ ਦੀ ਪ੍ਰਤੀਕ ਹੁੰਦੀ ਹੈ, ਪਰ ਉਹ ਸੱਜਰੇ ਅਨੁਭਵ ਨੂੰ ਰੁਮਾਂਸ ਦੀ ਹਲਰੀ ਜੇਹੀ ਛੁਹ ਲਾ ਕੇ ਕਾਵਿਕ ਸਰੂਪ ਵਿਚ ਤਬਦੀਲ ਕਰ ਦਿੰਦਾ ਹੈ। ਇੰਝ ਰੁਮਾਂਸ ਤੇ ਯਥਾਰਥ ਦੇ ਸੁਮੇਲ ਨਾਲ ਉਸ ਦੀ ਕਲਾ ਹੋਰ ਦਿਲ-ਖਿਚਵੀਂ, ਪ੍ਰਭਾਵਸ਼ਾਲੀ ਤੇ ਕਾਵਿਕ ਪ੍ਰਤੀਤ ਹੋਣ ਲੱਗਦੀ ਹੈ।

ਹਰ ਚੰਗਾ ਕਵੀ ਆਪਣੇ ਆਲੇ-ਦੁਆਲੇ ਦੀਆਂ ਭੂਗੋਲਿਕ ਸਥਿਤੀਆਂ ਤੇ ਸਥਾਨਕ ਰੰਗਤਾਂ ਤੋਂ ਨਿਰਲੇਪ ਨਹੀਂ ਰਹਿ ਸਕਦਾ। ਉਸ ਨੂੰ ਇਸੇ ਹੀ ਪ੍ਰਕਿਰਤਕ ਤੇ ਸਮਾਜਿਕ ਚੌਗਿਰਦੇ ਤੋਂ ਆਪਣੀਆਂ ਕਵਿਤਾਵਾਂ ਦੀ ਅਚੇਤ ਸੁਚੇਤ ਪ੍ਰੇਰਨਾ ਪ੍ਰਾਪਤ ਹੁੰਦੀ ਹੈ। ਪਿਆਰ ਦੇ ਜਜ਼ਬੇ ਨੂੰ ਪ੍ਰਗਟ ਕਰਨ ਵੇਲੇ ਉਹ ਪ੍ਰਗੀਤਕ ਹੋ ਜਾਂਦਾ ਹੈ ਤੇ ਸਮਾਜਿਕ ਵਿਸ਼ਿਆਂ ਦੇ ਨਿਭਾਅ ਵੇਲੇ ਵਧੇਰੇ ਯਥਾਰਥਕ।

ਬਾਕੀ ਸਦੀਕੀ ਪੋਠੋਹਾਰੀ ਪੰਜਾਬੀ ਕਵੀ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਪੋਠੋਹਾਰ ਦੇ ਲੋਕ-ਉਚਾਰਨ ਤੇ ਸਥਾਨਕ ਸ਼ਬਦਾਵਲੀ ਨੂੰ ਕਾਇਮ ਰੱਖਦਾ ॥ ਮੁੱਢਲੇ ਦੌਰ ਵਿਚ ਪੋਠੋਹਾਰ ਦੇ ਉਸ ਇਲਾਕੇ ਵਿਚੋਂ ਹੀ ਪ੍ਰੋ. ਮੋਹਣ ਸਿੰਘ ਵਰਗੇ ਸ਼ਾਇਰਾਂ ਨੇ ਸਾਡੀ ਬੋਲੀ ਨੂੰ ਵੱਡਾ ਮਾਣ ਬਖ਼ਸ਼ਿਆ ਸੀ। ਪਾਕਿਸਤਾਨ ਦਾ ਉਹ ਪਹਿਲਾ ਕਵੀ ਹੈ, ਜਿਸ ਨੇ ਸ਼ਾਹ ਮੁਖੀ ਵਿਚ ਪੰਜਾਬੀ ਕਵਿਤਾ ਲਿਖ ਕੇ ਇਸ ਸਥਾਨਕ ਉਪ-ਭਾਸ਼ਾ ਦੀ ਰੰਗਤ ਤੇ ਸਥਾਨਿਕਤਾ ਨੂੰ ਕਾਇਮ ਰੱਖਿਆ ਹੈ। ਉਸ ਨੇ ਕਾ, ਕੀ ਤੇ ਅਤੇ ਕੇ ਦੀ ਥਾਂ ਉੱਤੇ 'ਨਾ' ਤੇ 'ਨੇ' ਵਰਗੇ ਪੋਠੋਹਾਰੀ ਸ਼ਬਦ ਵਰਤੇ ਹਨ। ਇੰਝ ਹੀ ਮੈਂਡਾ ਤੈਂਡਾ ਸ਼ਬਦ ਵੀ।

ਕੱਚੇ ਘੜੇ ਦੀ ਭੂਮਿਕਾ ਵਿਚ ਜਨਾਬ ਰਾਏ ਮਨਸਬ ਅਲੀ ਖਾਨ ਲਿਖਦੇ ਹਨ ਕਿ ਇਕ ਵਾਰੀ ਆਲੇ-ਦੁਆਲੇ ਦੇ ਇਕ ਦੋ ਪਿੰਡਾਂ ਵਾਲਿਆਂ ਨੇ ਆਖਿਆ ਕਿ "ਬਾਕੀ ਪੋਠੋਹਾਰੀ ਦਾ ਵੱਡਾ ਸ਼ਾਇਰ ਏ" "ਪੋਠੋਹਾਰੀ ਦਾ ਨਹੀਂ ਪੰਜਾਬੀ ਦਾ ਸ਼ਾਇਰ" ਬਾਕੀ ਸਦੀਕੀ ਦਾ ਉੱਤਰ ਸੀ। ਅਸਲ ਵਿਚ ਉਹ ਪੋਠੋਹਾਰੀ ਪੰਜਾਬੀ ਦਾ ਸਿਰ ਕੱਢਵਾਂ ਤੇ ਮੌਲਿਕ-ਸ਼ੈਲੀ ਵਾਲਾ ਕਵੀ ਹੈ। ਪੋਠੋਹਾਰੀ ਸ਼ੈਲੀ ਤੇ ਉਚਾਰਨ ਉਸ ਦੀ ਹਰ ਕਵਿਤਾ ਵਿਚ ਆਪਣੀਆਂ ਛੋਹਾਂ ਲਾ ਜਾਂਦਾ ਹੈ। ਕੇਵਲ ਇੱਕ ਹੀ ਉਦਾਹਰਣ ਪੇਸ਼ ਹੈ।

**ਸਾਂਝਾ**
ਤੁੱਧ ਗੁਲਾਬੀ ਚੁੰਨੀ ਰੰਗੀ, ਮੈਂ ਗੁਲਾਬੀ ਪੱਗ
ਦੋ ਦਿਨਾਂ ਨਾ (ਦਾ) ਇਤਨਾ ਮਿਲਨਾ, ਤੱਕ ਨਾ ਸਕਿਆ ਜੱਗ।

ਪੋਠੋਹਾਰੀ ਪੰਜਾਬੀ ਕਵੀ ਹੋਵੇ ਤੇ ਉਹ ਸੁਆਂ ਨਦੀ ਦਾ ਜ਼ਿਕਰ ਨਾ ਕਰੇ। ਇਹ ਰਚਨਾ ਇਕ ਗੀਤ ਦੇ ਰੂਪ ਵਿਚ ਹੈ--

ਵਗਨਾ ਪਿਆ ਸਵਾਂ ਢੋਲਾ
ਛੋੜ ਨਾ ਦੇਵੀਂ ਬਾਂਹ ਢੋਲਾ
ਲਹਿਰਾਂ ਭੇਤ ਦਿਲੇ ਨੇ ਖੋਲ੍ਹੇ
ਵੱਟੇ ਵੱਟੇ ਉੱਤੇ ਬੋਲੇ
ਤੈਂਡਾ ਮੈਂਡਾ ਨਾਂ ਢੋਲ।

ਇੰਞ ਹੀ "ਮਾਰਗਲੇ ਦੇ ਬੱਦਲ ਲਿਸ਼ਕੇ" ਗੀਤ ਵਿਚ ਪਿਆਰ ਤੇ ਬ੍ਰਿਹਾ ਦੇ ਕੋਮਲ ਜਜ਼ਬਿਆਂ ਦਾ ਖ਼ੂਬਸੂਰਤ ਪ੍ਰਗਟਾਵਾ ਹੈ। ਇਹ ਗੀਤ ਲੋਕ-ਗੀਤ ਦੇ ਪੈਟਰਨ ਉੱਤੇ ਲਿਖੇ ਗਏ ਹਨ। ਫੁੱਲਾਂ ਦੀਆਂ ਪੱਤੀਆਂ ਵਰਗੇ ਕੋਮਲ ਕੁਸੰਭੜੇ ਤੇ ਫੁੱਲਾਂ ਵਰਗੇ ਜੋ ਹੱਥ ਲਾਇਆਂ ਕੁਮਲਾ ਜਾਂਦੇ ਹਨ।

ਮਰਾਗਲੇ ਦੇ ਬੱਦਲ ਲਿਸ਼ਕੇ
ਸਾਥ ਨਾ ਦਿੱਤਾ ਈ,
ਆਈ ਆ, ਅਜ਼ਕੇ
ਰਾਹੇ ਵਿਚ ਸੱਟਿਆ ਈ ਢੋਲਾ
ਮੈਂ ਬੈਠੀ ਚੀੜਾਂ ਲੀਕਾਂ
ਨੀਵਾਂ ਕੀਤਾ ਈ ਵਿਚ ਸ਼ਰੀਕਾਂ
ਤਾਂ ਕੇ ਖੱਟਿਆ ਈ ਢੋਲਾ

ਇੰਞ ਹੀ 'ਸਰਘੀ ਨਾ ਵੇਲਾ ਹੋਇਆ' ਗੀਤ

ਸਰਘੀ ਨਾ ਵੇਲਾ ਹੋਇਆ
ਜਾਗ ਪਈਆਂ ਗਲੀਆਂ
ਕਿਸੇ ਆ ਬੁਲਾਣ ਪਈਆਂ
ਉਠਾਂ ਨੀਆਂ ਟੱਲੀਆਂ
ਨੇਰੇ ਨੇਰੇ ਚੋਰੀ ਚੋਰੀ
ਥੋਰੀਆਂ ਨੇ ਭਾਰ ਲੱਦੇ
ਟੱਲੀਆਂ ਵਿਚ ਸਾਹ ਰੱਖੇ,
ਰੱਸੀਆਂ ਵਿਚ ਦਿਲ ਬੱਧੇ



ਦਿਲਾਂ ਨੀਆਂ (ਦੀਆਂ) ਸੱਧਰਾਂ
ਕਜਾਵੇ ਨਾਲ ਵਲੀਆਂ
ਸਰਘੀ ਨਾ ਵੇਲਾ ਹੋਇਆ
ਜਾਗ ਪਈਆਂ ਗਲੀਆਂ।

ਬਦਲਦੇ ਸਮਿਆਂ ਨਾਲ ਸੱਭਿਆਚਾਰਕ ਕਦਰਾਂ-ਕੀਮਤਾਂ ਵੀ ਬਦਲਦੀਆਂ ਹਨ। ਪੇਕੇ ਆਣ ਕੇ ਬਦਲਦੀਆਂ ਪ੍ਰਸਥਿਤੀਆਂ ਦਾ ਹੇਰਵਾ

ਖੇਡਾਂ ਸਭ ਵਿਚਾਲੇ ਪਈਆਂ
ਨਾ ਉਹ ਸੱਜਣ, ਨਾ ਉਹ ਸਈਆਂ
ਐਵੇਂ ਫੇਰੇ ਪਾ
ਇਹ ਨਹੀਂ ਮੈਂਡਾ ਗਰਾਂ।

ਪੋਠੋਹਾਰ ਭਾਵੇਂ ਸਾਥੋਂ ਛੁੱਟ ਗਿਆ ਹੈ, ਪਰ ਹੈ ਤਾਂ ਕਦੇ ਸਾਂਝੇ ਪੰਜਾਬ ਦਾ ਹਿੱਸਾ ਹੀ ਸੀ। ਭੂਗੋਲਿਕ ਵੰਡਾਂ ਨੇ ਸੱਭਿਆਚਾਰ ਨਹੀਂ ਵੰਡਿਆ। ਇਹ ਗੀਤ ਸਾਡੇ ਆਪਣੇ ਹੀ ਹਨ। ਪੰਜਾਬ ਦੇ ਬਦਲ ਰਹੇ ਤੇ ਬਦਲ ਗਏ ਸੱਭਿਆਚਾਰ ਦੀਆਂ ਸਾਹਿਤਕ ਦਸਤਾਵੇਜ਼ਾਂ।

ਮੈਂ ਬਾਕੀ ਸਦੀਕੀ ਨੂੰ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਮੰਨਦਾ ਹਾਂ। ਪੰਜਾਬੀ ਮੁਹਾਵਰੇ ਅਨੁਸਾਰ ਉਸ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਵਿਤਾ ਰਾਹੀਂ ਉਸ ਨੇ ਦੋ ਤਿੰਨ ਰੇਖਾ-ਚਿੱਤਰ ਉਲੀਕੇ ਹਨ। 'ਦਾਦੂ' ਤੇ 'ਮਾਸੀ ਮਿਹਰਾਂ।'

'ਦਾਦੂ ਬਦਮਾਸ਼' ਵਰਗੇ ਦਾ ਇਹ ਚਿੱਤਰ ਇਕ ਪ੍ਰਮਾਣਿਕ ਨਮੂਨਾ ਹੈ, ਬਾਕੀ ਦੀ ਸ਼ਾਇਰੀ ਦਾ। ਇਹ ਜਿੰਨਾ ਨਿੱਕਾ ਹੈ, ਓਨਾ ਹੀ ਭਾਵ-ਪੂਰਤ ਤੇ ਸੰਖੇਪ ਸੁਝਾਓ, ਬਹੁਤ ਕੁਝ ਕਹਿ ਕੇ ਵੀ, ਕਿੰਨਾ ਕੁ ਅਣਕਿਹਾ ਛੱਡ ਦਿੱਤਾ ਹੈ, ਪਾਠਕਾਂ ਦੇ ਸੋਚਣ ਲਈ।

**ਦਾਦੂ**

ਦਾਦੂ ਹਿੱਕ ਬਦਮਾਸ਼
ਉੱਚਾ ਸ਼ਮਲਾ ਰੱਖੇ
ਚਿੱਟੇ ਕੱਪੜੇ ਲਾਏ।
ਟੁਰਨਾ ਫਿਰਨਾ ਫਿਤਨਾ
ਸੁੱਤੀਆਂ ਕਲਾ ਜਗਾਏ।
ਕੋਈ ਕੰਮ ਨਾ ਛੋੜੇ
ਰਾਤੀਂ ਸੀਨ੍ਹਾਂ ਲਾਏ
ਫਜਰੀਂ ਕਿੱਕਰਾਂ ਥੱਲੇ।
ਬਹਿ ਕੇ ਖੇਡੇ ਤਾਸ਼

ਦਾਦੂ ਹਿਕ ਬਦਮਾਸ਼।

ਦਾਦੂ ਹਿਕ ਬਦਮਾਸ਼
ਨਿੱਕੇ ਵੱਡੇ ਸਾਰੇ
ਉਸ ਨੇ ਅੱਗੇ ਨੰਗੇ
ਰਾਹ ਵਿਚ ਖਲ ਕੇ ਪਾਣੀ
ਕੁੜੀਆਂ ਕੋਲੋਂ ਮੰਗੇ
ਜਿੱਥੋਂ ਕੋਈ ਰੋਕੇ
ਉਥੋਂ ਮੁੜ ਮੁੜ ਲੰਘੇ
ਕੱਸੀ ਵਿਚੋਂ ਫਜਰੀਂ
ਲੱਭੀ ਉਸ ਨੀ ਲਾਸ਼
ਦਾਦੂ ਹਿਕ ਬਦਮਾਸ਼।

ਇੰਝ ਹੀ "ਮਾਸੀ ਮਿਹਰਾ" ਦਾ ਕਾਵਿ ਚਿਤਰ ਹੈ, ਜੋ ਸਭ ਜਵਾਨ ਹੋਈਆਂ ਕੁੜੀਆਂ ਦੇ ਨਾਜ਼ੋ-ਨਖਰਿਆਂ ਦੀ ਭੇਤਣ ਹੈ।

ਬਾਕੀ ਸਦੀਕੀ ਪਿੰਡਾਂ ਵਿਚ ਬਦਲ ਰਹੀਆਂ ਆਰਥਿਕ ਸਮਾਜਿਕ ਪ੍ਰਵਿਰਤਨਾਂ ਪ੍ਰਤੀ ਜਾਗਰੂਕ ਸ਼ਾਇਰ ਹੈ। ਪਿੰਡਾਂ ਵਿਚ ਜਾਂ ਨੇੜੇ ਦੇ ਸ਼ਹਿਰਾਂ ਵਿਚ ਲੱਗ ਰਹੇ ਕਾਰਖਾਨਿਆਂ ਦੇ ਲੱਗਣ ਨਾਲ ਪੇਂਡੂ ਲੋਕਾਂ ਦੇ ਜੀਵਨ ਵਿਚ ਜੋ ਤਬਦੀਲੀਆਂ ਆਉਂਦੀਆਂ ਹਨ, ਉਨ੍ਹਾਂ ਉੱਤੇ ਨਜ਼ਰ ਰੱਖਦਾ ਹੈ।

**"ਮਿਲ ਨਾ ਘੁੱਗੂ ਵੱਜਿਆ"**

ਮਿਲ ਨਾ ਘੁੱਗੂ ਵੱਜਿਆ
ਫ਼ਜ਼ਲਾ ਹੋਲੀ-ਹੋਲੀ ਆਇਆ
'ਕਰਮਾਂ' ਸਭ ਕੁਝ ਸੱਟ ਨੇ ਭੱਜਿਆ
ਮਿਲ ਨਾ ਘੁੱਗੂ ਵੱਜਿਆ
ਕੌਣ ਕਰਾਇਆ ਦੇਸੀ
ਪਹਿਲੀ ਨੀ, ਅੱਜ ਪੰਦਰਾਂ ਹੋਈ
ਮੁਨਸ਼ੀ ਮੁੱਛਾਂ ਵੱਟ ਕੇ ਗੱਜਿਆ
ਮਿਲ ਨਾ ਘੁੱਗੂ ਵੱਜਿਆ।
ਇੰਝਣ ਖਟ ਖਟ ਚੱਲਿਆ
ਦਿਲ ਲੋਹੇ ਨਾਲ ਲੋਹਾ ਹੋਇਆ



ਫਿਰ ਵੀ ਭੁੱਖਾ ਪੇਟ ਨਾ ਰੱਜਿਆ
ਮਿਲ ਨਾ ਘੁੱਗੂ ਵੱਜਿਆ

ਪਿੰਡਾਂ ਵਿਚਲੇ ਵੱਡਿਆਂ-ਛੋਟਿਆਂ, ਤਕੜੇ ਮਾੜਿਆਂ ਦੇ ਵਿਤਕਰੇ ਅਮੀਰਾਂ/ਚੌਧਰੀਆਂ ਦੀ ਧੌਂਸ ਤੇ ਕਮਜ਼ੋਰ ਦਲਿਤ ਵਰਗਾਂ ਦੀ ਬੇਬਸੀ ਪਾਕਿਸਤਾਨ ਦੇ ਆਰਥਿਕ ਸਿਸਟਿਮ ਵਿਚ ਜਾਗੀਰਦਾਰੀ ਦੀ ਧੌਂਸ, ਉਸ ਦੀ ਕਾਵਿਕ ਨਜ਼ਰ ਤੋਂ ਉਹਲੇ ਨਹੀਂ ਹੁੰਦੀ। ਨਿੱਕੀਆਂ-ਨਿੱਕੀਆਂ ਦੋ ਨਜ਼ਮਾਂ ਰਾਹੀਂ ਕਵੀ ਨੇ ਇਹ ਵਿਤਕਰੇ-ਭਰੀਆਂ ਸਥਿਤੀਆਂ ਨੂੰ ਅੰਕਿਤ ਕਰਕੇ ਆਪਣੀ ਸੂਝ ਦਾ ਪ੍ਰਮਾਣ ਦਿੱਤਾ ਹੈ।

**ਪਰਨਾਲੇ**

ਰੋਗ ਪੁਰਾਣਾ, ਬੁੱਢਾ ਮਾਤਮ
ਉਸ ਨੇ ਅੱਥਰੂ, ਉਸ ਨੇ ਛਾਲੇ
ਕਿਸ ਚੂਕਾਂ ਕੀ ਲਿੰਬੇ ਪੋਚੇ
ਕਿਸ ਗੁੱਠਾਂ ਨੀ ਤੱਕੇ ਭਾਲੇ
ਜਿਸ ਨੀ ਝੁੱਗੀ ਉੱਤੋਂ
ਉੱਚਿਆਂ ਮਹਿਲਾਂ ਨੇ ਪਰਨਾਲੇ

**ਵੱਡੇ ਲੋਕ**

ਸੰਗ ਅੱਟੀ ਨਾ ਧਾਗਾ
ਗਲ ਗੰਨੇ ਨਾ ਫੋਕ
ਫਿਰ ਵੀ ਕਿਹੜਾ ਆਖੇ
ਕੂੜੇ ਹੁੰਨੇ ਵੱਡੇ ਲੋਕ।

'ਖੂਹ ਪਿਆ ਵਗੇ' ਗੀਤ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਸਾਡੇ ਖੂਹ ਤੇ ਵੱਸਦਾ ਰੱਬ ਨੀ' ਦੀ ਯਾਦ ਤਾਜ਼ਾ ਕਰਵਾ ਦਿੰਦਾ ਹੈ, ਇਹ ਇਕ ਦਾਰਸ਼ਨਿਕ ਕਵਿਤਾ ਹੈ —

ਇਥੇ ਢੋਲਾ, ਇਥੇ ਮਾਹੀਆ
ਦੋ ਪਲ ਬਹਿਕੇ ਜਾਵੀਂ ਰਾਹੀਆ
ਜਿਤਨੀ ਤਰੇਹ ਆਂ ਹੋਵੇ,
ਉਤਨਾ ਪਾਣੀ ਚੰਗਾ ਲੱਗੇ
ਖੂਹ ਪਿਆ ਵਗੇ।

ਜ਼ਿੰਦਗੀ ਵਿਚ ਪ੍ਰਵੇਸ਼ ਕਰ ਰਹੀਆਂ ਬਨਾਵਟਾਂ, ਜਿੰਨਾ ਮਨ ਹੋਰ, ਮੁੱਖ ਹੋਰ, ਪਰਦਿਆਂ ਹੇਠ ਲੁਕੀ ਅਮਾਨਵਤਾ ਤੇ ਹੋਰ ਕਿੰਨਾ ਕੁਝ ਜੋ ਅਸੀਂ ਲੁਕਾ-ਲੁਕਾ ਰੱਖਦੇ ਹਾਂ। ਉਸ ਦੀ ਕਵਿਤਾ ਇਹ ਸਾਰੇ ਪਰਦੇ ਹਟਾ ਕੇ, ਅਸਲ ਚਿਹਰਾ ਮੋਹਰਾ ਵਿਖਾਲ ਦਿੰਦੀ ਹੈ।

**ਮੈਂ ਤੇ ਮੈਂ**

ਮੈਂ ਇਨਸਾਨ, ਮੈਂਡੇ ਕਈ ਪਛਾਵੇਂ (ਪਰਛਾਵੇਂ)

ਹਿੱਕ ਪਛਾਵਾਂ, ਦੁਨੀਆਂ ਤੱਕੇ
ਹੋਰ ਪਛਾਵੇਂ ਮੈਂਡੇ ਅੰਦਰ ਸ਼ੂਕਣ
ਮੈਂਡੀ ਮਿੱਟੀ ਚੱਟਣ
ਮੈਂਡੀਆਂ ਨੀਹਾਂ ਪੁੱਟਣ
ਮੈਂ ਗੁੱਠਾਂ ਵਿਚ ਬੈਠਾ
ਦੁਨੀਆਂ ਕੋਲੋਂ ਡਰਨਾ
ਉਹਨਾਂ ਉੱਤੇ ਰੰਗ-ਬਿਰੰਗੇ ਪਰਦੇ ਪਾਵਾਂ
ਲਾ ਲਾ ਕੇ ਖੁਸ਼ਬੋਆਂ
ਆਪਣਾ ਗੰਦ ਛੁਪਾਵਾਂ।

ਬਾਕੀ ਸਦੀਕੀ ਦਾ ਕਾਵਿ-ਸੰਗ੍ਰਿਹ 'ਕੱਚੇ ਘੜੇ' ਅਜੋਕੇ ਬਦਲ ਰਹੇ ਪ੍ਰਸੰਗਾਂ ਵਿਚ ਨਰੋਈ ਦ੍ਰਿਸ਼ਟੀ ਵਾਲੇ ਕਵੀ ਦੀ ਸਾਹਿਤਕ ਇਤਿਹਾਸਕ ਦਸਤਾਵੇਜ਼ ਦਾ ਕੰਮ ਦੇਣ ਵਾਲੀ ਲਿਖਤ ਹੈ, ਜੇ ਕਿਸੇ ਸਮਾਜ-ਵਿਗਿਆਨੀ ਨੇ ਬੀਤੇ ਵੇਲਿਆਂ ਦੇ ਰੰਗ-ਢੰਗ, ਸੁਭਾਅ ਮਾਨਸਿਕ ਵਤੀਰੇ ਤੇ ਵਾਪਰ ਰਹੇ ਸਮਾਜਿਕ ਪਰਿਵਰਤਨਾਂ ਨੂੰ ਵੇਖਣਾ ਹੋਵੇ ਤਾਂ ਕੱਚੇ ਘੜੇ ਪੱਕਿਆਂ ਹਵਾਲਿਆਂ ਦਾ ਕੰਮ ਦੇਣਗੇ। ਪਾਕਿਤਾਨੀ ਪੰਜਾਬੀ ਕਵਿਤਾ, ਨਿਰਸੰਦੇਹ ਹੁਣ ਬਾਕੀ ਸਦੀਕੀ ਦੀ ਤਿੰਨ ਦਹਾਕੇ ਪਹਿਲਾਂ ਰਚੀ ਕਵਿਤਾ ਨਾਲੋਂ ਅਵੱਸ਼ ਹੀ ਅੱਗੇ ਲੰਘ ਚੁੱਕੀ ਹੋਵੇਗੀ, ਪਰ ਆਧੁਨਿਕ ਛੋਟੀ ਨਜ਼ਮ ਦੀ ਨੀਂਹ ਰੱਖਣ ਵਾਲੇ, ਪੋਠੋਹਾਰੀ ਸਥਾਨਕ ਰੰਗਣ ਤੇ ਉਚਾਰਨ ਨੂੰ ਰੀਕਾਰਡ ਕਰਨ ਵਾਲੇ, ਨਰੋਏ ਪਾਤਰ-ਚਿਤਰਨ ਤੇ ਕੋਮਲ ਗੀਤਾਂ ਦੇ ਰਚਣਹਾਰੇ ਵਜੋਂ ਉਸ ਦਾ ਨਾਂ ਅਣਡਿੱਠ ਕਰਨ ਵਾਲਾ ਨਹੀਂ ਹੈ। ਹਸਨ ਇਰਾਫੀ, ਜਿਸ ਨੇ ਇਹ ਕਾਵਿ-ਸੰਗ੍ਰਹਿ ਬੜੀ ਅਕੀਦਤ ਤੇ ਪਿਆਰ ਨਾਲ ਮੈਨੂੰ ਭੇਜਿਆ ਸੀ, ਤੇ 'ਕੱਚੇ ਘੜੇ' ਦਾ ਰਚਣਹਾਰ ਕਵੀ ਦੋਵੇਂ ਹੀ ਹੁਣ ਨਹੀਂ ਰਹੇ ਪਰ ਕਵੀ ਦੀ ਲਿਖੀ ਕਵਿਤਾ ਮਰੀ ਨਹੀਂ ਹੈ ਤੇ ਇਹ ਹਮੇਸ਼ਾਂ ਜਿਊਂਦੀ ਰਹੇਗੀ। •

## 2012 ਵਿਚ ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਛਪੀਆਂ ਪੁਸਤਕਾਂ

1. ਚੀ-ਗਵੇਰਾ (ਜੀਵਨੀ) ਦੂਸਰੀ ਐਡੀਸ਼ਨ, ਪੰਨੇ 84, ਮੁੱਲ 50/- ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ), 98729-89313
2. ਪਾਬਲੋ ਨੇਰੂਦਾ (ਵਾਰਤਕ ਲਿਖਤਾਂ) ਪੰਨੇ 182, ਮੁੱਲ 375/- ਮਨਪ੍ਰੀਤ ਪ੍ਰਕਾਸ਼ਨ, 16/16, ਗੀਤਾ ਕਾਲੋਨੀ, ਦਿੱਲੀ-31 ਫੋਨ- 09312271252
3. ਮਹਿਮੂਦ ਦਰਵੇਸ਼ ਦਾ ਕਾਵਿ-ਚਿੰਤਨ, ਪੰਨੇ 152, ਮੁੱਲ 340/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ-31
4. ਲੋਕਾਂ ਦੀ ਨਰਤਕੀ (ਆਈਸਾ ਡੋਰਾ ਡੰਕਨ ਦੀ ਜੀਵਨੀ) ਪੰਨੇ 176, ਮੁੱਲ 225/- ਚੇਤਨਾ ਪ੍ਰਕਾਸ਼ਨ, ਲੁਧਿਆਣਾ





# ਵਗਦੇ ਦਰਿਆ ਨਾਲ ਗੱਲਾਂ

ਡਾ. ਜਸਵਿੰਦਰ ਸਿੰਘ ਸੈਣੀ

ਕਹਿੰਦੇ ਨੇ ਕਿ ਵਗਦੇ ਦਰਿਆ ਨਾਲ ਗੱਲਾਂ ਕਰਨ ਲਈ ਉਸ ਦੇ ਨਾਲ-ਨਾਲ ਚੱਲਣਾ ਪੈਂਦਾ ਹੈ। ਉਸ ਦੀ ਚਾਲ, ਉਸ ਦੇ ਵੇਗ, ਉਸ ਦੇ ਮੂਡ ਨੂੰ ਸਮਝਣਾ ਪੈਂਦਾ ਹੈ। ਮੈਂ ਵੀ ਪਿੱਛਲੇ ਕੁਝ ਸਮੇਂ ਤੋਂ ਅਜਿਹੇ ਹੀ ਇਕ ਦਰਿਆ ਦੇ ਸਨਮੁੱਖ ਹਾਂ। ਇਸ ਦਰਿਆ ਦਾ ਨਾਂ ਹੈ ਗੁਰਦੀਪ। ਦਰਿਆ ਦਾ ਮੈਟਾਫ਼ਰ ਗੁਰਦੀਪ ਲਈ ਇਸ ਕਰਕੇ ਵਰਤਿਆ ਹੈ ਕਿ ਉਸ ਦੀ ਚਾਲ, ਬੋਲਾਂ, ਸੁਭਾਅ ਵਿਚ ਇਕ ਨਿਰੰਤਰ ਰਵਾਨਗੀ ਕਾਇਮ ਰਹਿੰਦੀ ਹੈ। ਉਹ ਟਿਕਦਾ ਨਹੀਂ ਕਿਤੇ ਵੀ। ਬਸ ਵਗਦਾ ਹੀ ਰਹਿੰਦਾ ਹੈ, ਭਾਵੇਂ ਰੇਸ਼ਮ ਮਾਜ਼ਰੀ ਹੋਵੇ, ਚੰਡੀਗੜ੍ਹ ਹੋਵੇ ਜਾਂ ਪਟਿਆਲੇ। ਇੱਕ ਖਲਬਲੀ ਚੁੱਕੀ ਫਿਰਦਾ ਹੈ। ਲਗਾਤਾਰ ਖੌਲਦਾ ਰਹਿੰਦਾ ਹੈ। ਗੁਰਦੀਪ ਪਿੱਛਲੀ ਅੱਧੀ ਸਦੀ ਤੋਂ ਕਵਿਤਾ ਦੀ ਰਚਨਾ ਕਰਦਾ ਆ ਰਿਹਾ ਹੈ। ਉਸ ਦੀ ਪਹਿਲੀ ਪੁਸਤਕ 'ਨਕਸ਼ ਪੀੜਾਂ ਦੇ' 1968 ਈ. ਵਿਚ ਛਪੀ ਸੀ। ਓਦੋਂ ਤੋਂ ਸ਼ੁਰੂ ਹੋਇਆ ਕਾਵਿ-ਸਿਰਜਣਾ ਦਾ ਇਹ ਸਿਲਸਿਲਾ ਨਜ਼ਮਾਂ, ਗੀਤਾਂ ਅਤੇ ਗ਼ਜ਼ਲਾਂ ਵਿੱਚੋਂ ਦੀ ਗੁਜ਼ਰਦਾ ਹੋਇਆ ਅੱਜ ਤੱਕ ਪਹੁੰਚਦਾ ਹੈ। ਪਿਛਲੇ ਸਾਲ ਗ਼ਜ਼ਲਾਂ ਦੀ ਪੁਸਤਕ 'ਵਸਲ ਤੇ ਹਿਜਰੋਂ ਪਰੇ' (2011) ਆਈ ਸੀ। ਇਕ ਨਜ਼ਮ ਅਤੇ ਇਕ ਗ਼ਜ਼ਲ ਪੁਸਤਕ ਦਾ ਮੈਟਰ ਅਜੇ ਉਹ ਆਪਣੀ ਕਾਪੀ ਤੇ ਲਿਖੀ ਫਿਰਦਾ ਹੈ ਅਤੇ ਇਨ੍ਹਾਂ ਛਪਵਾਉਣ ਦੀ ਤਿਆਰੀ ਵਿਚ ਹੈ। ਗੁਰਦੀਪ ਅਸਲ ਅਰਥਾਂ ਵਿਚ ਗ਼ਜ਼ਲ ਦਾ ਸ਼ਾਇਰ ਹੈ। ਉਸ ਦੀਆਂ ਇਨ੍ਹਾਂ ਪੁਸਤਕਾਂ ਵਿਚ ਪੰਜਾਬੀ ਗ਼ਜ਼ਲ ਦਾ ਇਕ ਵੱਖਰਾ ਮੁਹਾਂਦਰਾ ਅਤੇ ਇਕ ਵੱਖਰਾ ਮੌਲਿਕ ਰੰਗ ਉਘਰਦਾ ਹੈ। ਉਹ ਪਰੰਪਰਾ ਤੋਂ ਹੱਟ ਕੇ ਲਿਖਣ ਵਾਲਾ ਸ਼ਾਇਰ ਹੈ। ਉਸ ਦੀ ਸ਼ਾਇਰੀ ਉਸ ਦੀ ਜ਼ਿੰਦਗੀ ਨਾਲ ਇਕ-ਮਿੱਕ ਹੋਈ ਪ੍ਰਤੀਤ ਹੁੰਦੀ ਹੈ। ਉਸ ਨੇ ਅੱਜ ਤੱਕ ਜੋ ਵੀ ਲਿਖਿਆ ਉਸ ਨੂੰ ਜੀਅ ਕੇ ਲਿਖਿਆ ਹੈ। ਉਸ ਦੀਆਂ ਗ਼ਜ਼ਲਾਂ ਜ਼ਿੰਦਗੀ ਦੇ ਅਨੰਤ ਰੰਗਾਂ ਦੀ ਪੇਸ਼ਕਾਰੀ ਕਰਦੀਆਂ ਹਨ। ਇਨ੍ਹਾਂ ਵਿਚ ਅਤੀਤ ਦੀ ਸਮਝ, ਵਰਤਮਾਨ ਦੀ ਹਕੀਕੀ ਤਸਵੀਰਕਸ਼ੀ ਅਤੇ ਭਵਿੱਖ ਲਈ ਆਸ ਵਿਦਮਾਨ ਹੈ। ਪਿੱਛਲੇ ਦਿਨੀਂ ਗੁਰਦੀਪ ਨਾਲ ਕੀਤੀਆਂ ਗੱਲਾਂ ਦੇ ਕੁਝ ਅੰਸ਼ 'ਚਿਰਾਗ਼' ਦੇ ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਿਹਾ ਹਾਂ:

? ਗੁਰਦੀਪ ਜੀ, ਤੁਸੀਂ ਲੰਮੇ ਸਮੇਂ ਤੋਂ ਗ਼ਜ਼ਲਾਂ ਲਿਖਦੇ ਆ ਰਹੇ ਹੋ। ਤੁਹਾਡੀਆਂ ਗ਼ਜ਼ਲਾਂ ਅਤੇ ਤੁਹਾਡੇ ਜੀਵਨ ਦੇ ਬਾਰੇ ਪੰਜਾਬੀ ਪਾਠਕ ਬਹੁਤ ਘੱਟ ਜਾਣਦੇ ਹਨ. ਇਸ ਵਾਰਤਾਲਾਪ ਰਾਹੀਂ ਮੈਂ ਤੁਹਾਡੀ ਸ਼ਖ਼ਸੀਅਤ ਅਤੇ ਤੁਹਾਡੀ ਸ਼ਾਇਰੀ ਤੋਂ ਪਾਠਕਾਂ ਨੂੰ ਜਾਣੂ ਕਰਵਾਉਣ ਚਾਹੁੰਦਾ ਹਾਂ। ਸੱਭ ਤੋਂ ਪਹਿਲਾਂ ਆਪਣੇ ਜਨਮ, ਜਨਮ-ਸਥਾਨ, ਬਚਪਨ, ਮੁੱਢਲੀ ਵਿੱਦਿਆ ਅਤੇ ਕੀਤੀ ਕਿਰਤ ਬਾਰੇ ਦੱਸੋਂ?

• ਮੇਰੀ ਗ਼ਜ਼ਲ ਨੂੰ ਪਾਠਕ ਹੀ ਜਾਣ ਸਕਦੇ ਹਨ ਪਰ ਪੜ੍ਹਣਾ ਉਨ੍ਹਾਂ ਦੇ ਜ਼ਮੀਰ ਵਿਚ ਨਹੀਂ। ਤੁਹਾਨੂੰ ਪਤਾ ਹੈ ਨਾ ਚੈਖੋਵ ਨੂੰ ਕਿਸੇ ਕਰੀਬੀ ਕਿਰਦਾਰ ਨੇ ਜੀਵਨ ਦਾ ਫੈਸਲਾਕੁੰਨ ਸਵਾਲ ਪੁੱਛਿਆ ਸੀ ਅਤੇ ਚੈਖੋਵ ਨੇ ਕਿਹਾ ਸੀ, ਮੈਂ ਤੁਹਾਨੂੰ ਸਟੇਜ ਤੋਂ ਜਵਾਬ ਦੇਵਾਂਗਾ। ਇੰਝ ਹੀ ਮੈਂ ਵੀ ਸਵਾਲ ਦੇ ਪਹਿਲੇ ਹਿੱਸੇ ਦਾ ਜਵਾਬ ਗ਼ਜ਼ਲ ਲਿਖ ਕੇ ਹੀ ਦੇ ਸਕਦਾ ਹਾਂ। ਜਿੱਥੋਂ ਤਕ ਸ਼ਖ਼ਸੀਅਤ ਦਾ ਸਬੰਧ ਹੈ ਇਹ ਆਦਮੀ ਦੀ ਸਮਾਜ ਲਈ ਅਹਿਮੀਅਤ ਵਾਲਾ ਮਾਮਲਾ ਹੈ। ਸ਼ਾਇਰ ਦੀ ਸ਼ਖ਼ਸੀਅਤ ਦੇ

ਰੰਗ ਉਸਦੀ ਸ਼ਾਇਰੀ ਵਿਚੋਂ ਲੱਭ ਪੈਂਦੇ ਹਨ। ਬਹੁਤ ਸਾਰੇ ਨਾਂ ਨੇ ਇਨ੍ਹਾਂ ਦੇ, ਸੂਫ਼ੀਆਨਾ, ਆਸ਼ਕਾਨਾ, ਵਗੈਰਹ-ਵਗੈਰਹ। ਜਨਮ ਕਾਗਜ਼ਾਂ ਵਿਚ 28 ਫ਼ਰਵਰੀ, 1935 ਹੈ ਅਤੇ ਮੇਰੀ ਮਾਸੀ ਮੁਤਾਬਕ 1936 ਹੈ 'ਤੇ ਮਹੀਨਾ ਸ਼ੁਰੂ ਸਿਆਲ ਦਾ ਹੈ। ਜਨਮ ਅਸਥਾਨ-ਖੇੜਾ ਦੋਨਾ, ਰਿਆਸਤ ਕਪੂਰਥਲਾ (ਨਾਨਕੇ)।

2. ਤੁਸੀਂ ਕੁਝ ਚਿਰ ਨਵਾਂ ਜ਼ਮਾਨਾ ਅਖ਼ਬਾਰ ਵਿਚ ਵੀ ਕੰਮ ਕੀਤਾ ਹੈ, ਇਹ ਕਿਹੋ ਜਿਹਾ ਅਨੁਭਵ ਰਿਹਾ, ਪਾਠਕਾਂ ਨਾਲ ਸਾਂਝਾ ਕਰੋ?

- ਮੈਨੂੰ ਨਵਾਂ ਜ਼ਮਾਨਾ ਜਾ ਕੇ ਕੋਈ ਓਪਰੇਪਣ ਦਾ ਅਹਿਸਾਸ ਨਹੀਂ ਹੋਇਆ। ਇਹੋ ਲੱਗਾ ਮੈਂ ਪਹਿਲੋਂ ਹੀ ਉੱਥੇ ਸੀ। ਪਿੱਛੇ ਜਿਹੇ ਮੈਂ ਨਵੇਂ ਜ਼ਮਾਨੇ ਗਿਆ, ਉਸ ਮਕਸਦੀਅਤ ਦੀਆਂ ਧੱਜੀਆਂ ਉੱਡੀਆਂ ਦੇਖੀਆਂ। ਹੁਣ ਤੇ ਇਕੋ ਅਫ਼ਸੋਸ ਰਹਿ ਗਿਆ ਏ ਕਿ ਮੈਂ ਸੋਹਣ ਸਿੰਘ ਜੋਸ਼ ਹੋਰਾਂ ਦੀ ਵਿਦਵਤਾ ਦਾ ਕੋਈ ਲਾਭ ਨਾ ਉਠਾਇਆ। ਉਹ ਬੜੀਆਂ ਜ਼ੁਬਾਨਾਂ ਜਾਣਦੇ ਸੀ। ਮੈਂ ਉਨ੍ਹਾਂ ਤੋਂ ਘੱਟੋ-ਘੱਟ ਫ਼ਾਰਸੀ ਤੇ ਸਿੱਖ ਹੀ ਸਕਦਾ ਸੀ ਪਰ ਫਿਰ ਮੈਂ ਸ਼ਾਇਰੀ ਉਰਦੂ ਵਿਚ ਕਰਨੀ ਸੀ, ਜਿਸ ਦਾ ਕੋਈ ਫਾਇਦਾ ਨਹੀਂ ਸੀ। ਉਂਝ ਸ਼ਾਇਰੀ ਤਾਂ ਇਹ ਵੀ ਕਿਸੇ ਕੰਮ ਨਹੀਂ ਆ ਰਹੀ-

**ਲੋੜ ਹੀ ਕਿਸਨੂੰ ਹੈ ਇੱਥੇ ਡੋਲਦੀ ਇਸ ਲਾਟ ਦੀ,**
**ਮੈਂ ਹਨੇਰੇ ਵਿਚ ਜਗਦਾ ਰਹਿ ਗਿਆ ਹਾਂ ਆਦਤਨ।**

3. ਆਪਣੇ ਪਰਿਵਾਰ ਬਾਰੇ ਕੁਝ ਵਿਚਾਰ ਸਾਡੇ ਨਾਲ ਸਾਂਝਾ ਕਰਨਾ ਚਾਹੋਗੇ?

- ਮੇਰੇ ਨਾਨਕਿਆਂ ਵੱਲੋਂ ਦਿਲਚਸਪ ਕਿਰਦਾਰ ਸੀ ਮੇਰੀ ਨਾਨੀ-ਅਤਰ ਕੌਰ ਜਿਸਨੂੰ ਪੈਂਤੀ ਅੱਖਰ ਸਿੱਖਣ ਵਾਲੀ ਥਾਂ ਲੈ ਜਾਣ ਲਈ ਊਠ ਨੂੰ ਦਸ ਕੋਹ ਜਾਣ 'ਤੇ ਦਸ ਕੋਹ ਆਉਣ ਕਰਨਾ ਪੈਂਦਾ ਸੀ। ਅਗਲਾ ਕਿਰਦਾਰ ਹੈ ਮੇਰੀ ਮਾਂ ਕਿਸ਼ਨ ਕੌਰ-ਕਿਸ਼ਨੀ, ਜਿਨ 14 ਸਾਲ ਦੀ ਉਮਰ ਵਿਚ ਕਾਲਾ ਬਾਣਾ ਪਾ ਕੇ ਗੁਰਦਵਾਰਾ ਲਹਿਰ ਲਈ ਜੱਥਾ ਲੈ ਜਾਣ ਦਾ ਐਲਾਨ ਕਰ ਦਿੱਤਾ, ਜਿਸ ਨਾਲ ਪਿੰਡ ਵਿਚ ਸੰਕਟ ਖੜਾ ਹੋ ਗਿਆ। ਬੜੀ ਮੁਸ਼ਕਿਲ ਨਾਲ ਕਿਸ਼ਨੀ ਨੂੰ ਮਨਾਇਆ ਗਿਆ ਕਿ ਲੋੜ ਪੈਣ 'ਤੇ ਜਥਾ ਲੈ ਜਾਣ ਦੀ ਸੇਵਾ ਉਸਨੂੰ ਦਿੱਤੀ ਜਾਵੇਗੀ ਪਰ ਉਸ ਆਪਣੀ ਰੂਹਾਨੀ ਤਿਆਰੀ ਲਈ 'ਚੰਡੀ ਦੀ ਵਾਰ' ਦਾ ਪਾਠ ਕਰਨਾ ਜਾਰੀ ਰੱਖਿਆ।

4. ਖੱਬੇ ਪੱਖੀ ਵਿਚਾਰਧਾਰਾ ਨਾਲ ਤੁਸੀਂ ਬੜੀ ਦ੍ਰਿੜ੍ਹਤਾ ਨਾਲ ਜੁੜੇ ਰਹੇ ਹੋ। ਅੱਜ ਦੇ ਸਮੇਂ ਵਿਚ ਸਮਕਾਲੀ ਚੁਣੌਤੀਆਂ ਨੂੰ ਸਮਝਣ ਲਈ ਤੁਸੀਂ ਮਾਰਕਸਵਾਦ ਨੂੰ ਸਾਰਥਕ ਮੰਨਦੇ ਹੋ? ਜੇਕਰ ਮੰਨਦੇ ਹੋ ਤਾਂ ਉਸ ਬਾਰੇ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰੋ?

- ਖੱਬੇ ਪੱਖੀ ਵਿਚਾਰਧਾਰਾ ਦਾ ਮੁੱਢ: ਧਰਤੀ, ਪਾਣੀ, ਹਵਾ ਅਤੇ ਇਨਸਾਨੀ ਮਿਹਨਤ ਵੇਚਣ-ਖਰੀਦਣ ਜਾਂ ਮੁਨਾਫ਼ਾ ਕਮਾਉਣ ਦੀਆਂ ਚੀਜ਼ਾਂ ਨਹੀਂ। ਪੈਦਾਵਾਰ ਮੁਨਾਫ਼ੇ ਲਈ ਨਹੀਂ, ਲੋੜਾਂ ਲਈ ਹੁੰਦੀ ਹੈ। ਨਵੇਂ ਕੈਪਿਟਲ ਨੇ ਭਾਂਵੇ ਵਿਸ਼ਵੀਕਰਨ, ਫਿਨਾਂਸੀਕਰਨ, ਨਵੇਂ ਹਥਿਆਰਾਂ ਅਤੇ ਨਵੀਂ ਜਾਣਕਾਰੀ ਟੈਕਨਾਲੋਜੀ ਦੀ ਵਾੜ ਆਪਣੇ ਗਿਰਦ ਕਰ ਲਈ ਹੈ ਪਰ ਦੁਨੀਆਂ ਉਨ੍ਹਾਂ ਦੀਆਂ ਗਤੀ-ਵਿਧੀਆਂ ਲਈ ਸੌਝੀ ਹੋ ਗਈ ਹੈ। ਇਹ ਸਿਸਟਮ ਫੈਲਣਾ ਰੁਕਣ 'ਤੇ ਮਰ ਜਾਂਦਾ ਹੈ ਅਤੇ ਫੈਲਾਅ ਦੇ ਰਾਹ ਬੰਦ ਹੋ ਰਹੇ ਹਨ। ਜਿਸ ਦਿਨ ਸਹੂਲਤਾਂ ਨਾਲੋਂ ਹਵਾ, ਪਾਣੀ ਅਤੇ ਧਰਤੀ ਲੋਕਾਂ ਨੂੰ ਵੱਧ ਪਿਆਰੇ ਦਿਸਣ ਲੱਗੇ ਉਹ ਬਦਲਾਅ ਲਈ ਹੱਥ ਪੈਰ ਮਾਰਨਗੇ। ਮੌਜੂਦਾ



ਨਜ਼ਾਮ ਟਿਕਾਊ ਨਹੀਂ। ਸੰਕਟ ਆਉਂਦੇ ਰਹਿਣਗੇ। ਤੰਗੀ ਵਿਚ ਨਿਭਾਅ ਕਰਨ ਦਾ ਸਬਕ ਦੇਣ ਵਾਲਿਆਂ ਨੂੰ ਲੋਕ ਪੁੱਛਣ ਲੱਗਣਗੇ ਕਿ ਉਹ ਸਹੂਲਤਾਂ 'ਤੇ ਵਾਧੂ ਖਰਚ ਖਤਮ ਕਰਨ ਅਤੇ ਉਹ ਸਾਰਾ ਧਨ ਲੋਕਾਂ ਦੀਆਂ ਲੋੜਾਂ ਤੇ ਖਰਚਾਂ ਵਿਚ ਜੁਟਾ ਕੇ ਜ਼ਿੰਦਗੀ ਨੂੰ ਤੁਰਦਾ ਰੱਖਣ। ਇਸਦੇ ਗਿਰਦ ਲਹਿਰ ਉੱਸਰੇਗੀ।

5. ਤੁਹਾਨੂੰ ਪੜ੍ਹਨ-ਲਿਖਣ ਦੀ ਚੇਟਕ ਕਦੋਂ ਕੁ ਲੱਗੀ। ਪਹਿਲੇ-ਪਹਿਲ ਕੀ ਪੜ੍ਹਦੇ ਸੀ? ਜੇਕਰ ਸਾਹਿਤ ਅਤੇ ਵਿਚਾਰਧਾਰਾ ਦੇ ਖੇਤਰ ਵਿਚ ਤੁਹਾਡਾ ਕੋਈ ਪ੍ਰੇਰਣਾ ਸਰੋਤ ਰਿਹਾ ਹੈ ਤਾਂ ਉਸ ਬਾਰੇ ਵੀ ਦੱਸੋ?

- ਜਦੋਂ ਪੜ੍ਹਣਾ ਆਇਆ, ਪੜ੍ਹਣ ਦਾ ਚੇਟਕ ਲੱਗ ਗਿਆ। ਇਹ ਪੜ੍ਹਣਾ ਆਉਣ ਤੋਂ ਪਹਿਲਾਂ ਜ਼ਰੂਰ ਨਹੀਂ ਲੱਗਾ। ਵਿਚਾਰਧਾਰਾ ਵਿਚ ਹਰ ਸ਼ਰੀਫ਼ ਆਦਮੀ ਦਾ ਪ੍ਰੇਰਣਾ ਸਰੋਤ ਮਾਰਕਸ ਹੈ। ਸਾਹਿਤ ਵਿਚ ਕੋਈ ਸ਼ਖ਼ਸੀਅਤ ਕਿਸੇ ਦੀ ਪ੍ਰੇਰਣਾ ਸਰੋਤ ਨਹੀਂ ਹੁੰਦਾ। ਜੇ ਹੋਵੇ ਤਾਂ ਫਿਰ ਛੱਤਾਂ ਹੇਠ ਉਡਣ ਵਾਲੀ ਹੀ ਗੱਲ ਹੋ ਜਾਂਦੀ ਹੈ।

6. ਆਪਣੀ ਪਹਿਲੀ ਰਚਨਾ/ਗ਼ਜ਼ਲ ਕਦੋਂ ਲਿਖੀ ਸੀ.... ਯਾਦ ਹੈ!

- ਪਹਿਲੀ ਰਚਨਾ ਅਲਵਿਦਾ ਮਹਿਬੂਬ ਮੌਸਮ ਅਲਵਿਦਾ ਸੀ। ਚੇਤਨਾ ਵਿਚ ਛਪੀ। ਸੁਖਨਾ ਝੀਲ ਉੱਤੇ ਸ਼ਾਮ ਵੇਲੇ ਤੇਜ਼ ਬੁੱਲੇ ਹਵਾ ਦੇ ਆਏ, ਸਰਕੜਿਆਂ ਦੇ ਬੂੰਬਲ ਉਡੇ। ਛੇਤੀ ਕਮਰੇ ਵਿਚ ਮੁੜ ਆਏ। ਕਵਿਤਾ ਹੋਈ। ਦੋਸਤ ਨਰਿੰਦਰ ਜੋਸ਼ੀ ਨੇ ਛਪਣ ਲਈ ਭੇਜ ਦਿੱਤੀ। ਛਾਪੀ, ਉਸਨੂੰ ਖੁਸ਼ੀ ਹੋਈ, ਮੇਰੇ 'ਤੇ ਕੋਈ ਅਸਰ ਨਾ ਹੋਇਆ।

7. ਪਹਿਲੀ ਗ਼ਜ਼ਲ ਪੁਸਤਕ ਕਦੋਂ ਛਪੀ ਅਤੇ ਉਸ ਦਾ ਪੰਜਾਬੀ ਪਾਠਕ/ਸਮੀਖਿਅਕਾਂ ਨੇ ਕਿਹੋ ਜਿਹਾ ਨੋਟਿਸ ਲਿਆ?

- ਪਹਿਲੀ ਗ਼ਜ਼ਲਾਂ ਅਤੇ ਨਜ਼ਮਾਂ ਦੀ ਕਿਤਾਬ 'ਨਕਸ਼ ਪੀੜਾਂ ਦੇ' ਸ਼ਾਇਦ 1968 ਵਿਚ ਛਪੀ। ਲਕੀਰ ਵਿਚ ਸੁਰਜੀਤ ਹਾਂਸ ਸਾਹਬ ਨੇ ਰਿਵਿਊ ਕੀਤਾ, ਨਾਂ ਬਹੁਤ ਚੰਗਾ ਨਾਂ ਬਹੁਤ ਮਾੜਾ। ਮੈਂ ਨਹੀਂ ਸਮਝਦਾ ਕਿ ਇਹ ਕਿਤਾਬ ਕਿਸੇ ਨੇ ਖੋਲ੍ਹ ਕੇ ਦੇਖੀ ਹੋਵੇ।

8. ਸੁਰਜਨ ਜੀਰਵੀ ਨੇ ਤੁਹਾਡੀ ਪੁਸਤਕ 'ਰੰਗਾਂ ਦੀ ਮਹਿਫ਼ਲ' ਵਿਚ ਤੁਹਾਡੇ ਬਾਰੇ ਕਿਹਾ ਕਿ 'ਧੂਮ-ਧੜੱਕਾ ਗੁਰਦੀਪ ਦੇ ਮਿਜਾਜ਼ ਦਾ ਹਿਸਾ ਨਹੀਂ। ਉਹ ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਤ ਸੰਗਦਿਆਂ ਤੇ ਮਲ੍ਹਕੜੇ ਜਿਹੇ ਦਾਖ਼ਿਲ ਹੋਇਆ ਸੀ ਅਤੇ ਅਜੇ ਵੀ ਮਜਲਸਾਂ ਮਹਿਫ਼ਲਾਂ ਤੋਂ ਪਰ੍ਹਾਂ ਹੀ ਰਹਿੰਦਾ ਹੈ'। ਗੁਰਦੀਪ ਦੀ ਇਹ ਨਿਰਲੇਪਤਾ ਭਾਈ ਵੀਰ ਸਿੰਘ ਵਰਗੀ ਛੁਪੇ ਰਹਿਣ ਦੀ ਚਾਹ ਵਰਗੀ ਹੈ ਜਾਂ ਇਸ ਬੇਨਿਆਜ਼ੀ ਦੇ ਕੋਈ ਹੋਰ ਕਾਰਨ ਹਨ? ਵਿਸਥਾਰ ਨਾਲ ਦੱਸੋ, ਕਿਉਂਕਿ ਇਸ ਦਾ ਸਬੰਧ ਤੁਹਾਡੀ ਰਚਨਾ ਦੇ ਨਾ-ਗੌਲੇ ਜਾਣ ਨਾਲ ਵੀ ਜੁੜਿਆ ਹੋਇਆ ਹੈ।

- ਸਾਡੇ ਗੌਲੀ ਰਚਨਾ ਨਹੀਂ ਜਾਂਦੀ ਗੌਲਿਆ ਰਚਨਾਕਾਰ ਜਾਂਦਾ ਹੈ ਅਤੇ ਉਹ ਪਬਲਿਕ ਰਿਲੇਸ਼ਨ ਦਾ ਕੰਮ ਹੈ। ਮੇਰੀ ਚਾਹ ਨਾ ਲੁਕੇ ਰਹਿਣ ਦੀ ਹੈ, ਨਾ ਮਸ਼ਹੂਰ ਹੋਣ ਦੀ, ਸਿਰਫ਼ ਪੜ੍ਹਿਆ ਜਾਣਾ ਚਾਹੁੰਦਾ ਹਾਂ।

9. ਪੰਜਾਬ ਤੋਂ ਦੂਰ ਦੇਹਰਾਦੂਨ ਦੇ ਲਾਗੇ 'ਰੇਸ਼ਮ ਮਾਜਰੀ' ਬੈਠਿਆਂ ਦੇਸ ਵਿਚ ਹੀ ਪਰਦੇਸੀ ਹੋਣ ਦਾ ਅਹਿਸਾਸ ਨਹੀਂ ਹੁੰਦਾ?

- ਇਸ ਤਰ੍ਹਾਂ ਦਾ ਅਹਿਸਾਸ ਮੈਨੂੰ ਨਹੀਂ ਹੁੰਦਾ। ਉਂਝ ਵੀ ਮੈਂ ਸਮਝਦਾ ਹਾਂ:
  ਹੈ ਆਦਮੀ ਬਜਾਏ ਖ਼ੁਦ ਇਕ ਮਹਿਸ਼ਰੇ ਖ਼ਿਆਲ
  ਹਮ ਅੰਜੁਮਨ ਸਮਝਤੇ ਹੈਂ ਖ਼ਲਵਤ ਹੀ ਕਿਉਂ ਨਾ ਹੋ (ਮਿਰਜ਼ਾ ਗ਼ਾਲਬ)

10. ਤੁਸੀਂ ਉਤਰਾਖੰਡ ਵਿਚ ਰਹਿੰਦੇ ਹੋ। ਇਸ ਖੇਤਰ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਕਿਹੋ ਜਿਹੀ ਸਥਿਤੀ ਹੈ?

- ਕੁਝ ਵੀ ਕਿਤੇ ਵਰਨਣਯੋਗ ਨਹੀਂ।

11. ਤੁਸੀਂ ਨਜ਼ਮਾਂ ਵੀ ਲਿਖੀਆਂ, ਗੀਤ ਵੀ ਅਤੇ ਗ਼ਜ਼ਲਾਂ ਵੀ। ਪਰ ਪਿਛਲੇ ਲੰਬੇ ਸਮੇ ਤੋਂ ਤੁਸੀ ਸਿਰਫ਼ ਗ਼ਜ਼ਲ ਹੀ ਲਿਖ ਰਹੇ ਹੋ? ਗ਼ਜ਼ਲ ਤੁਹਾਡੀ ਸੋਚ ਅਤੇ ਸ਼ਖ਼ਸੀਅਤ ਨਾਲ ਜ਼ਿਆਦਾ ਮੇਲ ਖਾਂਦੀ ਹੈ ਜਾਂ ਸਿਰਫ਼ ਗ਼ਜ਼ਲ ਲਿਖਣ ਦੇ ਕੋਈ ਹੋਰ ਕਾਰਣ ਹਨ....?

- ਮਹੀਨੇ 'ਤੇ ਮੇਰੀ ਗ਼ਜ਼ਲਾਂ ਦੀ ਕਿਤਾਬ ਹੀ ਆਵੇਗੀ ਅਤੇ ਉਸ ਤੋਂ ਅਗਲੇ ਸਾਲ ਨਜ਼ਮਾਂ ਦੀ ਕਿਤਾਬ ਛਪਵਾਉਣੀ ਚਾਹਾਂਗਾ। ਇਹ ਐਵੇਂ ਇੱਲਤ ਹੈ ਕੇਵਲ ਏਨਾ ਦੱਸਣ ਲਈ ਕਿ ਐਸੇ ਕਹਿਤੇ ਹੈਂ ਸੁਖ਼ਨਵਰ ਸਿਹਰਾ। ਉਂਝ ਉਨ੍ਹਾਂ ਨਜ਼ਮਾਂ ਵਿਚੋਂ ਇਕ ਉਦਾਸੀ ਨਾਂ ਦੀ ਨਜ਼ਮ ਕੲੀਆਂ ਨੇ ਨੋਟ ਕਰਕੇ ਜੇਬ ਵਿਚ ਪਾਈ ਹੈ। ਇਕ ਪਾਠਕ ਪੜ੍ਹਕੇ ਚਸ਼ਮਤਰ ਵੀ ਹੋਇਆ।

12. ਤੁਹਾਡੀਆਂ ਗ਼ਜ਼ਲਾਂ ਦੇ ਵਿਸ਼ੇ ਜ਼ਿਆਦਾਤਰ ਗ਼ਮ/ਦਰਦ/ਸੋਜ਼ ਨਾਲ ਜੁੜੇ ਹੋਏ ਹਨ। ਪੰਜਾਬੀ ਵਿਚ ਆਲੋਚਕਾਂ ਦਾ ਇਕ ਵਰਗ ਅਜਿਹੀਆਂ ਗ਼ਜ਼ਲਾਂ ਨੂੰ ਨਿਰਾਸ਼ਾਜਨਕ ਅਤੇ ਅਕ੍ਰਿਆਸ਼ੀਲਤਾ ਨੂੰ ਜਨਮ ਦੇਣ ਵਾਲੀਆਂ ਮੰਨਦਾ ਹੈ? ਇਸ ਡੀਬੇਟ ਨੂੰ ਤੁਸੀਂ ਕਿਵੇਂ ਲੈਂਦੇ ਹੋ....?

- ਗ਼ਜ਼ਲ ਕੋਈ ਹੌਂਸਲਾ ਅਫ਼ਜ਼ਾਹ ਸ਼ਰਬਤ ਨਹੀਂ ਹੁੰਦੀ। ਸਾਡੇ ਆਲੋਚਕ ਜਿਹੜੇ ਐਡਾ ਲੱਗਣ ਕਾਰਨ ਅਣਸਾਰਥਕ ਜਿਹੇ ਦਿੱਸਣ ਲੱਗਦੇ ਨੇ, ਮੁੱਢਲੀ ਗੱਲ ਵੀ ਸ਼ਾਇਰੀ ਬਾਰੇ ਨਹੀਂ ਜਾਣਦੇ:

**ਜਬ ਤਕ ਦਹਾਨੇ ਜ਼ਖ਼ਮ ਨਾ ਪੈਦਾ ਕਰੇ ਕੋਈ**
**ਮੁਸ਼ਕਿਲ ਕਿ ਤੁਝ ਸੇ ਰਸਮੇ ਸੁਖ਼ਨ ਵਾ ਕਰੇ ਕੋਈ।**

ਯਾਨੀ ਜ਼ਖ਼ਮਾਂ ਦੇ ਮੂੰਹ ਨਾਲ ਬੋਲ ਕੇ ਹੀ ਜ਼ਿੰਦਗੀ ਨਾਲ ਸਾਂਝ ਪਾ ਹੁੰਦੀ ਹੈ। ਸ਼ਾਇਰੀ ਮਾਮਲਾ ਹੀ ਦਰਦ ਦਾ ਹੈ।

**ਇਸ ਮਾਮਲੇ ਵਿਚ ਫਿਰ ਗ਼ਾਲਬ ਨੂੰ ਹੀ ਸੁਣਨਾ ਪੈਂਦਾ ਹੈ:**

**ਹੁਸਨੇ ਫ਼ਰੋਗ਼ੇ ਸ਼ਮਾਂ ਸੁਖ਼ਨ ਦੂਰ ਹੋ ਅਸਦ**
**ਪਹਿਲੇ ਦਿਲੇ ਗੁਦਾਖ਼ਤਾ ਪੈਦਾ ਕਰੇ ਕੋਈ।**

(ਸੁਖ਼ਨ ਦੀ ਸ਼ਮਾਂ ਦੀ ਲਾਟ ਉੱਚੀ ਕਰਨ ਲਈ ਪਹਿਲੋਂ ਲਟਲਟ ਮੱਚਣ ਵਾਲਾ ਦਿਲ ਪੈਦਾ ਕਰਨਾ ਪੈਂਦਾ ਹੈ) ਅਤੇ ਜ਼ਿੰਦਗੀ ਦੀ ਜੰਗ ਵੀ ਮਸਖ਼ਰੇ ਨਹੀਂ ਦਰਦ ਭਰੇ ਦਿਲਾਂ ਵਾਲੇ ਹੀ ਲੜਦੇ ਹਨ।

13. ਤੁਹਾਡੀਆਂ ਗ਼ਜ਼ਲਾਂ ਸਥਾਨਕਤਾ ਸਮੇਂ ਦੇ ਕਿਸੇ ਖ਼ਾਸ ਕਾਲ ਤੋਂ ਮੁਕਤ ਹੁੰਦੀਆਂ ਹਨ। ਇਨ੍ਹਾਂ ਵਿਚ ਕਿਤੇ ਵੀ ਕਿਸੇ ਖ਼ਾਸ ਥਾਂ, ਸਮੇਂ ਅਤੇ ਸਥਿਤੀ ਦਾ ਵਰਨਣ ਨਹੀਂ ਮਿਲਦਾ। ਅਜਿਹਾ ਤੁਸੀਂ ਅਚੇਤ ਰੂਪ ਵਿਚ ਕਦੇ ਹੋ ਜਾਂ ਇਸ ਪਿਛੇ ਕੋਈ ਹੋਰ ਕਾਰਣ ਕਾਰਜਸ਼ੀਲ ਹੈ?

- ਮੈਂ ਇਹ ਸ਼ਾਇਰੀ ਆਪਣੇ ਨਾਲ ਲੈ ਜਾਣ ਵਾਸਤੇ ਨਹੀਂ ਕਰਦਾ। ਇਹ ਅਗਲੇ ਵਕਤਾਂ ਲਈ



ਛੱਡ ਜਾਣ ਵਾਸਤੇ ਕਰਦਾ ਹਾਂ। ਇਹ ਕੋਈ ਆਮ ਵਾਲੀ ਗੱਲ ਵੀ ਨਹੀਂ।

14. ਪੰਜਾਬੀ ਦੀ ਅੱਜ ਦੀ ਗ਼ਜ਼ਲ ਦਾ ਝੁਕਾਅ ਮੁਸੱਲਸਲ ਗ਼ਜ਼ਲ ਵੱਲ ਹੈ। ਪਰ ਤੁਹਾਡੀਆਂ ਗ਼ਜ਼ਲਾਂ ਗ਼ੈਰ-ਮਸੱਲਸਲ ਹਨ। ਅਜਿਹਾ ਕਿਉਂ?

- ਗ਼ਜ਼ਲ ਵਿਚ ਇਕੋ ਮਾਹੌਲ ਹੋਣਾ ਤੇ ਇਕ ਸਿਫ਼ਤ ਵਾਲੀ ਗੱਲ ਹੈ ਪਰ ਕੋਈ ਸਿਲਸਿਲਾ ਹੋਣਾ ਗ਼ਜ਼ਲ ਦੀ ਵੱਡੀ ਸਿਫ਼ਤ ਯਾਨੀ ਸ਼ਿਅਰਾਂ ਦੀ ਇਨਫਰਾਦੀਅਤ ਨੂੰ ਗ਼ਜ਼ਲ ਕੋਲੋਂ ਖੋਹ ਲੈਂਦਾ ਹੈ। ਆਮਿਆਨਾ ਜਿਹੇ ਸ਼ਿਅਰ ਨਾਂ ਗ਼ਜ਼ਲ ਮੁਸੱਲਸਲ ਵਿਚ ਤੇ ਨਾ ਹੀ ਗੈਰਮੁਸੱਲਸਿਲ ਵਿਚ ਕੋਈ ਦਾਦ ਤਲਬ ਹੁੰਦੇ ਹਨ।

15. ਤੁਹਾਡਾ ਸ਼ੁਮਾਰ ਪੰਜਾਬੀ ਗ਼ਜ਼ਲ ਵਿਚ 'ਸੰਜਮ, ਸ਼ਿੱਦਤ ਤੇ ਸ਼ਿਲਪ ਨਾਲ ਸ਼ਿਅਰ' ਕਹਿਣ ਵਾਲਿਆਂ 'ਚ ਹੁੰਦਾ ਹੈ। ਕਹਿੰਦੇ ਹਨ ਕਿ ਗੁਰਦੀਪ ਦਾ ਹਰ ਸ਼ਿਅਰ ਅਰਥ-ਭਰਪੂਰ ਹੁੰਦਾ ਹੈ। ਪੰਜਾਬੀ ਦੀਆਂ ਬਹੁਤੀਆਂ ਗ਼ਜ਼ਲਾਂ ਵਿਚ ਅਕਸਰ ਭਰਤੀ ਦੇ ਸ਼ਿਅਰ ਦੇਖਣ ਨੂੰ ਮਿਲਦੇ ਹਨ। ਜੇਕਰ ਸਾਹਿਤ ਵਿਚ ਇਕ ਵੀ ਵੇਰਵਾ ਫ਼ਾਲਤੂ/ਵਾਧੂ ਨਹੀਂ ਹੋ ਸਕਦਾ ਤਾਂ ਗ਼ਜ਼ਲ ਵਿਚ ਇਹ ਫਾਲਤੂ ਸ਼ਿਅਰ ਕਿਹੋ ਜਿਹੀ ਸਾਰਥਿਕਤਾ ਰੱਖਦੇ ਹਨ?

- ਮੇਰੇ ਸ਼ੁਮਾਰ ਵਾਲੀ ਗੱਲ ਤੇ ਤੁਹਾਡੀ ਜ਼ੱਰਾਨਿਵਾਜ਼ੀ ਹੈ। ਉਂਝ ਜਿਸ ਸ਼ਾਇਰ ਦੇ ਇਹ ਸੰਜਮ, ਸ਼ਿੱਦਤ ਵਾਲੇ ਲਫ਼ਜ਼ ਨੇ ਓਂਨ ਮੇਰੀਆਂ ਦਸ ਗ਼ਜ਼ਲਾਂ ਨਹੀਂ ਪੜ੍ਹੀਆਂ। ਸੰਜਮ, ਸ਼ਿੱਦਤ ਤੇ ਉਸ ਮਿਹਰਬਾਨ ਦੀ ਸਿਫ਼ਤ ਦਾ ਤਕੀਆ ਕਲਾਮ ਹੈ।

16. ਤੁਹਾਡੀਆਂ ਗ਼ਜ਼ਲਾਂ ਅਰਬੀ-ਫ਼ਾਰਸੀ ਅਰੂਜ਼ ਤੋਂ ਕਾਫ਼ੀ ਖੁੱਲ੍ਹਾਂ ਲੈਂਦੀਆਂ ਹਨ। ਅਜਿਹਾ ਪੰਜਾਬੀ ਭਾਸ਼ਾ ਦੇ ਵੱਖਰੇ ਸੁਭਅ ਕਰਕੇ ਹੋ ਰਿਹਾ ਹੈ? ਜੇਕਰ ਇਹ ਠੀਕ ਹੈ ਤਾਂ ਦੱਸੋ ਕਿ ਤੁਸੀਂ ਪੰਜਾਬ ਗ਼ਜ਼ਲ ਦੇ ਇਕ ਵੱਖਰੇ ਮੌਲਿਕ ਰਿਦਮਕ-ਪ੍ਰਬੰਦ ਨੂੰ ਵਿਕਸਤ ਕਰਨ ਦੇ ਹੱਕ ਵਿਚ ਹੋ ਜਾਂ ਨਹੀਂ?

- ਪੰਜਾਬੀ ਗ਼ਜ਼ਲ ਕੋਲ ਆਪਣਾ ਬਹਿਰ ਪੂਲ ਬਣ ਜਾਣ ਨਾਲ ਕਿਸੇ ਬਸ਼ਰ ਦੇ ਇਸਦੇ ਹੱਕ ਵਿਚ ਜਾਂ ਇਸਦੇ ਖ਼ਿਲਾਫ਼ ਹੋਣ ਦਾ ਸਵਾਲ ਹੀ ਨਹੀਂ ਰਹੇਗਾ। ਉਦੋਂ ਸ਼ਾਇਦ ਕੰਪਿਊਟਰ ਵੀ ਕਾਰਗਰ ਹੋਵੇਗਾ 'ਤੇ ਪੰਜਾਬੀ ਰਿਦਮ, ਪੈਟਰਨ ਕੋਡ ਹੋ ਜਾਣਗੇ। ਸਵਾਲ ਪੰਜਾਬੀ ਗ਼ਜ਼ਲ ਦੇ ਪਹਿਚਾਣ ਚਿੰਨ੍ਹਾਂ ਦਾ ਹੈ। ਜੇ ਪੰਜਾਬੀ ਦੇ ਕਵੀਆਂ ਦੇ ਪੱਲੇ ਸ਼ਾਇਰਾਨਾ ਕੈਫ਼ੀਅਤਾਂ ਨਾ ਰਹੀਆਂ ਤਾਂ ਗ਼ਜ਼ਲ ਖਤਮ ਹੋ ਜਾਵੇਗੀ।

17. ਅੱਜ ਦੀ ਪੀੜ੍ਹੀ ਉਰਦੂ- ਫ਼ਾਰਸੀ ਦੇ ਗੂੜ੍ਹ ਲਫ਼ਜ਼ਾਂ ਤੋਂ ਬਾਵਸਤਾ ਨਹੀਂ ਹੈ। ਅਜਿਹੇ ਔਖੇ ਲਫ਼ਜ਼ਾਂ ਨਾਲ ਸ਼ਿਅਰ ਦੇ ਅਰਥਾਂ ਨੂੰ ਸਮਝਣ ਵਿਚ ਦਿੱਕਤ ਪੇਸ਼ ਆਉਂਦੀ ਹੈ ਇਨ੍ਹਾਂ ਅਰਥਾਂ ਨੂੰ ਸਮਝਣ ਲਈ ਦੇਰ ਵੀ ਲੱਗਦੀ ਹੈ। ਪਰ ਤੁਸੀਂ ਆਪਣੀਆਂ ਗ਼ਜ਼ਲਾਂ ਵਿਚ ਅਜਿਹੇ ਸ਼ਬਦਾਂ ਦੀ ਬਹੁਤ ਵਰਤੋਂ ਕਰਦੇ ਹੋ? ਅਜਿਹਾ ਕਿਉਂ?

- ਜਿਹੜੇ ਪਾਠਕ ਸੂਫ਼ੀ ਸ਼ਾਇਰੀ ਅਤੇ ਕਲਾਸਿਕ ਕਿੱਸੇ ਪੜ੍ਹ ਅਤੇ ਸਮਝ ਸਕਦੇ ਹਨ ਉਨ੍ਹਾਂ ਨੂੰ ਸ਼ਬਦਾਵਲੀ ਪੱਖੋਂ ਮੇਰੀ ਗ਼ਜ਼ਲ ਸਮਝਣ ਵਿਚ ਦਿੱਕਤ ਨਹੀਂ ਹੋ ਸਕਦੀ। ਜੇ ਉਨ੍ਹਾਂ ਦੀ ਜ਼ਿੰਦਗੀ ਵਿਚੋਂ ਸੂਫ਼ੀ ਸ਼ਾਇਰੀ ਅਤੇ ਕਲਾਸਿਕ ਕਿੱਸੇ ਖਾਰਜ ਹੋ ਚੁੱਕੇ ਹਨ ਫਿਰ ਇਕ ਗੁਰਦੀਪ ਦੇ ਨਾ ਹੋਣ ਨਾਲ ਹੀ ਕੋਈ ਕਿਆਮਤ ਨਹੀਂ ਢਹਿਣ ਲੱਗੀ।

18. ਤੁਹਾਡੀਆਂ ਗ਼ਜ਼ਲਾਂ ਬਾਰੇ ਸੁਰਜੀਤ ਪਾਤਰ, ਗੁਰਬਚਨ ਸਿੰਘ ਭੁੱਲਰ, ਦਲਜੀਤ ਸਿੰਘ, ਸੁਰਜਨ

ਜੀਰਵੀ ਅਤੇ ਬੂਟਾ ਸਿੰਘ ਚੌਹਾਨ ਆਦਿ ਨੇ ਲਿਖਿਆ ਹੈ। ਪੰਜਾਬੀ ਦੀ ਵਰਤਮਾਨ ਗ਼ਜ਼ਲ-ਸਮੀਖਿਆ ਬਾਰੇ ਆਪਣੇ ਵਿਚਾਰ ਸਾਡੇ ਨਾਲ ਸਾਂਝੇ ਕਰੋ?

- ਆਪਣੀ ਗ਼ਜ਼ਲ ਦੀ ਗੱਲ ਨੂੰ ਪੰਜਾਬੀ ਗ਼ਜ਼ਲ ਦੀ ਸਮੀਖਿਆ ਨਾਲ ਜੋੜਨਾ ਮੈਂ ਵਾਜਬ ਨਹੀਂ ਸਮਝਦਾ। ਉਂਝ ਗ਼ਜ਼ਲ ਦੀ ਸੀਰਤ ਦੀ ਗੱਲ ਤੇ ਉਰਦੂ ਵਿਚ ਵੀ ਢੰਗ ਨਾਲ ਨਹੀਂ ਹੋ ਸਕੀ। ਉੱਥੇ ਵੀ ਸਿਰਫ ਸੂਰਤ ਦੀ ਹੀ ਗੱਲ ਰਹੀ। ਪੰਜਾਬੀ ਗ਼ਜ਼ਲ ਦੀਆਂ ਜ਼ਰੂਰਤਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝ ਕੇ ਉਨ੍ਹਾਂ ਦੇ ਨਿਭਾਅ ਨਾਲ ਜੋੜਣ ਦੀ ਪਰਕਿਰਿਆ ਗ਼ਜ਼ਲ ਦੀ ਸਮੀਖਿਆ ਹੈ। ਇਸ ਤਰ੍ਹਾਂ ਦਾ ਕੁਝ ਮੇਰੀ ਨਜ਼ਰ ਵਿਚ ਨਹੀਂ ਆਇਆ।

19. ਗ਼ਜ਼ਲ ਕਦੋਂ, ਕਿੱਥੇ ਅਤੇ ਕਿਵੇਂ ਲਿਖਦੇ ਹੋ? ਸਿਰਜਣਾ ਦੇ ਇਨ੍ਹਾਂ ਪਲਾਂ ਨੂੰ ਸਾਡੇ ਨਾਲ ਸਾਂਝਾ ਕਰੋ ਅਤੇ ਦਸੋ ਕਿ ਗ਼ਜ਼ਲ ਲਿਖਣ ਲਈ ਕਿਹੋ ਜਿਹੀ ਵਿਧੀ ਦੀ ਵਰਤੋਂ ਕਰਦੇ ਹੋ? ਇਕ ਵਾਰ ਵਿਚ ਹੀ ਗ਼ਜ਼ਲ ਲਿਖ ਦਿੰਦੇ ਹੋ ਜਾਂ ਇਸ ਦੀ ਸਿਰਜਣਾ ਲੰਬਾ ਸਮਾਂ ਚਲਦੀ ਰਹਿੰਦੀ ਹੈ?

- ਸਿਰਜਣਾ ਦੇ ਪਲ ਤੇ ਸ਼ਾਇਰ ਨੂੰ ਵੀ ਪੱਲੇ ਨਹੀਂ ਬੰਨ੍ਹਦੇ, ਸਾਂਝੇ ਕਿੱਥੋਂ ਕਰ ਲਵਾਂਗਾ। ਉਂਝ ਬੜੇ ਸ਼ਾਇਰ ਨੇ ਜੋ ਖ਼ੂਨ ਵਿਚ ਡੁੱਬ ਕੇ ਲਿਖਦੇ ਨੇ। ਕਈਆਂ ਨੂੰ ਗ਼ਜ਼ਲ ਆਪ ਲਿਖਦੀ ਹੈ। ਮੇਰੇ ਨਾਲ ਇਸ ਤਰ੍ਹਾਂ ਦਾ ਕੁਝ ਨਹੀਂ ਹੁੰਦਾ ਬਸ ਇਹ ਦਸ ਸਕਦਾ ਹਾਂ ਕਿ ਜ਼ਮੀਨ ਅਚਾਨਕ ਵਾਰਦ ਹੁੰਦੀ ਹੈ। ਕਦੀ ਡਰਾਈਵਰ ਬਰਾਬਰ ਬੈਠਾ ਸਫ਼ਰ ਕਰਦਾ ਵੀ ਗ਼ਜ਼ਲ ਕਹਿ ਲੈਂਦਾ ਹਾਂ-

**ਫ਼ਾਸਲਾ ਖੁਸ਼ੀਆਂ ਗ਼ਮਾਂ ਵਿਚਕਾਰ ਦਾ,**
**ਕਰ ਲਿਆ ਤੈਅ ਹੱਥ ਫੜ ਕੇ ਯਾਰ ਦਾ।**

ਇਹ ਗ਼ਜ਼ਲ ਚੰਡੀਗੜ੍ਹ ਆਉਂਦੇ ਨੇ ਇਕ ਘੰਟੇ ਵਿਚ ਕਹਿ ਦਿੱਤੀ ਜਿਸਦਾ ਆਖਰੀ ਸ਼ਿਅਰ ਸੀ-

**ਸੰਘਣੀ ਛਾਂ ਢੂੰਡਦੇ ਰਹਿਗੀਰ ਨੂੰ,**
**ਪੁਰਖ਼ਤਰ ਰਸਤਾ ਹੈ ਵਾਜਾਂ ਮਾਰਦਾ।**

20. ਪੰਜਾਬੀ ਗ਼ਜ਼ਲ ਦੀ ਵਰਤਮਾਨ ਸਥਿਤੀ ਅਤੇ ਇਸ ਦੇ ਭਵਿੱਖ ਬਾਰੇ ਆਪਣੇ ਵਿਚਾਰ ਸਾਂਝੇ ਕਰੋ? ਵਰਤਮਾਨ ਵਿਚ ਤੁਹਾਨੂੰ ਕਿਹੜੇ ਗ਼ਜ਼ਲਕਾਰ ਪਸੰਦ ਹਨ?

- ਹਾਲਤ ਤਸ਼ਵੀਸ਼ਨਾਕ ਹੈ ਕਿਉਂਕਿ ਗ਼ਜ਼ਲਕਾਰਾਂ ਨੂੰ ਆਪਣਾ ਫ਼ਿਕਰ ਹੈ ਗ਼ਜ਼ਲ ਦਾ ਨਹੀਂ। ਮੈਨੂੰ ਉਰਦੂ ਦੇ ਸੈਂਕੜੇ ਸ਼ਿਅਰ ਯਾਦ ਨੇ ਪਰ ਪੰਜਾਬੀ ਦੇ ਮਸਾਂ 20-25 ਹੀ ਹੋਣਗੇ।

21. ਅੱਜ-ਕੱਲ੍ਹ ਕੀ ਪੜ੍ਹ-ਲਿਖ ਰਹੇ ਹੋ? ਆਪਣੀ ਕਿਸੇ ਆਉਣ ਵਾਲੀ ਰਚਨਾ ਬਾਰੇ ਪਾਠਕਾਂ ਨੂੰ ਦੱਸੋ?

- 12-14 ਘੰਟੇ ਪੜ੍ਹਦਾ ਹਾਂ। ਸਭ ਕੁਝ ਨਿਸ਼ਾਨੀਆਂ ਲਾ ਕੇ, ਨੋਟ ਕੋਟ ਨਾਲ। ਪਿਛਲੇ ਦਿਨੀਂ ਅਮਰੀਕਾ ਦੇ ਲੋਕਾਂ ਦੀ ਹਿਸਟਰੀ ਪੜ੍ਹੀ, ਸਭ ਨੂੰ ਪੜ੍ਹਣ ਲਈ ਕਹਿੰਦਾ ਹਾਂ। ਕਵਿਤਾ ਦੀਆਂ ਤੇ 2-3 ਕਿਤਾਬਾਂ ਦਿਨ ਵਿਚ ਦੇਖ ਮਾਰਦਾ ਹਾਂ। ਅੱਜਕਲ੍ਹ 'ਲਵ ਐਂਡ ਕੈਪੀਟਲ' ਹੱਥ ਲੱਗੀ ਹੈ। ਚੰਗੀ ਹੈ ਸੁਣਿਆ। ਬੜੇ ਦਿਨਾਂ ਪਿੱਛੋਂ ਪੰਜਾਬੀ ਦੀਆਂ ਕੁਝ ਨਾਵਲਾਂ ਪੜ੍ਹੀਆਂ ਨੇ। ਮੈਂ ਹੁਣ ਆਪਣੇ ਆਪ ਲਈ ਨਹੀਂ ਅਜ਼ੀਜ਼ਾਂ ਲਈ ਪੜ੍ਹਦਾ ਹਾਂ। ਕੁਝ ਦੱਸਣਾ ਹੁੰਦਾ ਹੈ, ਕਿਤੇ ਕੁਝ ਸਮਝਾਉਣਾ ਹੁੰਦਾ ਹੈ 'ਤੇ ਕਿਸੇ ਗੱਲੋਂ ਉਨ੍ਹਾਂ ਨੂੰ ਸਚੇਤ ਕਰਨਾ ਹੁੰਦਾ ਹੈ। ਆਉਣ ਵਾਲੀਆਂ ਰਚਨਾਵਾਂ ਬਾਰੇ ਮੈਂ ਗਿਆਰਵੇਂ ਸਵਾਲ ਦੇ ਜਵਾਬ ਵਿਚ ਅਰਜ਼ ਕਰ ਚੁੱਕਾ ਹਾਂ।

- ਪੰਜਾਬੀ ਯੂਨੀਵਰਸਿਟੀ, ਪਟਿਆਲਾ





# ਸਿੱਖ ਕੌਮ: ਹਸਤੀ ਤੇ ਹੋਣੀ: ਕੁੱਝ ਸੰਸੇ, ਕੁਝ ਸਵਾਲ

- ਡਾ. ਪ੍ਰੇਮ ਸਿੰਘ

ਪਿਛਲੇ ਕੁਝ ਸਮੇਂ ਤੋਂ ਭਾਰਤ ਅਤੇ ਵਿਦੇਸ਼ਾਂ ਵਿਚ, ਖਾਸ ਤੌਰ ਉਤੇ ਜਿੱਥੇ ਸਿੱਖ ਭਾਈਚਾਰਾ ਚੰਗੀ ਗਿਣਤੀ ਵਿਚ ਵਸਿਆ ਹੋਇਆ ਹੈ, ਵਿਆਪਕ ਚਰਚਾ ਸ਼ੁਰੂ ਹੋ ਚੁੱਕੀ ਹੈ। ਇਸ ਚਰਚਾ ਦਾ ਮੰਤਵ ਸਿੱਖਾਂ ਦੇ ਇਤਿਹਾਸ ਤੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ਼ਾਂ ਦੀ ਰੋਸ਼ਨੀ ਵਿਚ ਉਨ੍ਹਾਂ ਦੇ ਭਵਿੱਖੀ ਵਿਕਾਸ ਦੀ ਸੇਧ ਨੂੰ ਨਿਰਧਾਰਿਤ ਕਰਨ ਦਾ ਯਤਨ ਕਰਨਾ ਹੈ। 'ਸਿੱਖ ਕੌਮ: ਹਸਤੀ ਤੇ ਹੋਣੀ' ਪੜ੍ਹਦਿਆਂ ਇਹ ਪੁਸਤਕ ਵੀ ਇਸੇ ਦਿਸ਼ਾ ਵਿਚ ਕੀਤਾ ਗਿਆ ਯਤਨ ਕਿਹਾ ਜਾ ਸਕਦਾ ਹੈ। ਪੁਸਤਕ ਦਾ ਸੰਪਾਦਨ ਸ. ਅਮੋਲਕ ਸਿੰਘ ਤੇ ਗੁਰਦਿਆਲ ਸਿੰਘ ਬੱਲ ਨੇ ਕੀਤਾ ਹੈ। ਪੰਜਾਬ ਦੇ ਸੰਕਟ ਬਾਰੇ ਵੱਖ-ਵੱਖ ਵਿਚਾਰ ਦੀਆਂ ਇਹ ਲਿਖਤਾਂ ਸਮੱਸਿਆ ਦੀ ਜੜ੍ਹ ਤਕ ਪੁੱਜਣ ਦਾ ਯਤਨ ਹਨ।

ਇਸ ਚਰਚਾ ਦਾ ਆਰੰਭ ਸ. ਅਜਮੇਰ ਸਿੰਘ ਵੱਲੋਂ ਲਿਖੀਆਂ ਗਈਆਂ ਤਿੰਨ ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (2003), 'ਕਿਸ ਬਿਧ ਰੁਲੀ ਪਾਤਸ਼ਾਹੀ' (2007) ਅਤੇ '1984 ਅਣਚਿਤਵਿਆ ਕਹਿਰ' (2009) ਦੇ ਮੁਲੰਕਣ ਤੋਂ ਸ਼ੁਰੂ ਹੋਇਆ ਸੀ। ਇਨ੍ਹਾਂ ਵਿਚ ਸ. ਅਜਮੇਰ ਸਿੰਘ ਨੇ ਮੂਲ ਧਾਰਨਾ ਇਹ ਪੇਸ਼ ਕੀਤੀ ਸੀ ਕਿ ਪੰਜਾਬ ਦੇ ਦੋ ਭਾਈਚਾਰਿਆਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਆਪਸੀ ਵਿਰੋਧ ਦੀ ਸਥਿਤੀ ਹੈ ਅਤੇ ਇਹ ਵਿਰੋਧ ਸਿੱਖੀ ਦੇ ਜਨਮ ਤੋਂ ਹੀ, ਭਾਵ ਪੰਦਰਵੀਂ ਸਦੀ ਤੋਂ ਹੀ ਸ਼ੁਰੂ ਹੋ ਗਏ ਸਨ। ਇਸ ਵਿਰੋਧ ਦਾ ਰੂਪ ਬਦਲਦਾ ਰਿਹਾ ਹੈ ਪਰ ਇਹ ਹਰ ਤਰ੍ਹਾਂ ਦੇ ਹਾਲਾਤ ਵਿਚ ਬਣਿਆ ਰਿਹਾ ਹੈ ਤੇ ਹੁਣ ਵੀ ਮੌਜੂਦ ਹੈ। ਲੇਖਕ ਨੇ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਅਤੇ ਉਸ ਤੋਂ ਬਾਅਦ ਦੇ ਹਾਲਾਤ ਉਤੇ ਟਿੱਪਣੀ ਕਰਦਿਆਂ ਅੰਗਰੇਜ਼ਾਂ ਵੱਲੋਂ ਸਿੱਖਾਂ ਉਤੇ ਕੀਤੀਆਂ ਗਈਆਂ ਕਥਿਤ ਮਿਹਰਬਾਨੀਆਂ ਦਾ ਜ਼ਿਕਰ ਕੀਤਾ ਹੈ ਤੇ ਸਿੱਖਾਂ ਵੱਲੋਂ 1857 ਦੇ ਗਦਰ ਸਮੇਂ ਕੀਤੀ ਮਦਦ ਦਾ ਸ਼ਲਾਘਾਪੂਰਨ ਨੋਟਿਸ ਲੈਂਦਿਆਂ ਇਸ ਤੱਥ ਨੂੰ ਅੱਖੋਂ-ਪਰੋਖੇ ਕਰ ਦਿੱਤਾ ਹੈ ਕਿ ਮੇਰਠ ਵਿਚ ਹੋਏ ਗਦਰ ਦੀ ਖ਼ਬਰ ਪੰਜਾਬ ਵਿਚ ਪੁੱਜਦਿਆਂ ਹੀ ਅੰਗਰੇਜ਼ਾਂ ਨੇ ਸਿੱਖ ਪਲਟਣਾਂ ਤੋਂ ਹਥਿਆਰ ਸੁਟਵਾ ਲਏ ਸਨ। ਲਾਹੌਰ, ਪੇਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ, ਭਾਵ ਦਸ ਛਾਉਣੀਆਂ ਵਿਚ 13000 ਫੌਜੀਆਂ ਨੂੰ ਬੇਹਥਿਆਰ ਕਰ ਦਿੱਤਾ ਗਿਆ ਸੀ ਤੇ ਪੰਜਾਬ ਵਿਚ ਖੁੱਲ੍ਹੀ ਬਗਾਵਤ ਕੇਵਲ ਅੰਗਰੇਜ਼ਾਂ ਦੀਆਂ ਇਨ੍ਹਾਂ ਪੇਸ਼ਬੰਦੀਆਂ ਕਾਰਨ ਹੀ ਰੁਕੀ ਸੀ। ਫਿਰ ਵੀ ਅੱਠ ਥਾਵਾਂ ਉਤੇ ਫੌਜਾਂ ਨੇ ਬਗਾਵਤ ਕੀਤੀ ਸੀ ਤੇ ਉਨ੍ਹਾਂ ਵਿਚ ਕਈ ਥਾਈਂ ਉਨ੍ਹਾਂ ਆਪਣੇ ਅਫ਼ਸਰਾਂ ਨੂੰ ਕਤਲ ਕਰ ਦਿੱਤਾ ਸੀ।

ਇਸ ਤ੍ਰੈ-ਲੜੀ ਦੀ ਦੂਜੀ ਪੁਸਤਕ ਵਿਚ ਸ. ਅਜਮੇਰ ਸਿੰਘ ਨੇ ਭਾਰਤ ਵਿਚ ਉੱਠੀ ਦੇਸ਼ ਭਗਤੀ ਦੀ ਲਹਿਰ ਦਾ ਨਾਂਹ-ਪੱਖੀ ਉਲੇਖ ਕਰਦਿਆਂ ਇੱਥੋਂ ਤਕ ਲਿਖਿਆ ਹੈ ਕਿ ਦੇਸ਼ ਭਗਤੀ ਤੇ ਅੰਗਰੇਜ਼ ਭਗਤੀ ਇੱਕੋਂ ਸਿੱਕੇ ਦੇ ਦੋ ਪਾਸੇ ਹਨ। ਤੀਜੀ ਪੁਸਤਕ ਵਿਚ ਲੇਖਕ ਨੇ ਇਨ੍ਹਾਂ ਤੱਥਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਕਿ ਇਕ ਸਿੱਖ ਦੇਸ਼ ਦਾ ਰਾਸ਼ਟਰਪਤੀ ਰਿਹਾ ਹੈ, ਇਕ ਸਮਕਾਲ ਵਿਚ ਪ੍ਰਧਾਨ ਮੰਤਰੀ ਹੈ, ਦੇਸ਼ ਦੇ ਕਈ ਮੁੱਖ ਸਿਵਲ ਤੇ ਫੌਜੀ ਅਹੁਦੇ ਸਿੱਖਾਂ ਕੋਲ ਹਨ ਅਤੇ ਉਪਰੰਤ ਸਨਅਤੀ ਤੇ ਵਪਾਰਕ ਅਦਾਰਿਆਂ ਦੇ ਕਈ ਮੁਖੀ ਸਿੱਖ ਹਨ, ਇਹ ਵੀ ਲਿਖਿਆ ਹੈ ਕਿ ਭਾਰਤ ਸਰਕਾਰ ਦੀ ਬੁਨਿਆਦੀ ਨੀਤੀ ਸਿੱਖਾਂ ਦੇ ਵਿਰੋਧ ਨੂੰ ਪੂਰੀ ਤਰ੍ਹਾਂ ਮਸਲ ਦੇਣ ਦੀ ਹੈ। ਅਜਮੇਰ ਸਿੰਘ ਇਨ੍ਹਾਂ ਪੁਸਤਕਾਂ ਰਾਹੀਂ ਦੁਹਾਈ ਦਿੰਦਾ ਨਜ਼ਰ

ਆਉਂਦਾ ਹੈ। ਲੇਖਕ ਦਾ ਮਤ ਹੈ ਕਿ ਅਜਿਹੀ ਹਾਲਤ ਵਿੱਚ ਸਿੱਖਾਂ ਦਾ ਆਪਣੀ ਇੱਜ਼ਤ ਆਬਰੂ ਬਚਾ ਕੇ ਜੀਊਣ ਲਈ ਵੱਖਰਾ ਘਰ ਬਣਾਉਣ ਵਾਸਤੇ ਜੂਝ ਮਰਨ ਤੋਂ ਛੁੱਟ ਕੋਈ ਚਾਰਾ ਹੀ ਨਹੀਂ ਹੈ। ਕਿ ਅਜੋਕਾ ਭਾਰਤ ਹਿੰਦੂ ਫਾਸ਼ੀਵਾਦੀਆਂ ਦੀ ਜਕੜ ਵਿਚ ਹੈ, ਸਿੱਖ ਇੱਥੇ ਦੂਜੇ ਦਰਜੇ ਦੇ ਨਾਗਰਿਕ ਹਨ ਅਤੇ ਹਾਕਮਾਂ ਨੇ ਇਨ੍ਹਾਂ ਨੂੰ ਘਸਿਆਰੇ ਬਣਾ ਕੇ ਰੱਖਿਆ ਹੋਇਆ ਹੈ।

ਉੱਘੇ ਚਿੰਤਕ ਸ. ਅਮਰਜੀਤ ਸਿੰਘ ਗਰੇਵਾਲ ਨੇ 'ਸਿੱਖ ਕੌਮ: ਹਸਤੀ ਤੇ ਹੋਣੀ' ਦੀ ਭੂਮਿਕਾ ਲਿਖੀ ਹੈ। ਉਨ੍ਹਾਂ ਇਹ ਮਤ ਪੇਸ਼ ਕੀਤਾ ਹੈ ਕਿ ਅੱਜ ਸਿੱਖ ਭਾਈਚਾਰੇ ਦੀ ਆਰਥਿਕਤਾ ਅਤੇ ਰਾਜਨੀਤੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਤਾਂ ਉੱਪਰ ਨਹੀਂ, ਸਗੋਂ ਪੂੰਜੀਵਾਦੀ ਸੋਚ ਦੀ ਗੁਰਮਿਤ ਵਿਰੋਧੀ ਖਪਤਕਾਰੀ ਸੋਚ ਉੱਪਰ ਟਿਕੀ ਹੋਈ ਹੈ। ਉਨ੍ਹਾਂ ਅਨੁਸਾਰ ਸਿੱਖ ਕੌਮ ਨਹੀਂ, ਪੰਥ ਹਨ। ਕੌਮ ਦੀ ਆਮ ਤੌਰ 'ਤੇ ਪ੍ਰਵਾਣਿਤ ਪ੍ਰੀਭਾਸ਼ਾ ਉਤੇ ਕਿੰਤੂ ਕਰਦਿਆਂ ਉਨ੍ਹਾਂ ਉਦਾਹਰਣ ਦਿੱਤੀ ਹੈ ਕਿ ਅਸੀਂ ਕਈ ਜ਼ੁਬਾਨਾਂ ਬੋਲਣ ਵਾਲੀਆਂ ਕੌਮਾਂ ਅਤੇ ਇੱਥੋਂ ਜ਼ੁਬਾਨ ਬੋਲਣ ਵਾਲੀਆਂ ਕਈ ਕੌਮਾਂ ਦੇਖਦੇ ਹਨ ਤਾਂ ਇਸ ਪ੍ਰੀਭਾਸ਼ਾ ਨੂੰ ਮੰਨਣ ਵਿਚ ਦਿੱਕਤ ਆਉਂਦੀ ਹੈ। ਭਾਰਤ ਦੇ ਬਹੁ-ਕੌਮੀ ਰਾਸ਼ਟਰ ਬਣਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਇਹ ਅਮਲ ਵਿਚ 1615 ਇਲਾਕਾਈ ਜ਼ੁਬਾਨਾਂ ਨੂੰ 22 ਸੈਡਿਊਲਡ ਜ਼ੁਬਾਨਾਂ ਦੇ ਗਲਬੇ ਅਧੀਨ ਕਰ ਦਿੱਤਾ ਗਿਆ ਹੈ। ਇਹ ਜ਼ੁਬਾਨਾਂ ਬੋਲਣ ਵਾਲੇ ਭਾਈਚਾਰਿਆਂ ਨੂੰ ਮੁੱਖ ਭਾਸ਼ਾਈ ਸੰਸਕ੍ਰਿਤੀ ਦੇ ਗੁਲਾਮ ਬਣਾ ਦਿੱਤਾ ਗਿਆ ਹੈ। ਭਾਰਤ ਦੀ ਭਾਸ਼ਾਈ ਵੰਨ-ਸੁਵੰਨਤਾ ਖ਼ਤਮ ਕਰ ਦਿੱਤੀ ਗਈ ਹੈ। ਪੰਜਾਬੀ ਸੂਬਾ ਬਣਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸਿੱਖਾਂ ਨੇ ਵੀ ਹਰਿਆਣਾ ਤੇ ਹਿਮਾਚਲ ਨੂੰ ਬਾਹਰ ਕੱਢ ਕੇ ਪੰਜਾਬੀ ਬੋਲੀ ਦੀ ਆੜ ਵਿਚ ਸਿੱਖ ਬਹੁ-ਗਿਣਤੀ ਵਾਲਾ ਪੰਜਾਬੀ ਸੂਬਾ ਬਣਵਾ ਲਿਆ। ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਅਕਾਲੀ ਦਲ ਦੀ ਜਦੋਂ ਸਰਕਾਰ ਬਣਦੀ ਹੈ ਤਾਂ ਉਹ ਚੁੱਪ ਕਰ ਕੇ ਰਾਜ ਕਰਦੇ ਹਨ, ਪਰ ਜਦੋਂ ਸਰਕਾਰੋਂ ਬਾਹਰ ਹੋ ਜਾਂਦੇ ਹਨ ਤਾਂ ਰਾਜਾਂ ਲਈ ਕਦੀ ਖ਼ੁਦਮੁਖਤਾਰੀ ਅਤੇ ਕਦੀ ਵਧੇਰੇ ਅਧਿਕਾਰਾਂ ਦਾ ਮੁੱਦਾ ਉਠਾ ਲੈਂਦੇ ਹਨ। ਪੰਜਾਬ ਵਿਚ ਅਕਾਲੀ ਸਿਆਸਤ ਭੰਬਲਭੂਸੇ ਅਤੇ ਕਮਜ਼ੋਰੀਆਂ ਵੀ ਸਿੱਖ ਖਾੜਕੂਵਾਦ ਦੇ ਉਭਾਰ ਦਾ ਸਬੱਬ ਬਣੀਆਂ - ਲੇਖਕ ਦੀ ਇਹ ਧਾਰਨਾ ਕਾਫ਼ੀ ਦਰੁਸਤ ਹੈ, ਪਰ ਇੱਥੇ ਇਹ ਨੋਟ ਕਰਨਾ ਵੀ ਯੋਗ ਹੈ ਕਿ ਕਾਂਗਰਸ ਸਰਕਾਰ ਨੇ ਪੰਜਾਬ ਦੇ ਸੰਕਟ ਦੇ ਨਿਬੇੜੇ ਲਈ ਜੋ ਨੀਤੀ ਤੇ ਦਾਅ ਪੇਚ ਵਰਤੇ, ਉਨ੍ਹਾਂ ਕਾਰਨ ਵੀ ਖਾੜਕੂਵਾਦ ਪੈਦਾ ਹੋਇਆ ਤੇ ਫੈਲਿਆ ਅਤੇ ਪੂਰੇ 14 ਵਰ੍ਹੇ ਪੰਜਾਬੀਆਂ ਨੂੰ ਬਲਦੀ ਦੇ ਬੂਥੇ ਧੱਕੀ ਰੱਖਿਆ।

ਸ. ਅਰਮਜੀਤ ਸਿੰਘ ਗਰੇਵਾਲ ਦਾ ਮੱਤ ਹੈ ਕਿ ਰਾਸ਼ਟਰਵਾਦ ਤੇ ਰਾਸ਼ਟਰੀ ਨਿਰਮਾਣ ਕਿਸੇ ਖੜੋਤ ਦਾ ਨਾਮ ਨਹੀਂ ਹਨ। ਆਰਥਿਕਤਾ ਅਤੇ ਗਤੀਸ਼ੀਲਤਾ ਹੀ ਇਸ ਦੇ ਜੀਵੰਤ ਹੋਣ ਦੀ ਨਿਸ਼ਾਨੀ ਹਨ। ਇਸ ਲਈ ਘੱਟ-ਗਿਣਤੀਆਂ, ਔਰਤਾਂ, ਬੇਰੁਜ਼ਗਾਰਾਂ ਤੇ ਬੇਜ਼ਮੀਨੇ ਕਿਸਾਨਾਂ ਦੇ ਸੰਘਰਸ਼ਾਂ ਨੂੰ ਰਾਸ਼ਟਰੀ ਨਿਰਮਾਣ ਦੀਆਂ ਸੰਭਾਵਨਾਵਾਂ ਵੱਜੋਂ ਲੈਣਾ ਚਾਹੀਦਾ ਹੈ। ਕੌਮੀ ਨਿਰਮਾਣ ਦੀ ਇਹ ਕਹਾਣੀ ਹੀ ਕੌਮ ਦੇ ਬਚੇ ਰਹਿਣ ਦੀ ਕਹਾਣੀ ਹੈ। ਇਸ ਦਾ ਚਲਦੇ ਰਹਿਣਾ ਜ਼ਰੂਰੀ ਹੈ। ਇਸ ਨੂੰ ਰੋਕਣ ਦੀ ਨਹੀਂ, ਤਿੱਖਾ ਕਰਨ ਦੀ ਲੋੜ ਹੈ। ਉਨ੍ਹਾਂ ਅਨੁਸਾਰ ਇਹ ਗੁਰੂ ਗ੍ਰੰਥ ਹੀ ਸੀ ਜਿਸ ਨੇ ਦੁਨੀਆਂ ਵਿਚ ਪਹਿਲੀ ਵਾਰ ਅਨੇਕਤਾ ਵਿਚ ਏਕਤਾ ਅਤੇ ਵਿਲੱਖਣਤਾ ਵਿਚ ਸਾਂਝ ਅਤੇ ਸੰਵਾਦ ਨੂੰ ਸੰਸਕ੍ਰਿਤਕ ਵਿਕਾਸ ਦੇ ਮੁੱਖ ਸਾਧਨ ਵਜੋਂ ਵਰਤਣ ਦੀ ਪਿਰਤ ਪਾਈ। ਸਿੱਖ ਪਰੰਪਰਾ ਦੀ ਵੱਡੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਮਾਨਵ ਕਲਿਆਣ ਲਈ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪੋ-ਆਪਣੇ ਮਾਰਗਾਂ ਉਤੇ ਚੱਲਣ ਦੀ ਪੁਰਜ਼ੋਰ ਨਸੀਹਤ ਕਰਦੀ ਹੈ। ਉਨ੍ਹਾਂ ਨੂੰ ਚੰਗਾ ਹਿੰਦੂ ਤੇ ਚੰਗਾ ਮੁਸਲਮਾਨ ਬਣਨ ਲਈ ਆਖਦੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਅਮਰੀਕਾ ਦੀ ਆਰਥਿਕ, ਰਾਜਨੀਤਕ ਤੇ ਸਮਾਜਕ-ਸਭਿਆਚਾਰਕ ਚੌਧਰ



ਖ਼ਤਮ ਹੋਣ ਨਾਲ ਇੱਕੀਵੀਂ ਸਦੀ ਬਹੁ-ਧਰੁਵੀ ਤਾਂ ਬਣ ਗਈ ਹੈ, ਪਰ ਵਿਚਾਰਧਾਰਕ ਤੌਰ ਉਤੇ ਇਕ ਧਰੁਵੀ ਹੀ ਹੈ। ਇਸ ਪ੍ਰਸੰਗ ਵਿਚ ਸਿੱਖ ਪਰੰਪਰਾ ਦੀ ਬੇਸ਼ਕੀਮਤੀ ਬਹੁ-ਵਾਦੀ ਸੋਚ ਵਿਸ਼ੇਸ਼ ਮਹੱਤਵ ਅਖਤਿਆਰ ਕਰ ਗਈ ਹੈ।

ਸ. ਅਮਰਜੀਤ ਸਿੰਘ ਗਰੇਵਾਲ ਅਨੁਸਾਰ ਗੁਰੂ ਨਾਨਕ ਵੀ ਕੌਮ ਦਾ ਨਿਰਮਾਣ ਹੀ ਕਰ ਰਹੇ ਸਨ। ਉਹ ਭਾਰਤੀ ਕੌਮ ਦੇ ਨਵ-ਨਿਰਮਾਣ ਵਿਚ ਜੁਟੇ ਹੋਏ ਸਨ, ਪਰ ਇਸ ਪ੍ਰੋਜੈਕਟ ਨੂੰ ਅਸੀਂ ਜਾਰੀ ਨਾ ਰੱਖ ਸਕੇ। ਦੱਖਣੀ ਏਸ਼ੀਆ ਸੰਗਠਿਤ ਨਾ ਰਹਿ ਸਕੀਆ ਅਤੇ ਭਾਰਤ ਦੇ ਲੇਖਕ ਕੇਵਲ ਭਾਰਤ ਦੇ ਨਾਗਰਿਕ ਹੀ ਬਣੇ, ਕੌਮ ਨਾ ਬਣ ਸਕੇ। ਗੁਰੂ ਨਾਨਕ ਦੇ ਉਦਾਰਵਾਦੀ ਨੈਤਿਕਤਾ ਦੇ ਨਿਰਮਾਣ ਲਈ ਬਹੁਤ ਹੀ ਸ਼ਕਤੀਵਰ ਸੰਦੇਸ਼ ਰਾਹੀਂ ਨੈਤਿਕਤਾ ਅਤੇ ਜਮਹੂਰੀਅਤ ਵਿਚ ਸਾਂਝ ਦੀ ਲੋੜ 'ਤੇ ਜ਼ੋਰ ਦਿੱਤਾ। ਅੱਜ ਸਿੱਖਾਂ ਨੂੰ ਇਸ ਸਵਾਲ ਦਾ ਹੱਲ ਤਾਂ ਢੂੰਡਣਾ ਹੀ ਪਵੇਗਾ ਕਿ ਅਜਿਹੀਆਂ ਸੰਸਥਾਵਾਂ ਤੇ ਸੱਤਾ ਰੂਪ ਕਿਵੇਂ ਉਸਾਰੇ ਜਾਣ ਜੋ ਆਜ਼ਾਦੀ, ਬਰਾਬਰੀ ਅਤੇ ਸਮਾਜਕ ਨਿਆਂ ਵਰਗੀਆਂ ਕਦਰਾਂ ਕੀਮਤਾਂ ਦੇ ਅਨੁਕੂਲ ਹੋਣ। ਇੱਥੇ ਕੁਦਰਤੀ ਤੌਰ ਉਤੇ ਇਹ ਸਵਾਲ ਉਠੇਗਾ ਕਿ ਗੁਰੂ ਨਾਨਕ ਦੇ ਸਮਿਆਂ ਵਿਚ ਅਜੋਕੇ ਅਰਥਾਂ ਵਿਚ ਜਮਹੂਰੀਅਤ ਦਾ ਸੰਕਲਪ ਹੋਂਦ ਵਿਚ ਨਹੀਂ ਆਇਆ ਸੀ। ਹਾਂ, ਇਸ ਗੱਲ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਜੇ ਗੁਰੂਆਂ ਦੀ ਤਾਲੀਮ ਅਨੁਸਾਰ ਲੋਕਾਈ ਕਾਰਜਸ਼ੀਲ ਹੋ ਜਾਂਦੀ ਤਾਂ ਬਿਹਤਰ ਸਮਾਜ ਵੱਲ ਵਧਿਆ ਜਾ ਸਕਦਾ ਸੀ, ਪਰ ਜਗੀਰਦਾਰੀ ਢਾਂਚੇ ਨੂੰ ਤੋੜੇ ਬਿਨਾਂ ਸ਼ਾਇਦ ਇਹ ਸੰਭਵ ਨਹੀਂ ਸੀ। ਪੁਸਤਕ ਦੀ ਭੂਮਿਕ ਵਿੱਚ ਅਮਰਜੀਤ ਗਵੇਵਾਲ ਨੇ ਗੱਲਾਂ ਕੀਤੀਆਂ ਹਨ ਪ੍ਰੰਤੂ ਉਹਨਾਂ ਨੂੰ ਹਕੀਕੀ ਰੂਪ ਦੇਣ ਲਈ ਨਾਂ ਤਾਂ ਕੋਈ ਠੋਸ ਧਰਾਤਲ ਹੀ ਸਿਰਜੀ ਹੈ ਅਤੇ ਨਾ ਉਨ੍ਹਾਂ ਇਤਿਹਾਸਕ ਸਮਾਜਕ ਕਾਰਨਾਂ ਦੀ ਦੱਸ ਹੀ ਪਾਈ ਹੈ ਕਿ ਸਿੱਖ ਰੂਹਾਨੀ ਇਨਕਲਾਬ ਦਾ ਪ੍ਰੋਜੈਕਟ ਉਨ੍ਹਾਂ ਦੇ ਬਜ਼ੁਰਗਾਂ ਦੇ ਮਿਸਲਾਂ ਦੇ ਰੂਪ ਵਿੱਚ ਰਾਜਸੀ ਤਾਕਤ ਹਥਿਆਉਂਦੇ ਸਾਰ ਹੀ ਦਮ ਤੋੜ ਕਿਉਂ ਗਿਆ।

ਪੁਸਤਕ ਵਿੱਚ ਸ਼ਾਮਲ ਵਿਦਵਾਨਾਂ ਵਿਚੋਂ ਇੱਕ ਅਹਿਮ ਨਾਂ ਪ੍ਰੋ. ਭੁਪਿੰਦਰ ਸਿੰਘ ਦਾ ਹੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਮਾਜ ਸ਼ਾਸਤਰ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ। ਉਨ੍ਹਾਂ ਦੀਆਂ ਲਿਖਤਾਂ ਅੰਗਰੇਜ਼ੀ ਵਿਚ 'ਰਾਜ ਕਰੇਗਾ ਖਾਲਸਾ' ਦੇ ਨਾਂ ਹੇਠਾਂ 'ਟ੍ਰਿਬਿਊਨ' ਅਤੇ 'ਪੰਜਾਬ ਟਾਈਮਜ਼' ਵਿਚ ਛਪ ਚੁਕੀਆਂ ਹਨ। ਵਿਚਾਰ ਅਧੀਨ ਵਿਸ਼ੇ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਦੇ ਵਿਚਾਰਾਂ ਬਾਰੇ ਵੀ ਕੁਝ ਕਹਿਣਾ ਬਣਨਾ ਹੈ। 'ਰਾਜ ਕਰੇਗਾ ਖਾਲਸਾ' ਲੇਖ ਵਿਚ ਉਹ ਲਿਖਦੇ ਹਨ ਕਿ ਸਿੱਖ ਧਾਰਮਿਕ ਸਮਾਗਮ ਸਮੇਂ ਕੀਤੀ ਜਾਂਦੀ ਅਰਦਾਸ ਦੇ ਭਾਵ ਅਰਥ ਸਮਝਣ ਲਈ ਸਿੱਖ ਜਾਂ ਗੈਰ-ਸਿੱਖ ਵਿਦਵਾਨਾਂ ਵੱਲੋਂ ਕੋਈ ਪ੍ਰਮਾਣਿਕ ਯਤਨ ਨਹੀਂ ਕੀਤਾ ਗਿਆ। ਆਮ ਤੌਰ ਤੇ ਇਸ ਦਾ ਅਰਥ ਇਹ ਲੈ ਲਿਆ ਜਾਂਦਾ ਹੈ ਕਿ ਸਿੱਖ ਨਿਰੰਕੁਸ਼ ਸੱਤਾ ਪ੍ਰਾਪਤ ਕਰਨਗੇ, ਜਾਂ ਇਹ ਕਿ ਇਨਸਾਫ ਦਾ ਰਾਜ ਹੋਵੇਗਾ। ਇਨ੍ਹਾਂ ਵਿਚੋਂ ਪਹਿਲਾ ਭਾਵ-ਅਰਥ ਰਾਜਸੀ ਹੈ ਤੇ 'ਮੀਰੀ' ਤੋਂ ਉਪਜਦਾ ਹੈ ਜਦ ਕਿ ਦੂਜਾ 'ਪੀਰੀ' ਤੋਂ। ਕੁਝ ਲੋਕਾਂ ਲਈ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਾਲਸਾ ਰਾਜ ਦੇ ਆਦਰਸ਼ ਦੀ ਪ੍ਰਾਪਤੀ ਨੂੰ ਸਾਕਾਰ ਕਰਦਾ ਸੀ।

ਪ੍ਰੋ. ਭੁਪਿੰਦਰ ਸਿੰਘ ਅਨੁਸਾਰ ਇਕ ਤੀਜੀ ਵਿਆਖਿਆ ਵੀ ਸੰਭਵ ਹੈ। 'ਰਾਜ ਕਰੇਗਾ ਖਾਲਸਾ' ਨੂੰ ਸਮਝਣ ਲਈ ਸਿੱਖ ਧਰਮ ਦਾ ਮੰਤਕ ਸਮਝਣਾ ਜ਼ਰੂਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਨਵਾਂ ਮਜ਼੍ਹਬ ਆਪਣੇ ਸਮੇਂ ਦੇ ਤਕਾਜ਼ਿਆਂ ਅਨੁਸਾਰ ਮਨੁੱਖ, ਕੁਦਰਤ ਅਤੇ ਰੱਬ ਵਿਚਕਾਰ ਸਬੰਧ ਨੂੰ ਨਵੇਂ ਸਿਰਿਓਂ ਪ੍ਰੀਭਾਸ਼ਤ ਕਰਦਾ ਹੈ। ਸਿੱਖ ਧਰਮ ਨੇ ਵੀ ਨਿਸ਼ਚਿਹ ਹੀ ਅਜਿਹਾ ਕੀਤਾ। ਉਸ ਜ਼ਮਾਨੇ ਵਿੱਚ ਇੱਕ ਦੂਸਰੇ ਦੇ ਖ਼ੂਨ ਦੇ ਪਿਆਸੇ ਬਣੇ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੇ ਲੋਕਾਂ ਨੂੰ ਇੱਕ-ਦੂਸਰੇ ਦੇ ਸੱਚ ਨੂੰ

ਪਛਾਨਣ ਦਾ ਸੱਦਾ ਦਿੱਤਾ। ਸੱਭੇ ਸਾਂਝੀਵਾਲ ਦੇ ਆਪਣੇ ਵਿਸ਼ੇਸ਼ ਸੰਦੇਸ਼ ਕਾਰਨ ਸਿਖ ਭ਼ਾਈਚਾਰਾ ਮਹਿਜ਼ ਸੁਭਾਅ ਵਾਲੀ ਜਾਤ-ਪਾਤੀ ਜਕੜ ਵਿੱਚੋਂ ਕਾਫੀ ਹੱਦ ਤੱਕ ਨਿਕਲ ਵੀ ਗਿਆ। ਆਪਣੇ ਕਾਰਨ ਸਿੱਖੀ ਜਾਤਾਂ ਦੇ ਚੌਖਟੇ ਵਿੱਚੋਂ ਬਾਹਰ ਨਿਕਲ ਗਈ ਹੈ। ਸਿੱਖੀ ਵਿਚ ਗੁਰੂ ਨਾਨਕ ਦੇ 'ਜਪੁ' ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦੇ 'ਜਾਪ' ਤੱਕ ਨਾ ਕੇਵਲ ਰੱਬ ਦੇ ਪ੍ਰਭੁਸੱਤਾ-ਸੰਪੰਨ ਹੋਣ ਉਤੇ ਜ਼ੋਰ ਹੈ, ਉਸ ਦੇ ਬ੍ਰਹਿਮੰਡ, ਕੁਦਰਤ, ਪੈਗੰਬਰਾਂ, ਦੇਵਤਿਆਂ ਜਾਂ, ਸ਼ਕਤੀਆਂ ਕਲਾਵਾਂ, ਵਿਗਿਆਨਾਂ ਅਤੇ ਮਜ਼ਹਬਾਂ ਉਤੇ ਹਾਵੀ ਹੋਣ ਦਾ ਵੀ ਇਕਰਾਰ ਹੈ। ਗੁਰੂਆਂ ਦਾ ਮੰਤਵ ਹਿੰਦੂ ਮਤ ਜਾਂ ਇਸਲਾਮ ਨੂੰ ਇਤਿਹਾਸ ਦੇ ਮੰਚ ਤੋਂ ਲਾਂਭੇ ਕਰਨ ਦਾ ਨਹੀਂ ਸੀ, ਸਗੋਂ ਦੋਹਾਂ ਨੂੰ ਇਨ੍ਹਾਂ ਦੇ ਮੱਧ-ਯੁਗੀ ਵਿਚਾਰਾਂ ਤੇ ਅਮਲਾਂ 'ਚ ਆਈ ਅਧੋਗਤੀ ਤੋਂ ਉਨ੍ਹਾਂ ਨੂੰ ਸੁਚੇਤ ਕਰਨਾ ਸੀ। ਇਸ ਨਵੇਂ ਰਾਹ ਨੂੰ ਮੰਨਣ ਵਾਲੇ ਸਾਰੇ ਸਿੱਖ ਬਣ ਗਏ ਤੇ ਫਿਰ ਅੰਤਿਮ ਤੌਰ ਉਤੇ ਖਾਲਸਾ ਰੂਪ ਵਿਚ ਸਾਹਮਣੇ ਆਏ, ਪਰ ਇਸ ਅਮਲ ਨੂੰ     ਸਮਾਂ ਲੱਗਾ। ਗੁਰੂ ਨਾਨਕ ਨੂੰ ਇਸ ਗੱਲ ਦਾ ਗਿਆਨ ਸੀ ਕਿ ਮਨੁੱਖ ਸਮਾਜ ਵਿਚੋਂ ਕੋਈ ਇਖਲਾਕੀ ਪ੍ਰਬੰਧ ਰਾਜਸੀ ਸੱਤਾ ਤੋਂ ਬਗੈਰ ਕਾਇਮ ਨਹੀਂ ਰਹਿ ਸਕਦਾ।

ਇੱਥੇ ਪ੍ਰੋ. ਸਾਹਿਬ ਨੇ ਖਾਲਸੇ ਦੇ ਇਤਿਹਾਸ ਦਾ ਠੀਕ ਵੇਰਵਾ ਦਿੱਤਾ ਹੈ ਤੇ ਇਹ ਧਾਰਨਾ ਵੀ ਸਪੱਸ਼ਟ ਰੂਪ ਵਿਚ ਅੰਕਤ ਕੀਤੀ ਹੈ ਕਿ ਖਾਲਸੇ ਲਈ ਸੱਤਾ ਦਾ ਸਵਾਲ ਆਰੰਭ ਤੋਂ ਹੀ ਉਠਾ ਦਿੱਤਾ ਗਿਆ ਸੀ, ਪਰ ਅਜੋਕੇ ਪ੍ਰਸੰਗ ਵਿਚ ਸਿੱਖਾਂ ਲਈ ਰਾਜਸੱਤਾ ਦੀ ਪ੍ਰਾਪਤੀ ਦਾ ਸਵਾਲ ਕਿੱਥੇ ਖੜ੍ਹਾ ਹੈ ਅਤੇ ਖਾੜਕੂ ਸੰਘਰਸ਼ ਹੀ ਇਸ ਨੂੰ ਸਾਕਾਰ ਕਰਨ ਦਾ ਯੋਗ ਰਾਹ ਸੀ ਜਾਂ ਹੈ।

ਇਹ ਗੱਲ ਤਸੱਲੀਬਖਸ਼ ਹੈ ਕਿ ਇਸ ਪੁਸਤਕ ਦੇ ਅਖੀਰ ਵਿੱਚ ਸ਼ਾਮਿਲ ਆਪਣੇ ਲੇਖ ਵਿਚ ਉਨ੍ਹਾਂ ਇਸ ਯੋਗ ਰਾਹ ਦੀ ਨਿਸ਼ਾਨਦੇਹੀ ਵੀ ਕਰ ਦਿੱਤੀ ਹੈ। ਇਹ ਰਾਹ ਹੈ ਕਿ ਸਿੱਖ ਇਕ ਧਰਮ ਨਿਰਪੇਖ ਹੱਲ ਲਈ ਯਤਨਸ਼ੀਲ ਹੋਣ ਅਤੇ ਇਕ ਸੱਚੇ ਸੰਘੀ ਅਤੇ ਅਕੇਂਦਰਿਤ ਢਾਂਚੇ ਲਈ ਕੰਮ ਕਰਨ, ਜਿੱਥੇ ਉਹ ਦੂਜੇ ਭਾਈਚਾਰਿਆਂ ਨਾਲ ਰਲ ਕੇ ਉਨਤੀ ਕਰ ਸਕਣ। ਉਨ੍ਹਾਂ ਨੂੰ ਮਹਿਜ ਆਪਣੇ ਭਾਈਚਾਰੇ ਦੀ ਧੌਂਸ ਜਾਂ ਸੱਤਾ ਵਾਸਤੇ ਕੰਮ ਨਹੀਂ ਕਰਨਾ ਚਹੀਦਾ ਅਤੇ ਇਉਂ ਫਿਰਕਾਪ੍ਰਸਤੀ ਦੇ ਤਰਕ ਅੱਗੇ ਹਥਿਆਰ ਨਹੀਂ ਸੁੱਟਣੇ ਚਾਹੀਦੇ। ਅਜਿਹੇ ਢਾਂਚੇ ਵਿਚ ਸੱਤਾ ਕੇਵਲ ਕੇਂਦਰ ਤੋਂ ਰਾਜਾਂ ਵੱਲ ਤਬਦੀਲ ਨਹੀਂ ਹੋਵੇਗੀ, ਸਗੋਂ ਰਾਜਾਂ ਤੋਂ ਲੋਕਾਂ ਵੱਲ ਵੀ ਆਵੇਗੀ। ਇਹੋ ਸੱਚੇ ਸਵਰਾਜ ਜਾਂ 'ਖਾਲਸਾ ਰਾਜ' ਵਲ ਜਾਣ ਦਾ ਰਾਹ ਹੋਵੇਗਾ। ਭਾਰਤ ਵਿਚ ਇਕ ਅਸਲੀ ਸੰਘ ਅਤੇ ਉਪ ਮਹਾਂਦੀਪ ਦੇ ਰਾਜਾਂ ਦੀ ਕਨਫੈਡਰੇਸ਼ਨ ਇਸ ਟੀਚੇ ਦੀ ਪ੍ਰਾਪਤੀ ਅੱਜ ਦੇ ਮੌਕੇ ਸਿੱਖਾਂ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਇਸ ਲੇਖ਼ ਵਿਚ ਉਨ੍ਹਾਂ ਇਹ ਵੀ ਲਿਖਿਆ ਹੈ ਕਿ ਦੇਸ਼ ਦੀ ਵੰਡ ਸਮੇਂ ਸਿੱਖ ਹਿੰਦੂਸਤਾਨ, ਪਾਕਿਸਤਾਨ ਤੇ ਖਾਲਿਸਤਾਨ ਵਿਚਕਾਰ ਡਕਡੋਲੇ ਖਾਂਦੇ ਰਹੇ। ਅੰਗਰੇਜ਼ਾਂ ਨਾਲ ਚਲਦੇ ਵਾਰਤਾਲਾਪਾਂ ਵਿਚ ਸਿੱਖ ਤੀਜੀ ਧਿਰ ਹਨ। ਆਮ ਚੁੰਝ ਚਰਚਾ ਸੀ ਕਿ ਹਿੰਦੂਆਂ ਨੂੰ ਹਿੰਦੁਸਤਾਨ ਮਿਲ ਗਿਆ, ਮੁਸਲਮਾਨਾਂ ਨੂੰ ਪਾਕਿਸਤਾਨ, ਪਰ ਸਿੱਖਾਂ ਨੂੰ ਕੁਝ ਵੀ ਨਹੀਂ ਮਿਲਿਆ। ਸਿੱਖਾਂ ਨੇਤਾਵਾਂ ਨੇ ਦੋ ਕੌਮਾਂ ਦੀ ਥਿਊਰੀ, ਅਥਵਾ ਪਾਕਿਸਤਾਨ ਦੀ ਕਾਇਮੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦ ਪੈਂਤੜੇ ਤੇ ਖੜ੍ਹ ਕੇ ਸਹੀ ਤਰੀਕੇ ਨਾਲ ਵਿਰੋਧ ਨਾ ਕੀਤਾ। ਇਹ ਵੀ ਠੀਕ ਹੈ ਕਿ ਇਤਿਹਾਸ ਦੇ ਤਰਕ ਨੇ ਉਨ੍ਹਾਂ ਨੂੰ ਲਤਾੜ ਦਿੱਤਾ। ਸਾਮਰਾਜੀ ਨੀਤੀਆਂ ਦੇ ਨਤੀਜੇ ਵਜੋਂ ਇਹ ਕੁਝ ਹੋਇਆ। ਪ੍ਰੋ. ਸਾਹਿਬ ਅਨੁਸਾਰ ਦੇਸ਼ ਦੀ ਵੰਡ ਸੱਚ ਦੇ ਅਸੂਲ ਉਤੇ ਸੱਤਾ ਦਾ ਜਾਂ ਮਜ਼ਹਬ ਉੱਤੇ ਰਾਜਨੀਤੀ ਦਾ ਗਲਬਾ ਹੋਣ ਦਾ ਸੰਕੇਤ ਸੀ। ਗਾਂਧੀ ਜੀ ਦਾ ਜ਼ੋਰ ਇਸ ਦੇ ਉਲਟ ਸੀ। ਉਹ ਰਾਜਨੀਤੀ ਨੂੰ ਮਜ਼ਹਬ ਦੇ ਤਾਬਿਆ ਕਰਨਾ ਚਾਹੁੰਦੇ ਸਨ, ਪਰ ਅਫਸੋਸ ਕਿ ਕਾਂਗਰਸ ਦੀ ਭਾਰੂ ਲੀਡਰਸ਼ਿਪ ਵੱਲੋਂ ਉਨ੍ਹਾਂ ਦੀ ਇਸ ਪਹੁੰਚ ਨੂੰ ਦਰਕਿਨਾਰ ਕੀਤਾ ਗਿਆ। ਅਸੁਰੱਖਿਆ ਤੇ ਆਪਸੀ ਸ਼ੱਕ-ਸ਼ੁਭੇ ਤੇ ਨਫ਼ਰਤ ਦੇ ਬੀਜ



ਬੀਜ ਦਿੱਤੇ ਗਏ। ਇਸ ਤੋਂ ਬਾਅਦ ਉਪ-ਮਹਾਂਦੀਪ ਦੇਸ਼ਾਂ ਵਿਚ ਅਮਨ ਨਹੀਂ ਹੋ ਸਕਦਾ ਸੀ। ਹੁਣ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦੇਸ਼ ਦੀ ਵੰਡ ਰੱਬੀ ਰਜ਼ਾ ਦੇ ਵਿਰੁੱਧ ਸੀ ਅਤੇ ਜਿੰਨਾਂ ਚਿਰ ਉਪ ਮਹਾਂਦੀਪ ਦੇ ਲੋਕ ਅਫ਼ਸੋਸ ਦੀ ਭਾਵਨਾ ਨਾਲ ਵੰਡ ਦੇ ਉਸ ਮਨਹੂਸ ਤਰਕ ਨੂੰ ਘੱਟੋ-ਘੱਟ ਆਪਣੇ ਮਨਾਂ ਵਿਚੋਂ ਨਹੀਂ ਕੱਢਦੇ, ਉਨ੍ਹਾਂ ਦੇ ਸਿਰਾਂ ਉਤੇ ਇਸ ਸਰਾਪ ਦਾ ਬੁਰਾ ਸਾਇਆ ਸਦਾ ਵਾਸਤੇ ਪਿਆ ਰਹੇਗਾ।

ਦੇਸ਼ ਦੀ ਵੰਡ ਦੇ ਅਟੱਲ ਹੋਣ ਜਾਣ ਸਮੇਂ ਸਿੱਖ ਆਗੂਆਂ ਨੇ ਠੀਕ ਨੀਤੀ ਅਪਣਾਈ, ਜਿਹੜੀ ਉਸ ਸਮੇਂ ਇੱਕੋ-ਇਕ ਯੋਗ ਨੀਤੀ ਸੀ। ਉਨ੍ਹਾਂ ਪਾਕਿਸਤਾਨ ਦੀ ਕਾਇਮੀ, ਅਥਵਾ ਦੇਸ਼ ਦੀ ਵੰਡ ਦਾ ਯਥਾ-ਸ਼ਕਤ ਵਿਰੋਧ ਕੀਤਾ ਤੇ 'ਸਿੱਖ ਹੋਮਲੈਂਡ ਦੇ ਮੁਤਾਬਲੇ ਨੂੰ ਦੇਸ਼ ਦੀ ਵੰਡ ਨਾਲ ਜੋੜਿਆ, ਭਾਵ ਜੇ ਦੇਸ਼ ਵੰਡਿਆ ਹੀ ਜਾਣਾ ਹੈ ਤਾਂ ਸਿੱਖਾਂ ਨੂੰ ਵੀ ਉਨ੍ਹਾਂ ਦਾ ਹੋਮਲੈਂਡ ਮਿਲਣਾ ਚਾਹੀਦਾ ਹੈ। ਸਿੱਖਾਂ ਵੱਲੋਂ ਉਸ ਸਮੇਂ 'ਸ਼ਹੀਦੀ ਬਾਰ' ਦੀ ਕਾਇਮੀ ਦਾ ਵੀ ਮੁਤਾਲਬਾ ਕੀਤਾ ਗਿਆ ਸੀ। ਜਿਸ ਦੀ ਪੁਸ਼ਟੀ ਲਈ ਸਿੱਖਾਂ ਵੱਲੋਂ ਦਿੱਤੇ ਜਾਂਦੇ ਮਾਲੀਏ ਅਤੇ ਸਿੱਖਾਂ ਵੱਲੋਂ ਬਾਰ ਦੇ ਜੰਗਲਾਂ ਨੂੰ ਆਬਾਦ ਕਰਨ ਜਿਹੇ ਕੰਮਾਂ ਦੀ ਗੱਲ ਵੀ ਕੀਤੀ ਗਈ ਸੀ। ਇਸ ਮੰਤਵ ਲਈ ਨਨਕਾਣਾ ਸਾਹਿਬ ਵਿਖੇ ਸਭ ਪਾਬੰਦੀਆਂ ਨੂੰ ਤੋੜ ਕੇ ਬਹੁਤ ਵੱਡਾ ਜਨਤਕ ਇਕੱਠ ਕੀਤਾ ਗਿਆ ਸੀ। ਇਹ ਯਤਨ ਅਕਾਰਥ ਨਾ ਗਏ ਕਿਉਂਕਿ ਸਿੱਖਾਂ ਦੇ ਇਸ ਦਬਾਅ ਕਾਰਨ ਪੰਜਾਬ ਵੰਡਿਆ ਗਿਆ ਸੀ, ਨਹੀਂ ਤਾਂ ਪੂਰੇ ਪੰਜਾਬ ਦਾ ਪਾਕਿਸਤਾਨ ਵਿਚ ਚਲੇ ਜਾਣਾ ਨਿਸ਼ਚਿਤ ਸੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕਾਂਗਰਸ ਨੇ ਅਕਾਲੀ ਦਲ ਵੱਲੋਂ ਕੀਤੀ ਗਈ ਪੰਜਾਬ ਦੀ ਵੰਡ ਦੀ ਹਮਾਇਤ ਕੀਤੀ ਸੀ।

ਇਹ ਠੀਕ ਹੈ ਕਿ ਦੇਰ ਸਵੇਰ ਲੋਕਾਂ ਨੂੰ ਵੰਡ ਦੇ ਸਾਏ ਨੂੰ ਆਪਣੇ ਮਨਾਂ ਵਿਚੋਂ ਕੱਢਣਾ ਪਵੇਗਾ ਪਰ ਬੀਤੇ ਦੀ ਪੜਚੋਲ ਇਤਿਹਾਸ ਲੇਖਣ ਦੀ ਦ੍ਰਿਸ਼ਟੀ ਤੋਂ ਸਦਾ ਪ੍ਰਸੰਗਿਕ ਬਣੀ ਰਹੇਗੀ। ਇਉਂ ਕਰਦਿਆਂ ਇਹ ਸਵਾਲ ਤਾਂ ਬਾਰ-ਬਾਰ ਉਠੇਗਾ ਹੀ ਕਿ ਆਖਰ ਉਹ ਕਿਹੜੀ ਘੜੀ ਜਾਂ ਲੋੜ ਸੀ, ਜਦੋਂ ਵੰਡ ਲਾਜ਼ਮੀ ਯਥਾਰਥ ਬਣ ਗਈ ਅਤੇ ਉਹ ਕਿਹੜੀਆਂ ਧਿਰਾਂ ਸਨ ਜਿਨ੍ਹਾਂ ਦੇ ਵਿਹਾਰ ਨੇ ਇਸ ਨੂੰ ਇਉਂ ਬਣਾ ਦਿੱਤਾ? ਪ੍ਰੋ. ਭੁਪਿੰਦਰ ਸਿੰਘ ਨਾਲ ਅਜਿਹੇ ਨਿਗੂਣੇ ਮਤਭੇਦਾਂ ਦੇ ਬਾਵਜੂਦ ਹਿੰਦੂ ਮੁਸਲਮਾਨ ਵਿਸ਼ਾਦ ਵਾਲੇ ਮੱਧ-ਯੁੱਗੀ ਭਾਰਤੀ ਸਮਾਜ ਵਿਚ ਭਾਈਚਾਰਕ ਤਣਾਉ ਘਟਾਉਣ ਲਈ ਸਿੱਖ ਧਰਮ ਦੀ ਆਮਦ ਦਾ ਤਰਕ ਅਤੇ ਸਾਰਥਿਕਤਾ ਜਿਸ ਕਿਸਮ ਦੇ ਤਾਜ਼ਗੀ ਅਤੇ ਪ੍ਰੇਰਨਾ ਭਰੇ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੇ ਦਰਸਾਈ ਹੈ, ਉਹ ਯਕੀਨੀ ਤੌਰ 'ਤੇ ਸ਼ਲਾਘਾਯੋਗ ਹੈ।

ਇਸ ਵਿਚਾਰ ਚਰਚਾ ਵਿਚ ਹਿੱਸਾ ਲੈਣ ਵਾਲਿਆਂ ਵਿਚ ਇਕ ਹੋਰ ਉੱਘਾ ਨਾਂ ਪ੍ਰੋ. ਬਲਕਾਰ ਸਿੰਘ ਦਾ ਹੈ। ਉਹ 30 ਸਾਲਾਂ ਦੇ ਲੰਮੇ ਸਮੇਂ ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਰਹੇ ਹਨ। ਸ. ਅਜਮੇਰ ਸਿੰਘ ਦੀ ਪਹਿਲੀ ਪੁਸਤਕ ਉਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਹੈ ਕਿ ਇਸ ਵਿਚ "ਅਕਾਲੀਆਂ ਨੂੰ ਮਿਥ ਕੇ ਬਲੀ ਚੜ੍ਹਾਇਆ ਗਿਆ ਹੈ।" ਉਨ੍ਹਾਂ ਅਨੁਸਾਰ ਸ. ਅਜਮੇਰ ਸਿੰਘ ਨੂੰ ਹਰ ਉਹ ਗੱਲ ਜੋ ਖਾੜਕੂ ਪੈਂਤੜੇ ਦੇ ਹੱਕ ਵਿਚ ਨਹੀਂ ਭੁਗਤਦੀ, ਹਿੰਦੂ ਫਿਰਕਾਪ੍ਰਸਤੀ ਦੇ ਹੱਕ ਵਿਚ ਭੁਗਤਦੀ ਲੱਗੀ ਜਾਂਦੀ ਹੈ। ਉਸ ਦਾ ਮੂਲ ਸਰੋਕਾਰ ਹਿੰਦੂਆਂ ਨੂੰ ਸਿੱਖਾਂ ਦੇ ਇੱਕੋ-ਇਕ ਸਿਆਸੀ ਦੁਸ਼ਮਣ ਸਾਬਤ ਕਰਨਾ ਹੈ। ਪ੍ਰੋ. ਸਾਹਿਬ ਅਨੁਸਾਰ ਸੰਤ ਭਿੰਡਰਾਂਵਾਲਾ ਸਿੱਖ ਸ਼ਹੀਦ ਤਾਂ ਹੈ, ਪਰ ਉਹ ਸਿੱਖ ਸਿਆਸਤਦਾਨ ਨਹੀਂ ਹੋ ਸਕਿਆ। ਸਿੱਖ ਰੀਝ ਦਾ ਬਿੰਬ ਹੋ ਜਾਣ ਦਾ ਬਿਰਦ ਪਾਲਣ ਦੀ ਕੀਮਤ ਸ਼ਹੀਦੀ ਨਾਲ ਤਾਰੀ ਜਾਣ ਕਰ ਕੇ ਉਹ ਸਿੱਖ ਸਿਮਰਤੀ ਦਾ ਹਮੇਸ਼ਾ ਹਿੱਸਾ ਰਹੇਗਾ ਤੇ ਸ਼ਾਇਦ ਉਹਦੇ ਨਾਂ ਉਤੇ ਸਿਆਸਤ ਵੀ ਹੁੰਦੀ ਰਹੇਗੀ। ਇਸ ਸ਼ਹੀਦੀ ਦਾ ਖਾੜਕੂਪਣ ਤਾਂ ਦੂਰ ਦੀ ਗੱਲ ਹੈ, ਇਸ ਦਾ ਸਿਆਸੀਕਰਨ ਵੀ ਨਾ ਸੰਭਵ ਹੋ ਸਕਿਆ ਹੈ ਤੇ ਨਾ ਹੀ ਹੋਣਾ ਹੈ।"

ਪ੍ਰੋ. ਸਾਹਿਬ ਅਨੁਸਾਰ ਸੰਤ ਨੂੰ ਸਿਆਸਤ ਦਾ ਮੋਹਰਾ ਬਣਾ ਕੇ ਨਹੀਂ ਵਰਤਣਾ ਚਾਹੀਦਾ। ਸਾਕਾ 'ਨੀਲਾ ਤਾਰਾ' ਅਤੇ 1984 ਦੇ ਦੰਗੇ ਸਿਆਸਤ ਵਿਚੋਂ ਪੈਦਾ ਹੋ ਕੇ ਸਿੱਖ ਭਾਈਚਾਰੇ ਦੇ ਗਲ ਪੈ ਗਏ ਹਨ। ਜੋ ਕੁਝ ਰਾਜਸੀ ਸੱਤਾ ਦੇ ਭੁੱਖੇ ਸਿਆਸਤਦਾਨਾਂ ਨੇ ਕੀਤਾ ਜਾਂ ਕਰਵਾਇਆ, ਇਸ ਦੀ ਕੀਮਤ ਸਿੱਖ ਭਾਈਚਾਰੇ ਨੂੰ ਤਾਰਨੀ ਪਈ। ਪ੍ਰੋ. ਸਾਹਿਬ ਨੇ ਪੁੱਛਿਆ ਹੈ ਕਿ ਜੇ ਸ. ਅਜਮੇਰ ਸਿੰਘ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਉਸ ਨੂੰ ਇਹ ਤਾਂ ਦੱਸਣਾ ਹੀ ਪਵੇਗਾ ਕਿ ਉਹ ਕਿਹੜੇ ਸਿੱਖਾਂ ਵਾਸਤੇ ਕੀ ਲਿਖ ਰਿਹਾ ਹੈ? ਉਸ ਦੀਆਂ ਪੁਸਤਕਾਂ ਜਿਹੋ ਜਿਹੇ ਸਵਾਲ ਪੈਦਾ ਕਰਦੀਆਂ ਹਨ, ਉਨ੍ਹਾਂ ਦੇ ਉੱਤਰ ਪੁਸਤਕਾਂ ਵਿਚੋਂ ਨਹੀਂ ਮਿਲਦੇ। ਬੱਸ, ਇਕ ਹੀ ਨਿਰਦੇਸ਼ ਮਿਲਦਾ ਹੈ ਕਿ ਬੱਸ ਹੁਣ ਤਾਂ ਮਰੋ ਜਾਂ ਮਾਰ ਦਿਓ। ਇਸ ਯੁੱਗ ਵਿਚ ਤਾਂ ਕੀ, ਕਿਸੇ ਯੁੱਗ ਵਿਚ ਵੀ ਅਜਿਹੀ ਉਲਾਰ ਸੋਚ ਦਾ ਸਿੱਖ ਧਰਮ ਨੇ ਸਮਰਥਨ ਨਹੀਂ ਕੀਤਾ। ਗੁਰੂ ਪੰਥ ਨੂੰ ਬਾਣੀ ਦੀ ਅਗਵਾਈ ਵਿਚ ਗੁਰਮਤੇ ਦੀ ਭਾਵਨਾ ਅਨੁਸਾਰ ਕੋਈ ਫੈਸਲਾ ਲੈਣ ਦਾ ਅਧਿਕਾਰ ਹੈ, ਪਰ ਜਿਸ ਫੈਸਲੇ ਦੀ ਵਕਾਲਤ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚ ਹੋ ਰਹੀ ਹੈ, ਇਸ ਬਾਰੇ ਪੰਥਕ ਮੁੱਖ ਧਾਰਾ ਨੇ ਕਦੋਂ ਸੋਚਿਆ ਸੀ ਜਾਂ ਗੁਰਮਤਾ ਕੀਤਾ ਸੀ? ਜੇ ਇਸ ਤਰ੍ਹਾਂ ਦਾ ਕੋਈ ਵੀ ਫੈਸਲਾ ਕਰ ਲੈਣ ਦਾ ਅਧਿਕਾਰ ਕਿਸੇ ਨਿਗੂਣੀ ਗਿਣਤੀ ਵਾਲੇ ਮਨਮਤੀਏ ਟੋਲੇ ਨੇ ਭਵਿੱਖ ਵਿੱਚ ਹਥਿਆ ਵੀ ਲਿਆ ਤਾਂ ਯਕੀਨਨ ਸਿੱਖ ਆਪਣੇ ਦੁਸ਼ਮਣ ਆਪ ਹੀ ਹੋ ਜਾਣਗੇ।

ਪ੍ਰੋ. ਬਲਕਾਰ ਸਿੰਘ ਦੀਆਂ ਇਨ੍ਹਾਂ ਧਾਰਨਾਵਾਂ ਨੂੰ ਪਰਵਾਨ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਦੀ ਇਹ ਗੱਲ ਅਗੇਰੇ ਵਿਚਾਰ ਦੀ ਮੁਥਾਜ ਹੈ ਕਿ ਸੰਤ ਜਰਨੈਲ ਸਿੰਘ ਸਿੱਖ ਸਿਆਸਤਦਾਨ ਨਹੀਂ ਹੋ ਸਕੇ ਹਨ। ਇਹ ਠੀਕ ਹੈ ਕਿ ਉਹ ਧਾਰਮਿਕ ਪ੍ਰਚਾਰਕ ਵਜੋਂ ਪੰਜਾਬ ਦੇ ਮੰਚ ਉਤੇ ਉਭਰੇ ਸੀ, ਪਰ ਉਸ ਨੇ ਛੇਤੀ ਹੀ ਪ੍ਰਾਂਤ ਦੇ ਰਾਜਨੀਤਕ ਮਾਹੌਲ ਨੂੰ ਵਿਸ਼ੇਸ਼ ਸੇਧ ਦੇਣ ਵੱਲ ਰੁਚਿਤ ਹੋ ਗਏ ਸਨ। ਪੰਜਾਬ ਵਿਚ ਉਨ੍ਹਾਂ ਦਿਨਾਂ ਵਿਚ ਕੀ ਕੁਝ ਵਾਪਰਿਆ ਤੇ ਕਿਨ੍ਹਾਂ ਹਾਲਾਤ ਵਿਚ 'ਉਪਰੇਸ਼ਨ ਬਲਿਊ ਸਟਾਰ' ਹੋਇਆ, ਇਨ੍ਹਾਂ ਘਟਨਾਵਾਂ ਦਾ ਵਿਸਥਾਰ ਕਈ ਪੁਸਤਕਾਂ ਵਿਚ ਅੰਕਿਤ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਆਗੂਆਂ ਨਾਲ ਕਈ ਮੀਟਿੰਗਾਂ ਕੀਤੀਆਂ, ਪਰ ਕੋਈ ਨਿਬੇੜਾ ਨਾ ਹੋ ਸਕਿਆ। ਇਨ੍ਹਾਂ ਵਾਰਤਾਲਾਪਾਂ ਦੌਰਾਨ ਹੀ ਭਿੰਡਰਾਂਵਾਲਾ ਭਾਰੂ ਹੋ ਚੁੱਕਾ ਹੈ ਤੇ ਅਕਾਲੀ ਦਲ ਨਾਲੋਂ ਉਸ ਨੂੰ ਨਿਖੇੜਨਾ ਜ਼ਰੂਰੀ ਹੈ। ਉਪਰੇਸ਼ਨ ਬਲਿਊ ਸਟਾਰ ਨਿਸ਼ਚੇ ਹੀ ਅਜਿਹੀ ਬਦਕਿਸਮਤ ਅਤੇ ਉਲਝੀ ਹੋਈ ਸਥਿਤੀ ਤੇ ਸੋਚ ਦਾ ਉਤਲਾ ਹੀ ਬਦਕਿਸਮਤੀ ਨਤੀਜਾ ਸੀ। ਇਸ ਸੋਚ ਦਾ ਨਤੀਜਾ ਸੀ ਕਿ ਇਸ ਫੌਜੀ ਐਕਸ਼ਨ ਨਾਲ ਸਰਕਾਰ ਆਪਣੀ ਅਜਿਹੀ ਭੱਲ ਬਣਾ ਸਕੇਗੀ ਕਿ ਆਗਾਮੀ ਚੋਣਾਂ ਦੌਰਾਨ ਪੰਜਾਬ ਤੋਂ ਬਾਹਰ ਬਾਕੀ ਦੇਸ਼ ਅੰਦਰ ਉਸ ਨੂੰ ਤਕੜਾ ਜਨਤਕ ਸਮਰਥਨ ਮਿਲੇਗਾ। ਵਾਸਤਵ ਵਿਚ ਹੋਇਆ ਵੀ ਇਵੇਂ ਹੀ। ਉਪਰੇਸ਼ਨ ਲਈ ਜ਼ਿੰਮੇਵਾਰ ਜਨਰਲ ਬਰਾੜ ਦੀ ਇਹ ਦਲੀਲ ਕਿ ਜੇ ਇਹ ਕਾਰਵਾਈ ਲਮਕ ਜਾਂਦੀ ਤਾਂ ਲੋਕਾਂ ਦੇ ਹਜੂਮ ਨੇ ਫੌਜ ਨੂੰ ਘੇਰ ਲੈਣਾ ਸੀ, ਠੀਕ ਨਹੀਂ; ਕਿਉਂਕਿ ਜਿਹੜੇ ਲੋਕਾਂ ਦੇ ਗਰੋਹ ਅਜਨਾਲੇ ਤੇ ਫਿਰੋਜ਼ਪੁਰ ਵੱਲੋਂ ਦਰਬਾਰ ਸਾਹਿਬ ਵੱਲ ਧਾਈ ਕਰ ਆਏ ਸਨ, ਉਹ ਫੌਜ ਨੇ ਥੋੜ੍ਹੇ ਜਿਹੇ ਨੁਕਸਾਨ ਤੋਂ ਬਾਅਦ ਅੱਗੇ ਵਧਣੋਂ ਰੋਕ ਦਿੱਤੇ ਸਨ। ਮਗਰੋਂ ਹੋਏ 'ਉਪਰੇਸ਼ਨ ਬਲੈਕ ਥੰਡਰ' ਦੀ ਨਿਗਰਾਨੀ ਕਰਨ ਵਾਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਸਰਬਜੀਤ ਸਿੰਘ ਅਨੁਸਾਰ 1984 ਵਿਚ ਚੋਣਾਂ ਦੀ ਸਿਆਸਤ ਦੀ ਮਜਬੂਰੀ ਇਹ ਮੰਗ ਕਰਦੀ ਸੀ ਕਿ ਸਰਕਾਰ ਇਸ ਅਸੁਖਾਵੀਂ ਅਵਸਥਾ ਨੂੰ 1985 ਵਿਚ ਹੋਣ ਵਾਲੀਆਂ ਪਾਰਲੀਮੈਂਟ ਚੋਣਾਂ ਤੋਂ ਪਹਿਲਾ-ਪਹਿਲਾਂ ਖ਼ਤਮ ਕਰੇ, ਪਰ ਸਥਿਤੀ ਕੰਟਰੋਲ ਕਰਨ ਵਾਸਤੇ ਸਪੱਸ਼ਟ ਰੂਪ ਵਿਚ ਸਰਕਾਰ ਨੂੰ ਕੋਈ ਰਾਹ ਨਹੀਂ ਦਿਸਦਾ ਸੀ, ਸਿਵਾਏ ਇਸ ਦੇ ਕਿ ਅਵਸਥਾ ਨੂੰ ਫੌਜ ਦੇ ਹਵਾਲੇ ਕੀਤਾ ਜਾਵੇ। ਉਪਰੇਸ਼ਨ ਬਲਿਊ ਸਟਾਰ ਇਸ ਦਾ ਨਤੀਜਾ ਸੀ। (ਸ. ਸਰਬਜੀਤ ਸਿੰਘ ਲਿਖਤ



'ਉਪਰੇਸ਼ਨ ਬਲੈਕ ਥੰਡਰ' ਪੰਨਾ 326)

ਅਸਲ ਸਵਾਲ ਇਹ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਚੜ੍ਹਤ ਵਰਤਾਰੇ ਦਾ ਭੇਤ ਕੀ ਸੀ? 1978 ਦੀਆਂ ਗੁਰਦੁਆਰਾ ਚੋਣਾਂ ਵਿਚ ਉਨ੍ਹਾਂ ਨੇ ਕਾਂਗਰਸ ਦੀ ਮਦਦ ਕਿਉਂ ਲਈ ਸੀ ਜਾਂ 1980 ਦੀਆਂ ਪਾਰਲੀਮਾਨੀ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਮਦਦ ਕਿਉਂ ਦਿੱਤੀ ਸੀ? 'ਹਿੰਦ ਸਮਾਚਾਰ' ਅਖ਼ਬਾਰ ਸਮੂਹ ਦੇ ਬਾਨੀ ਲਾਲ ਜਗਤ ਨਰਾਇਣ ਨੂੰ ਮਰਵਾਉਣ ਵਿਚ ਉਨ੍ਹਾਂ ਦੀ ਕਿੰਨੀ ਕੁ ਭੂਮਿਕਾ ਸੀ? ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਬੈਠ ਕੇ ਜਦੋਂ ਉਹ ਖੁੱਲ੍ਹਮ-ਖੁੱਲ੍ਹੀ ਹਿੰਸਾ ਦੀ ਭੜਕਾਊ ਰਾਜਨੀਤੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਪਨਾਹ ਲੈਣ ਦੀ ਆਗਿਆ ਕਿਉਂ ਦਿੱਤੀ ਗਈ? ਪਵਿੱਤਰ ਕੰਪਲੈਕਸ ਦੇ ਕਸਟੋਡੀਅਨ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਨੇ ਮੂੰਹ 'ਚੋਂ ਉਨ੍ਹਾਂ ਬਾਰੇ ਕਦੇ ਜ਼ੁਬਾਨ ਤੱਕ ਵੀ ਨਾ ਖੋਲ੍ਹੀ ਤਾਂ ਇਸ ਦੇ ਕੀ ਕਾਰਨ ਸਨ? ਕੀ ਉਹ ਸੰਤ ਭਿੰਡਰਾਂਵਾਲੇ ਦੇ ਹਥਿਆਰਬੰਦ ਸਮਰਥਕਾਂ ਤੋਂ ਡਰ ਗਏ ਸਨ ਜਾਂ ਉਹ ਸੰਤਾਂ ਦਾ ਹਊਆ ਵਿਖਾ ਕੇ ਇੰਦਰਾ ਗਾਂਧੀ ਤੋਂ ਆਪਣੀਆਂ ਮੰਗਾਂ ਮਨਵਾਉਣ ਦੀ ਤਾਕ ਦੀ ਸੋਚੀ-ਸਮਝੀ ਪਰ ਸਿਰੇ ਦੀ ਵਿਨਾਸ਼ਕਾਰੀ ਸਿਆਸਤ ਕਰ ਰਹੇ ਹਨ? ਸ. ਪ੍ਰਕਾਸ਼ ਸਿੰਘ ਬਾਦਲ ਉਸ ਸਾਰੇ ਸਮੇਂ ਦੌਰਾਨ ਕਿੱਥੇ ਸਨ ਅਤੇ ਅਕਾਲੀ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਪਿੱਠ 'ਤੇ ਖੁੱਲ੍ਹ ਕੇ ਉਨ੍ਹਾਂ ਵਕਤਾਂ ਦੌਰਾਨ ਕਦੀ ਵੀ ਉਹ ਆਏ ਕਿਉਂ ਨਾ? ਡਾ. ਬਲਕਾਰ ਸਿੰਘ ਨੇ ਅਕਾਲੀ ਸਿਆਸਤ ਉਪਰ ਅਜਮੇਰ ਸਿੰਘ ਦੇ ਹਮਲਿਆਂ ਦੀ ਕਾਟ ਕਰਨ ਲਈ ਤਾਂ ਤਕੜੇ ਹੌਸਲੇ ਤੋਂ ਕੰਮ ਲਿਆ ਹੈ, ਪਰ ਉਸ ਦਰਦਨਾਕ ਘਟਨਾਕ੍ਰਮ ਨਾਲ ਜੁੜੇ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਦੇਣ ਤੋਂ ਉਹ ਕਿਨਾਰਾ ਕਰ ਗਏ ਹਨ। ਫਿਰ ਵੀ ਨਾਜ਼ੁਕ ਵਿਸ਼ੇ ਤੇ ਅਜਿਹੀ ਬਹਿਸ ਨੂੰ ਉਗਾਸਾ ਦੇਣ ਲਈ ਉਹ ਵਧਾਈ ਦੇ ਹੱਕਦਾਰ ਨਿਸ਼ਚੇ ਹੀ ਮੰਨੇ ਜਾਣਗੇ।

ਵਿਚਾਰ ਅਧੀਨ ਪੁਸਤਕ ਵਿਚ ਪੱਤਰਕਾਰ ਸ. ਕਰਮਜੀਤ ਸਿੰਘ ਦੇ ਚਾਰ ਲੇਖ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਸਫ਼ਨਾਂ ਵਿਚ ਸਿਆਣਪ ਤੇ ਸੰਕੋਚ ਨਾਲ ਸ. ਅਜਮੇਰ ਸਿੰਘ ਦੇ ਵਿਚਾਰਾਂ ਦੀ ਹਮਾਇਤ ਕੀਤੀ ਗਈ ਹੈ। ਸ. ਕਰਮਜੀਤ ਸਿੰਘ ਅਨੁਸਾਰ ਇਨ੍ਹਾਂ ਲਿਖਤਾਂ ਵਿਚ ਇਹ ਅਣ ਐਲਾਨਿਆ ਸੰਦੇਸ਼ ਹੈ ਕਿ ਦਿੱਲੀ ਦੇ ਹਾਕਮਾਂ ਦੀਆਂ ਨੀਤੀਆਂ ਤੇ ਖਾਲਸਾ ਪੰਥ ਦੀਆਂ ਕਦਰਾਂ ਕੀਮਤਾਂ ਵਿਚਕਾਰ ਟਕਰਾਓ "ਸਦੀਵੀ" ਹੈ ਅਤੇ ਇਹ "ਸਦੀਵੀ" ਰਹੇਗਾ ਇਨ੍ਹਾਂ ਹਾਕਮਾਂ ਨੇ "ਇਲਾਹੀ ਸਾਦਗੀ" ਵਿਚ ਜਿਊ ਰਹੀ ਮਹਾਨ ਕੌਮ ਦੀ ਝੋਲੀ ਵਿਚ ਦੁੱਖ ਤੇ ਮਾਯੂਸੀਆਂ ਹੀ ਪਾਈਆਂ ਹਨ। ਇਸ ਕੌਮ ਦੀ ਰਾਜਸੀ ਤੜਫ ਕਦੇ ਵੀ ਨਹੀਂ ਮਰੇਗੀ। ਉਪਰੇਸ਼ਨ ਬਲਿਊ ਸਟਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹਾਦਤ ਦਿੱਤੀ ਜਿਹੜੀ ਆਪਣੀ ਰੌਂਅ ਵਿਚ "ਸੌਖਲੇ ਤੂਫ਼ਾਨ" ਰੱਖਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਰਾਜ ਕਰੇਗਾ ਖਾਲਸਾ' ਜਾਂ 'ਖਾਲਸਾ ਜੀ ਕੇ ਬੋਲਬਾਲੇ' ਅਕਾਲੀ ਵੀਰਾਂ ਦੀ ਮੰਜ਼ਿਲ ਹੈ। ਉਨ੍ਹਾਂ ਅਨੁਸਾਰ ਬਹਿਸ ਇਸ ਨੁਕਤੇ ਉਤੇ ਹੋਣੀ ਚਾਹੀਦੀ ਹੈ ਕਿ ਖਾੜਕੂ ਰਾਜਨੀਤੀ ਨੇ ਸਮਕਾਲੀ ਰਾਜਨੀਤੀ ਦਾ ਕੋਈ ਮੰਚ ਕਿਉਂ ਨਾ ਸਥਾਪਤ ਕੀਤਾ? ਜਾਂ ਖਾੜਕੂ ਰਾਜਨੀਤੀ ਕਦੋਂ-ਕਦੋਂ ਗੁਰੂ ਗ੍ਰੰਥ ਸਾਹਿਬ ਰਾਜਨੀਤੀ ਤੋਂ ਦੂਰ ਹੋਈ ਤੇ ਕਿਉਂ ਹੋਈ? ਜਾਂ ਸੰਤ ਜਰਨੈਲ ਸਿੰਘ ਦੇ ਪਿੱਛੋਂ ਟਕਸਾਲ ਵਿਚ ਲੀਡਰਸ਼ਿਪ ਦੀ ਉਹ ਕਤਾਰ ਉਭਰ ਕੇ ਸਾਹਮਣੇ ਕਿਉਂ ਨਾ ਆ ਸਕੀ ਜੋ ਖਾਲਸਾ ਰਾਜ ਦੀ ਮੰਜ਼ਿਲ ਵੱਲ ਅੱਗੇ ਕਦਮ ਪੁੱਟਦੀ? ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ "ਸਹਿਜੇ ਰਚਿਓ ਖਾਲਸਾ' ਦਾ ਜ਼ਿਕਰ ਕਰਦਿਆਂ ਸ. ਕਰਮਜੀਤ ਸਿੰਘ ਨੇ ਲਿਖਿਆ ਹੈ ਕਿ ਦੋਹਾਂ ਵਿਚ ਫਰਕ ਇਹ ਹੈ ਕਿ ਮਹਿਬੂਬ ਨੇ ਦਰਬਾਰ ਸਾਹਿਬ ਦੇ ਸਾਕੇ ਤੋਂ ਕਈ ਸਾਲ ਪਹਿਲਾਂ ਇਹ ਮਹਿਸੂਸ ਕਰ

ਲਿਆ ਹੈ ਕਿ ਖਾਲਸਾ ਪੰਥ ਦੇ ਇਤਿਹਾਸ ਦੇ ਨਕਸ਼ੇ ਤੋਂ ਅਲੋਪ ਹੋ ਜਾਣ ਦਾ ਖ਼ਤਰਾ ਹੈ, ਜਦ ਕਿ ਅਜਮੇਰ ਸਿੰਘ ਨੂੰ ਇਹ ਅਹਿਸਾਸ ਸਾਕੇ ਤੋਂ ਬਾਅਦ ਹੋਇਆ।

ਪੁਸਤਕ ਵਿਚ ਸ਼ਾਮਲ ਇਕ ਹੋਰ ਲੇਖ ਵਿਚ ਸ. ਕਰਮਜੀਤ ਸਿੰਘ ਨੇ ਕਿਹਾ ਹੈ ਕਿ ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਬਹਿਸ ਕਿਸੇ ਤਣ-ਪੱਤਣ ਨਹੀਂ ਲੱਗੇਗੀ। ਸੰਤ ਜਰਨੈਲ ਸਿੰਘ ਦੀ ਫਿਰ ਗੱਲ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਸੰਤ ਨੇ ਇਤਿਹਾਸ ਦਾ ਮੂੰਹ ਉਲਟੇ ਪਾਸੇ ਵੱਲ ਭੰਵਾ ਦਿੱਤਾ ਹੈ ਤੇ ਉਸ ਸ਼ਹਾਦਤ ਨੇ ਅਤੇ ਉਸ ਤੋਂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਹਿੰਦੁਸਤਾਨ ਵਿਚੋਂ ਇਕ ਖਾਨਦਾਨ ਦੀ ਹਕੂਮਤ ਤਕਰੀਬਨ ਖ਼ਤਮ ਕਰ ਦਿੱਤੀ ਹੈ ਤੇ ਕੁਲੀਸ਼ਨ ਸਰਕਾਰਾਂ ਦਾ ਦੌਰ ਆਰੰਭ ਹੋਇਆ ਹੈ। ਸੰਤ ਭਿੰਡਰਾਂਵਾਲੇ ਦੇ ਬਹੁਤ ਨਜ਼ਦੀਕੀ ਤੇ ਉੱਘੇ ਪੱਤਰਕਾਰ ਸ. ਦਲਬੀਰ ਸਿੰਘ ਦੇ ਹਵਾਲੇ ਨਾਲ ਸ. ਕਰਮਜੀਤ ਸਿੰਘ ਨੇ ਲਿਖਿਆ ਹੈ ਕਿ ਸੰਤ ਕਈ ਵਾਰ ਸੱਚਮੁੱਚ ਹੀ ਆਪਣੇ-ਆਪ ਨੂੰ ਇਕੱਲਾ ਮਹਿਸੂਸ ਕਰਦੇ ਹਨ, ਪਰ ਫਿਰ ਵੀ ਉਹ ਸਟੇਟ ਦੇ ਸਾਹਮਣੇ ਹਿੱਕ ਤਾਣ ਕੇ ਖੜ੍ਹੇ ਸਨ। ਉਨ੍ਹਾਂ ਅਨੁਸਾਰ ਉਹ ਇਹ ਦਾਅਵਾ ਨਹੀਂ ਕਰਦੇ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਅੰਤਿਮ ਸੱਚ ਹਨ, ਪਰ ਉਸ ਦਾ ਇਹ ਐਲਾਨ ਸਾਰਿਆਂ ਲਈ ਸਾਂਝਾ ਹੈ ਕਿ 1984 ਵਿਚ ਸਿੱਖਾਂ ਦੇ ਹਿਰਦੇ ਅੰਦਰ ਖੰਜਰ ਹੈ। ਸਿੱਖਾਂ ਦਾ ਅਤੀਤ, ਵਰਤਮਾਨ ਤੇ ਭਵਿੱਖ ਸਾਰੇ ਦੇ ਸਾਰੇ 1984 ਵਿਚ ਸਿਮਟ ਗਏ ਹਨ। ਉਨ੍ਹਾਂ ਇਹ ਵੀ ਲਿਖਿਆ ਹੈ ਕਿ ਇਹ ਸਵਾਲ ਖੋਜ ਦਾ ਮੁੱਦਾ ਹੈ ਕਿ ਪੰਜਾਬ ਤੋਂ ਬਾਹਰਲੇ ਮਾਰਕਸਵਾਦੀਆਂ ਨੂੰ ਸਿੱਖਾਂ ਨਾਲ ਹਮਦਰਦੀ ਕਿਉਂ ਹੈ ਤੇ ਪੰਜਾਬ ਦੇ ਮਾਰਕਸਵਾਦੀ ਸਿੱਖਾਂ ਨਾਲ ਕਿਉਂ ਸਦਾ ਵੈਰ ਕਮਾਉਂਦੇ ਹਨ? ਉਨ੍ਹਾਂ ਸੰਤ ਭਿੰਡਰਾਂਵਾਲੇ ਵੱਲੋਂ ਅਕਾਲ ਤਖ਼ਤ ਉਤੇ ਹਥਿਆਰ ਜਮ੍ਹਾਂ ਕਰਨ ਨੂੰ ਜਾਇਜ਼ ਠਹਿਰਾਉਂਦਿਆਂ ਹੋਇਆ ਪੁੱਛਿਆ ਹੈ ਕਿ ਉਸ ਸਿੱਖ ਕੋਲ ਆਪਣੀ ਰਾਖੀ ਲਈ ਕਿਰਪਾਨ ਇਕ ਹਥਿਆਰ ਹੈ ਤਾਂ ਸਮੇਂ ਮੁਤਾਬਕ ਖਾਲਸਾ ਜੀ ਦੀ ਰਾਖੀ ਲਈ ਹੋਰ ਹਥਿਆਰ ਰੱਖਣੇ ਕਿਹੜੇ ਸਿੱਖੀ ਸਿਧਾਂਤਾਂ ਦੀ ਉਲੰਘਣਾ ਹੈ? ਅਕਾਲੀ ਮੋਰਚਿਆਂ ਵਿਚ ਕੁਰਬਾਨੀਆਂ ਤੋਂ ਬਾਅਦ ਵੀ ਕੁਝ ਪ੍ਰਾਪਤ ਨਾ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਗੁਰੂ ਗੋਬਿੰਦ ਸਿੰਘ ਦੇ ਹਵਾਲੇ ਨਾਲ ਹਥਿਆਰ ਚੁੱਕਣ ਨੂੰ ਜਾਇਜ਼ ਠਹਿਰਾਇਆ ਹੈ।

ਸ. ਕਰਮਜੀਤ ਸਿੰਘ ਦੇ ਇਨ੍ਹਾਂ ਵਿਚਾਰਾਂ ਬਾਰੇ ਇਹ ਸਵਾਲ ਉਠਾਉਣ ਯੋਗ ਹੋਵੇਗਾ ਕਿ ਦਰਬਾਰ ਸਾਹਿਬ ਦੀ ਰਾਖੀ ਦਾ ਸਵਾਲ ਕਦੋਂ ਤੇ ਕਿਵੇਂ ਪੈਦਾ ਹੋਇਆ? ਸੰਤ ਭਿੰਡਰਾਂਵਾਲੇ ਵੱਲੋਂ ਅਕਾਲ ਤਖ਼ਤ ਵਿਖੇ ਹਥਿਆਰ ਜਮ੍ਹਾਂ ਕਰਨ ਤੋਂ ਪਹਿਲਾਂ ਸਰਕਾਰ ਦੇ ਕਿਸੇ ਅਜਿਹੇ ਇਰਾਦੇ ਦਾ ਸਬੂਤ ਨਹੀਂ ਮਿਲਦਾ ਕਿ ਉਹ ਦਰਬਾਰ ਸਾਹਿਬ ਵਿਚ ਸੁਰੱਖਿਆ ਵਾਸਤੇ ਜਾਂ ਫੌਜ ਭੇਜਣਾ ਚਾਹੁੰਦੀ ਸੀ। ਇਹ ਨੌਬਤ ਇਸ ਕਾਰਨ ਤਾਂ ਨਹੀਂ ਸੀ ਆਈ ਕਿਉਂਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਤਕੜੀ ਮੋਰਚਾਬੰਦੀ ਕਰ ਲਈ ਗਈ ਸੀ? ਕੀ ਸੰਤ ਭਿੰਡਰਾਂਵਾਲਾ ਦੇ ਸਹਿਯੋਗੀ ਕਈ ਹਿੰਸਕ ਵਾਰਦਾਤਾਂ ਕਰ ਕੇ ਉਥੇ ਜਾ ਕੇ ਪਨਾਹ ਨਹੀਂ ਲੈਂਦੇ ਸਨ। ਸੰਤ ਦਰਬਾਰ ਸਾਹਿਬ ਨੂੰ ਆਪਣੇ ਮਕਸਦ ਲਈ ਢਾਲ ਵਜੋਂ ਵਰਤ ਰਹੇ ਸਨ ਜਾਂ ਉਹ ਦਰਬਾਰ ਸਾਹਿਬ ਦੀ ਰਾਖੀ ਕਰ ਰਹੇ ਸਨ। ਕੀ ਕਰਮਜੀਤ ਸਿੰਘ, ਪੱਤਰਕਾਰ ਦਲਬੀਰ ਸਿੰਘ ਜਾਂ ਅਜਮੇਰ ਸਿੰਘ ਉਪਰੇਸ਼ਨ ਬਲਿਊ ਸਟਾਰ ਤੋਂ ਤਿੰਨ ਦਹਾਕੇ ਬਾਅਦ ਅੱਜ ਵੀ ਸਿੱਖ ਨੌਜਵਾਨਾਂ ਨੂੰ ਅਜਿਹੀ ਸੋਚ ਵੱਲ ਮੁੜਨ ਦੇਣਾ ਨਹੀਂ ਚਾਹੁੰਦੇ ਕਿ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦਾ ਹਦੂਦ ਵਿੱਚ ਡੀ. ਆਈ. ਜੀ. ਅਟਵਾਲ ਦੀ ਹੱਤਿਆ ਲਈ ਜ਼ਿੰਮੇਵਾਰ ਅਨਸਰਾਂ ਕੰਪਲੈਕਸ ਅੰਦਰ ਛੁਪਾਈ ਰੱਖਣ ਦੀ 'ਯੁੱਧ ਨੀਤੀ' ਠੀਕ ਨਹੀਂ ਸੀ।

ਸ. ਕਰਮਜੀਤ ਸਿੰਘ ਨੇ ਦਿੱਲੀ ਦੇ ਹਾਕਮਾਂ ਦੀਆਂ ਨੀਤੀਆਂ ਤੇ ਖਾਲਸਾ ਪੰਥ ਦੀਆਂ ਕਦਰਾਂ-



ਕੀਮਤਾਂ ਵਿਚਕਾਰ ਟਕਰਾਓ ਨੂੰ ਸਦੀਵੀ ਕਿਹਾ ਹੈ। ਇਹ ਸਪੱਸ਼ਟ ਰੂਪ ਵਿਚ ਅਤਿਕਥਨੀ ਹੈ। ਇਹ ਮੰਨਦਿਆ ਹੋਇਆਂ ਵੀ ਕਿ ਦਿੱਲੀ ਦੀਆਂ ਸਰਕਾਰਾਂ ਪੰਥ ਨਾਲ ਸਬੰਧਤ ਮਸਲਿਆਂ ਦਾ ਤਸੱਲੀਬਖ਼ਸ ਹੱਲ ਨਹੀਂ ਕੱਢ ਸਕੀਆਂ। ਇਹ ਧਾਰਨਾ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ ਕਿ ਇਹ ਟਕਰਾਅ ਸਦੀਵੀ ਹੈ ਜਾਂ ਇਸ ਦਾ ਨਿਬੇੜਾ ਕਿਸੇ ਵੱਡੇ ਸੰਘਰਸ਼ ਤੋਂ ਬਗੈਰ ਨਹੀਂ ਹੋ ਸਕਦਾ। ਜੇ ਇਹ ਸਥਿਤੀ ਹੋਵੇ ਤਾਂ ਫਿਰ ਲਾਜ਼ਮੀ ਹੈ ਕਿ ਸਿੱਖ ਦਹਾਕਿਆਂ ਬੱਧੀ ਸੰਘਰਸ਼ਸ਼ੀਲ ਰਹੇ ਹੋਣ, ਪਰ ਸਿੱਖਾਂ ਵਿਚ ਚੋਖਾ ਪ੍ਰਭਾਵ ਰੱਖਦੇ ਤੇ ਉਨ੍ਹਾਂ ਦੇ ਸਮਰਥਨ ਨਾਲ ਰਾਜਨੀਤੀ ਚਲਾਉਣ ਵਾਲੇ ਅਕਾਲੀ ਦਲਾਂ ਨੇ ਕਦੇ ਇਹ ਪੁਜੀਸ਼ਨ ਨਹੀਂ ਲਈ ਕਿ ਕੇਂਦਰ ਸਰਕਾਰ ਨਾਲ ਸਿੱਖਾਂ ਦਾ ਵਿਰੋਧ ਸਦੀਵੀ ਹੈ। ਜੇ ਪ੍ਰਕਾਸ਼ ਸਿੰਘ ਬਾਦਲ ਦੀ ਅਗਾਵਾਈ ਵਾਲੇ ਅਕਾਲੀ ਦਲ ਨੇ ਵਿਧਾਨ ਦੀ ਕਾਪੀ ਪਾੜ੍ਹੀ ਵੀ ਤਾਂ ਉਹ ਵੀ ਇਸ ਦੀ ਇਕ ਮੱਦ ਵਿਚ ਤਰਮੀਮ ਕਰਾਉਣ ਲਈ ਕਿ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰਾ ਭਾਈਚਾਰਾ ਮੰਨਿਆ ਜਾਵੇ। ਉਨ੍ਹਾਂ ਭਾਰਤ ਦੀ ਨਾਗਰਿਕਤਾ ਤੋਂ ਇਨਕਾਰ ਨਹੀਂ ਕੀਤਾ ਸੀ ਤੇ ਨਾ ਹੀ ਦੇਸ਼ ਨਾਲੋਂ ਵੱਖ ਹੋ ਜਾਣ ਦੇ ਨਾਅਰੇ ਦਾ ਸਮਰਥਨ ਕੀਤਾ ਸੀ।

'ਰਾਜ ਕਰੇਗਾ ਖਾਲਸਾ' ਤੇ 'ਖਾਲਸਾ ਜੀ ਕੇ ਬੋਲਬਾਲੇ' ਦੇ ਲਕਸ਼ ਨੂੰ ਵੀ ਵਿਗਾੜ ਕੇ ਪੇਸ਼ ਕਰਨਾ ਠੀਕ ਨਹੀਂ। ਇਕ ਖਾਸ ਰਾਜਸੀ ਸਥਿਤੀ ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਾਜਿਆ ਜਿਹੜਾ ਸਿੱਖ ਪੰਥ ਦਾ ਸਮਾਂ ਅਨੁਕੂਲ ਸਰੂਪ ਸੀ। ਉਸ ਸਮੇਂ ਗੁਰੂ ਜੀ ਨੇ ਸਵਾ ਲਾਖ ਸੇ ਏਕ ਲੜਾਊਂ ਦਾ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਜਿਸ ਉਤੇ ਸੰਸਾਰ ਦੇ ਸੋਚਵਾਨ ਲੋਕ ਅੱਜ ਵੀ ਹੈਰਾਨ ਹੁੰਦੇ ਹਨ। ਮੁਗਲਾਂ ਨਾਲ ਅਤਿ ਦਰਜੇ ਦੀ ਅਸਾਵੀਂ ਲੜਾਈ ਵਿਚ ਉਨ੍ਹਾਂ ਆਪਣਾ ਸਰਬੰਸ ਵਾਰਿਆ। ਅਖ਼ੀਰ ਮੁਗਲਾਂ ਦੇ ਭੇਜੇ ਕਾਤਲਾਂ ਹੱਥੋਂ ਸ਼ਹੀਦ ਹੋਏ। ਅਜਿਹੀਆਂ ਘੋਰ ਸਥਿਤੀਆਂ ਵਿਚ ਵੀ ਨੌਵੇਂ ਗੁਰੂ ਨੇ ਸਿੱਖਾਂ ਦੀ ਦਿੱਲੀ ਤਖ਼ਤ ਨਾਲ ਟੱਕਰ ਸਦੀਵੀ ਜਾਂ ਅਟੱਲ ਨਹੀਂ ਮੰਨੀ ਸੀ ਅਤੇ ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਵੀ ਪਾਤਸ਼ਾਹ ਔਰੰਗਜ਼ੇਬ ਨਾਲ ਗੱਲਬਾਤ ਲਈ ਰਵਾਨਾ ਹੋ ਗਏ ਸਨ ਅਤੇ ਉਸ ਦੇ ਜਾਨਸ਼ੀਨ ਬਹਾਦਰ ਸ਼ਾਹ ਦੀ ਤਖ਼ਤ ਪ੍ਰਾਪਤੀ ਦੀ ਜੰਗ ਵਿਚ ਨਾ ਕੇਵਲ ਸਹਾਇਤਾ ਹੀ ਕੀਤੀ ਸੀ, ਬਲਕਿ ਉਸ ਨਾਲ ਲਗਾਤਾਰ ਗੱਲਬਾਤ ਵੀ ਚਲਾਈ ਰੱਖੀ ਸੀ। 'ਰਾਜ ਕਰੇਗਾ ਖਾਲਸਾ' ਦਾ ਟੀਚਾ ਦਸਵੇਂ ਗੁਰੂ ਤੋਂ ਮਗਰਲੇ ਸਮੇਂ ਮਿਸਲਾਂ ਦੇ ਦੌਰ ਵਿਚ ਮਿਥਿਆ ਗਿਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਦੀ ਸ਼ਕਲ ਵਿਚ ਸਾਕਾਰ ਹੁੰਦਾ ਨਜ਼ਰ ਆਇਆ। ਇਹ ਵੱਖਰੀ ਗੱਲ ਹੈ ਕਿ ਮਹਾਰਾਜੇ ਦਾ ਰਾਜ ਸਿੱਖੀ ਦੇ ਅਸੂਲਾਂ ਅਨੁਸਾਰ ਨਾ ਚੱਲਿਆ ਤੇ ਉਸ ਦੇ ਅੱਖਾਂ ਮੀਟਦਿਆਂ ਹੀ ਉਸ ਦੇ ਵਾਰਸਾਂ ਵਿਚ ਚੱਲੇ ਗ੍ਰਹਿਯੁੱਧ ਕਾਰਨ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਬਣ ਗਿਆ।

ਅੱਜ ਸਵਾਲ ਇਹ ਹੈ ਕਿ 'ਰਾਜ ਕਰੇਗਾ ਖਾਲਸਾ' ਲਕਸ਼ ਵਜੋਂ ਕਿਥੇ ਖੜ੍ਹਾ ਹੈ? ਇਸ ਸਵਾਲ ਨੂੰ ਸਿੱਖ ਭਾਈਚਾਰੇ ਨੇ ਆਪ ਨਜਿੱਠਣਾ ਹੈ। ਖਾਲਿਸਤਾਨ ਬਾਰੇ ਸੰਤ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਅਸੀਂ ਮੰਗਦੇ ਤਾਂ ਨਹੀਂ, ਪਰ ਸਰਕਾਰ ਦੇਵੇ ਤਾਂ ਅਸੀ ਛੱਡਦੇ ਵੀ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜਿਸ ਦਿਨ ਫੌਜ ਦਰਬਾਰ ਸਾਹਿਬ ਵਿਚ ਦਾਖਲ ਹੋਵੇਗੀ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ, ਪਰ ਉਨ੍ਹਾਂ ਦੇ ਇਸ ਤਰ੍ਹਾਂ ਦੇ ਬਿਆਨ ਬਾਰੇ ਇਹ ਕਿਸੇ ਤਰ੍ਹਾਂ ਵੀ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਉਹ ਅਨੇਕਾਂ ਜਾਤਾਂ ਅਤੇ ਜਮਾਤਾਂ ਵਿਚ ਵੰਡੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਮੰਗਾਂ-ਉਮੰਗਾਂ ਦੀ ਨਿਰਪੇਖ ਰੂਪ ਵਿਚ ਪ੍ਰਤੀਨਿਧਤਾ ਕਰ ਰਹੇ ਸਨ। ਨਿਰਸੰਦੇਹ, ਉਹ ਸਿੱਖਾਂ ਲਈ ਰਾਜ ਸੱਤਾ ਦੇ ਤਲਬਗਾਰ ਸਨ, ਪਰ ਦੇਸ਼ ਦੀਆਂ ਜ਼ਮੀਨੀ ਹਕੀਕਤਾਂ ਵਿਚ ਨਾ ਇਹ ਉਦੇਸ਼ ਉਸ ਸਮੇਂ ਪ੍ਰਾਪਤ ਹੋ ਸਕਦਾ ਸੀ ਤੇ ਨਾ ਸ਼ਾਇਦ ਅੱਜ

ਦੇ ਇਤਿਹਾਸਕ ਦੌਰ ਵਿਚ ਸਿੱਖ ਭਾਈਚਾਰੇ ਦੇ ਹਿਤ ਵਿਚ ਹੀ ਹੈ। ਉਨ੍ਹਾਂ ਨੇ ਆਪਣੀ ਤੇ ਆਪਣੇ ਸਾਥੀਆਂ ਦੀ ਜਾਨ ਦੀ ਬਲੀ ਦੇ ਦਿੱਤੀ। ਉਨ੍ਹਾਂ ਦੇ ਵਿਚਾਰਾਂ ਦੇ ਵਾਰਿਸ ਉਸ ਰਾਹੇ ਤੁਰ ਸਕਦੇ ਹਨ, ਪਰ ਇਹ ਰਾਹ ਕਿਸੇ ਮੰਜ਼ਿਲ ਵੱਲ ਲੈ ਜਾਣ ਵਾਲਾ ਰਾਹ ਨਹੀਂ ਹੈ।

ਸ. ਕਰਮਜੀਤ ਸਿੰਘ ਹੋਰਾਂ ਦੀ ਇਹ ਧਾਰਨਾ ਵੀ ਸਬੂਤਾਂ ਦੀ ਮੁਥਾਜ ਹੈ ਕਿ ਸੰਤ ਜਰਨੈਲ ਸਿੰਘ ਨੇ ਇਤਿਹਾਸ ਦਾ ਮੂੰਹ ਉਲਟੇ ਪਾਸੇ ਵੱਲ ਕਰ ਦਿੱਤਾ ਤੇ ਉਸ ਸ਼ਹਾਦਤ ਤੇ ਉਸ ਤੋਂ ਪਿੱਛੋਂ ਵਾਪਰੀਆਂ ਘਟਨਾਵਾਂ ਨੇ ਹਿੰਦੁਸਤਾਨ ਵਿਚੋਂ ਇਕ ਖਾਨਦਾਨ ਦੀ ਹਕੂਮਤ ਤਕਰੀਬਨ ਖ਼ਤਮ ਕਰ ਦਿੱਤੀ ਹੈ। ਉਪਰੇਸ਼ਨ ਬਲਿਊ ਸਟਾਰ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਦਾ ਕਤਲ ਤਾਂ ਹੋ ਗਿਆ, ਪਰ ਇਸ ਨਾਲ ਇਕ ਖਾਨਦਾਨ ਦੀ ਹਕੂਮਤ ਕਿਵੇਂ ਖ਼ਤਮ ਹੋਈ? ਇੰਦਰਾ ਗਾਂਧੀ ਤੋਂ ਬਾਅਦ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ। ਜੇ ਮਗਰੋਂ ਕਾਂਗਰਸ ਪਾਰਟੀ ਰਾਹੀ ਅਤੇ ਐਨ. ਡੀ. ਏ. ਦੀ ਸਰਕਾਰ ਬਣੀ ਤੇ ਫਿਰ ਕਾਂਗਰਸ ਪਾਰਟੀ ਦੁਬਾਰਾ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਸਾਹਮਣੇ ਆਈ, ਤਦ ਵੀ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਸੀ। ਸ. ਕਰਮਜੀਤ ਸਿੰਘ ਇਕ ਖਾਨਦਾਨ ਦੀ ਹਕੂਮਤ ਦੀ ਗੱਲ ਕਰ ਕੇ ਉਸ ਸਾਰੇ ਜਮਹੂਰੀ ਅਮਲ ਨੂੰ ਛਾਂਦਾ ਵਿਗਾੜ ਕੇ ਪੇਸ਼ ਕਰ ਰਹੇ ਹਨ। ਜਿਸ ਰਾਹੀਂ ਪਹਿਲੀ ਵਾਰ ਡਾਕਟਰ ਮਨਮੋਹਨ ਸਿੰਘ ਦੀ ਹਕੂਮਤ ਕਾਇਮ ਹੋਈ ਸੀ।

ਸ. ਕਰਮਜੀਤ ਸਿੰਘ ਨੂੰ ਜੇ ਇਹ ਸਵਾਲ ਕੀਤਾ ਜਾਵੇ ਕਿ ਅੰਗਰੇਜ਼ ਹਾਕਮਾਂ ਦੇ ਲੁਕਵੇਂ ਸਾਜ਼ਿਸ਼ੀ ਮਨਸੂਬਿਆਂ ਦੀ ਸ਼ਹਿ ਨਾਲ ਜਿਨਾਹ ਸਾਹਿਬ ਨੇ ਜੋ ਮੁਸਲਮਾਨਾਂ ਲਈ ਪਾਕਿਸਤਾਨ ਬਣਵਾ ਲਿਆ ਤਾਂ ਉਹ ਕਦੇ ਵੀ ਜਾਂ ਅੱਜ ਕਿਤਨਾ ਕੁ ਪਾਕਿ ਹੈ? ਅਮੀਰ-ਗਰੀਬ ਦਾ ਪਾੜਾ ਕਿਤਨਾ ਕੁ ਘੱਟ ਹੈ ਜਾਂ ਘੱਟ ਗਿਣਤੀਆਂ ਨਾਲ ਸਬੰਧਤ ਲੋਕ ਕਿਤਨੇ ਕੁ ਮਹਿਫ਼ੂਜ਼ ਹਨ। ਅਜੇ ਕੁਝ ਮਹੀਨੇ ਪਹਿਲਾਂ ਹੀ ਕਿਸੇ ਤੰਗਨਜ਼ਰ ਫਿਰਕੂ ਜਨੂੰਨੀ ਆਦਮੀ ਨੇ ਪੱਛਮੀ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਕੇਵਲ ਇਸ ਦੋਸ਼ ਹੇਠ ਗੋਲੀ ਮਾਰ ਕੇ ਮਾਰ ਦਿੱਤਾ ਕਿ ਉਹ ਕੁਫ਼ਰ ਵਿਰੋਧੀ ਕਾਨੂੰਨ ਦੀ ਉਲੰਘਣਾ ਦੇ ਝੂਠੇ ਕੇਸ ਤਹਿਤ ਫਾਂਸੀ ਦੀ ਸਜ਼ਾ ਉਡੀਕ ਰਹੀ ਬੇਕਸੂਰ ਦਲਿਤ ਈਸਾਈ ਔਰਤ ਨੂੰ ਜੇਲ੍ਹ ਅੰਦਰ ਮਿਲਣ ਕਿਉਂ ਗਏ ਸਨ। ਗੋਲੀ ਮਾਰਨ ਵਾਲਾ ਖੁਦ ਗਵਰਨਰ ਤਾਸੀਰ ਦਾ ਅੰਗ ਰੱਖਿਅਕ ਸੀ। ਉਪਰੋਂ ਸਥਿਤੀ ਦਾ ਹੋਰ ਵੀ ਭਿਆਨਕ ਵਿਅੰਗ ਇਹ ਸੀ ਕਿ ਕਾਤਲ ਦੇ ਬਚਾਓ ਪੱਖ ਲਈ ਤਾਂ ਲਾਹੌਰ ਹਾਈ ਕੋਰਟ ਵਿਚ 500 ਤੋਂ ਵੀ ਵੱਧ ਵਕੀਲ ਆਪਣੀਆਂ ਸੇਵਾਵਾਂ ਪੇਸ਼ ਕਰਨ ਲਈ ਇਕ ਦੂਜੇ ਤੋਂ ਵੱਧ ਉਤਾਵਲੇ ਸਨ ਜਦੋਂ ਕਿ ਦੂਜੇ ਪਾਸੇ ਇਖਲਾਕੀ ਪੱਧਰਣ ਤੇ ਦਹਿਸ਼ਤ ਦਾ ਇਹ ਹਾਲ ਸੀ ਕਿ ਮਰਹੂਮ ਗਵਰਨਰ ਦੇ ਪੱਖ ਵਿਚ ਆਵਾਜ਼ ਉਠਾਉਣ ਲਈ ਕੋਈ ਇਕ ਵਕੀਲ ਵੀ ਅੱਗੇ ਆਉਣ ਨੂੰ ਤਿਆਰ ਨਹੀਂ ਸੀ।

ਪੰਜਾਬ ਦੇ ਹਾਲੀਆ ਇਤਿਹਾਸ ਵਿਚ ਬਲਿਊ ਸਟਾਰ ਅਤਿ ਦੀ ਦੁਖਦਾਇਕ ਅਤੇ ਮੰਦਭਾਗੀ ਘਟਨਾ ਹੈ। ਇਹ ਕਿਸੇ ਸੂਰਤ ਵਿਚ ਵਾਪਰਨੀ ਨਹੀਂ ਚਾਹੀਦੀ ਸੀ। ਉਥੇ ਕੰਮ ਆਏ ਹਜ਼ਾਰਾਂ ਬੇਗੁਨਾਹਾਂ ਦਾ ਖੂਨ ਤਾਂ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ ਪਰ ਵੱਡਾ ਅਫ਼ਸੋਸ ਇਸ ਗੱਲ ਦਾ ਹੈ ਕਿ ਡਾ. ਬਲਕਾਰ ਸਿੰਘ ਵਾਂਗ ਹੀ ਕਰਮਜੀਤ ਸਿੰਘ ਵੀ ਇਸ ਮੂਲ ਸਵਾਲ ਦਾ ਜਵਾਬ ਨਹੀਂ ਦਿੰਦਾ ਕਿ ਇੰਦਰਾ ਗਾਂਧੀ ਨੂੰ ਆਪਣੇ ਸੌੜੇ ਸਿਆਸੀ ਮਨਸੂਬਿਆਂ ਦੀ ਪੂਰਤੀ ਲਈ ਅਕਾਲੀਆਂ ਅਤੇ ਉਨ੍ਹਾਂ ਦੇ ਸੰਗੀਆਂ ਨੇ ਸ੍ਰੀ ਹਰਮਿੰਦਰ ਸਾਹਿਬ ਉਪਰ ਫੌਜਾਂ ਚਾੜ੍ਹ ਦੇਣ ਲਈ ਲਗਾਤਾਰ ਬਹਾਨੇ ਕਿਉਂ ਦਿੱਤੇ? •



<u>ਹਿੰਦੀ ਕਹਾਣੀ</u>

# ਦਾਸਤਾਨੇ ਲਛੂਨੀ ਉਰਫ਼ ਛਬੀਲੀ

ਲੇਖਕ: ਵਿਜੈ

ਅਨੁਵਾਦ: ਮਹਿੰਦਰ ਬੇਦੀ (ਜੈਤੋ)

ਲਛੂਨੀ ਨੂੰ ਪਹਿਲੀ ਵਾਰੀ ਮਹਿਸੂਸ ਹੋਇਆ ਹੈ ਕਿ ਉਹ ਅਪਾਹਜ ਹੈ। ਉਹ ਆਪਣੇ ਸਮਾਜ ਵਿਚ ਹੀ ਅਛੂਤ ਹੈ। ਬਾਹਰ ਵਾਲਾ ਕਿੱਲਾ ਖਾਲੀ ਪਿਆ ਸੀ ਤੇ ਉਮੀਦਾਂ ਉੱਤੇ ਸ਼ਾਮ ਦੀ ਕਾਲਸ ਫਿਰਦੀ ਜਾ ਰਹੀ ਸੀ। ਲਛੂਨੀ ਸ਼ਾਮ ਹੁੰਦਿਆਂ ਹੀ ਮੰਜੀ 'ਤੇ ਲੁੜਕ ਕੇ ਸੋਚਾਂ ਵਿਚ ਗਵਾਚ ਗਈ ਸੀ। ਸੋਚਣ ਨਾਲੋਂ ਵਧ ਕਰ ਵੀ ਕੀ ਸਕਦੀ ਹੈ ਉਹ? ਲਾਛੂਨੀ ਕੋਲ ਹੋਰਨਾਂ ਨਾਲੋਂ ਵੱਖਰਾ ਅਤੀਤ ਹੈ ਜਿਸ ਵਿਚ ਉਸਦੀ ਖੋਂਥੀ ਲੱਤ ਉਸਦਾ ਸਹਾਰਾ ਬਣੀ ਰਹੀ। ਗੋਡੇ ਤੋਂ ਹੇਠਾਂ ਆ ਕੇ ਉਸਦੀ ਲੱਤ ਦੀ ਸ਼ਕਲ ਕਿਸੇ ਬਾਂਸ ਦੇ ਡੰਡੇ ਵਰਗੀ ਹੋ ਜਾਂਦੀ ਹੈ, ਜਿਸਦੇ ਅਖੀਰ 'ਚ ਲੱਗਿਆ ਪੈਰ-ਪੰਜਾ ਅਰਥਹੀਣ ਹੈ। ਤਲੀ ਤੇ ਧਰਤੀ ਵਿਚ ਕੋਈ ਨਾਤਾ ਹੀ ਨਹੀਂ ਬਣਦਾ। ਇਸੇ ਲੱਤ ਕਰਕੇ ਦੂਜਿਆਂ ਦੇ ਮੁਕਾਬਲੇ ਉਸਦੀ ਆਮਦਨ ਡੇਢ ਗੁਣੀ ਹੁੰਦੀ ਰਹੀ ਹੈ।

ਲਾਛੂਨੀ ਨੂੰ ਲੱਗਿਆ ਕਿ ਧਰਮ ਬਾਰੇ ਤਾਂ ਉਸਨੇ ਕਦੀ ਸੋਚਿਆ ਹੀ ਨਹੀਂ ਸੀ। ਉਹ ਤੇ ਉਸ ਵਰਗੇ ਟੇਢੇ ਮੇਢੇ ਭਿਖਾਰੀ ਮੰਗਲਵਾਰ ਵਾਲੇ ਦਿਨ ਹਨੂਮਾਨ ਦੇ ਮੰਦਰ ਅੱਗੇ ਤੇ ਜੁੰਮੇ ਵਾਲੇ ਦਿਨ ਮਸਜਿਦ ਦੀਆਂ ਪੌੜੀਆਂ 'ਤੇ ਬੈਠਣਾ ਨਹੀਂ ਭੁੱਲਦੇ। ਸ਼ਬਜ਼ੀ ਤੇ ਗੋਸ਼ਤ ਵਿਚ ਫ਼ਰਕ ਕਰਨਾ ਵੀ ਉਹਨਾਂ ਨੂੰ ਨਹੀਂ ਆਉਂਦਾ। ਕੀ ਖ਼ੈਰਾਤ ਤੇ ਦਾਨ 'ਚ ਵੀ ਕੋਈ ਫ਼ਰਕ ਹੁੰਦਾ ਏ। ਫੇਰ ਇਹ ਭਿਖਾਰੀ ਪੂਰਾ ਅਚਾਨਕ ਧਰਮ ਦਾ ਠੇਕੇਦਾਰ ਕਿੰਜ ਬਣ ਗਿਆ? ਸੱਠ-ਸੱਤਰ ਘਰਾਂ 'ਚ ਕਿਹੜਾ ਏ ਜਿਸਨੇ ਹਿੰਦੂ ਰੋਟੀ ਤੇ ਮੁਸਲਮਾਨ ਰੋਟੀ ਵਿਚ ਫ਼ਰਕ ਕੀਤਾ ਹੋਵੇ? ਵੋਟਾਂ ਵੇਲੇ ਵੀ ਕੋਈ ਨੇਤਾ ਧਰਮ ਨੂੰ ਵਿਚਕਾਰ ਨਹੀਂ ਲਿਆਉਂਦਾ। ਮਰਦਾਂ ਨੂੰ ਜਿਹੜਾ ਬੋਤਲ ਫੜਾਵੇ ਤੇ ਔਰਤਾਂ ਨੂੰ ਧੋਤੀ-ਕੰਬਲ ਉਸੇ ਨੂੰ ਵੋਟਾਂ ਪੈ ਜਾਂਦੀਆਂ ਨੇ। ਪਰ ਇਹ ਨੇਤਾ, ਆਪਣੇ ਦਫ਼ਤਰ ਵਿਚ ਪੁਹੰਚਦੇ ਹੀ ਬਦਲ ਜਾਂਦੇ ਨੇ..... ਛੋਟੀ ਜਾਤ ਵਾਲਿਆਂ ਦਾ ਨੌਕਰੀਆਂ ਵਿਚ ਹਿੱਸਾ ਵੱਖਰਾ, ਪੜ੍ਹੇ-ਲਿਖੇ ਅਪਾਹਜਾਂ ਦਾ ਵੱਖਰਾ; ਪਰ ਭਿਖਾਰੀਆਂ ਤੇ ਉਨ੍ਹਾਂ ਦੀ ਔਲਾਦ ਲਈ ਕੁਝ ਵੀ ਨਹੀਂ। ਭੀਖ ਮੰਗੋਂ ਤਾਂ ਦੁਤਕਾਰਾਂ..... 'ਹੱਟੇ-ਕੱਟੇ ਓ। ਮਿਹਨਤ ਕਰਕੇ ਕਮਾਓ।' ਉਸ ਉੱਤੇ ਰੋਜ਼ ਰੋਜ਼ ਦੇ ਨਵੇਂ ਕਾਨੂੰਨ। ਸੜਕ ਤੇ ਜਾਂ ਚੌਰਾਹੇ 'ਚ ਬਿਲਕੁਲ ਨਹੀਂ ਮੰਗਣਾ, ਪਰ ਜਿਹੜੇ ਹਿੰਮਤ ਕਰਕੇ ਉੱਥੋਂ ਭੀਖ ਮੰਗ ਲਿਆਉਂਦੇ ਨੇ ਉਨ੍ਹਾਂ ਤੋਂ ਪੁਲਿਸ ਤਿੰਨ-ਚੌਥਾਈ ਮਾਲ ਖੋ ਲੈ ਜਾਂਦੀ ਹੈ- ਜਿਵੇਂ ਇਹ ਭੀਖ ਉਨ੍ਹਾਂ ਨੇ ਮੰਗੀ ਹੋਵੇ ਤੇ ਕਮਿਸ਼ਨ ਭਿਖਾਰੀਆਂ ਨੂੰ ਮਿਲ ਰਿਹਾ ਹੋਵੇ।

ਬੂਹੇ ਦੇ ਬਾਹਰ ਗਧਿਆਂ ਦੀ ਹੌਦੀ ਕੋਲ, ਨਿੰਮ ਦੇ ਰੁੱਖ ਹੇਠ, ਬੰਨ੍ਹਿਆ ਛਬੀਲੀ ਖੋਤੀ ਫੜਫੜਾਉਂਦਾ ਹੈ..... "ਚੈਂ।" ਛਬੀਲੀ ਬੁੜਬੁੜਾਉਂਦੀ ਹੈ, " ਲੋਕ ਭਰੇ ਢਿੱਡ ਡਕਾਰਾਂ ਮਾਰਦੇ ਐ, ਇਹ ਖਾਲੀ ਢਿੱਡ ਤੇ।" ਕੰਨ 'ਚ ਛੰਗੀਰੀ ਘੁਸੇੜ ਕੇ ਗਵਾਰੇ ਦੇ ਦੋ ਤਿੰਨ ਰੁੱਗ ਛਬੀਲੀ ਸਾਹਵੇਂ ਸੁੱਟਦੀ ਆਉਂਦੀ ਹੈ ਤੇ ਫੇਰ ਸੋਚਾਂ ਵਿਚ ਡੁੱਬ ਜਾਂਦੀ ਹੈ।..... 'ਇਹ ਖੋਤੀ ਅਸਲੀ ਜੀਅ ਦਾ ਜੰਜਾਲ ਏ; ਆਦਮੀ ਨਾਲੋਂ ਵੱਧ ਖਰਚ ਏ ਮੋਏ ਦਾ। ਕਿੰਨੀ ਵਾਰੀ ਰਹਿਮਤ ਕਸਾਈ ਨੋਟ ਵਿਖਾਅ ਚੁੱਕਿਆ ਏ। ਮਜਾਲ ਏ ਕਿ ਮੁੰਡੇ ਵੇਚਣ ਨੂੰ ਤਿਆਰ ਹੋ ਜਾਣ। ਜਦੋਂ ਲਿਆਏ ਸੀ ਉਦੋਂ ਛੋਟਾ ਜਿਹਾ ਸੀ। ਮੁਲਾਇਮ ਚਮਕੀਲੀ ਖੱਲ ਵੇਖ ਕੇ ਉਸ ਨੇ

ਛਬੀਲਾ ਨਾਂ ਰਖ ਦਿੱਤਾ ਸੀ। ਮੋਏ ਦੀਆਂ ਅੱਖਾਂ ਵਿਚ ਮੋਹਣੀ ਐ। ਸਿੱਧੀਆਂ ਸੀਨੇ ਵਿਚ ਖੁੱਭ ਜਾਂਦੀਆਂ ਨੇ ਨਜ਼ਰਾਂ।'

ਦੋ ਜਵਾਨ ਕੁਆਰੇ ਪੁੱਤਰਾਂ ਦਾ ਦੁੱਖ ਉਨ੍ਹਾਂ ਦੀ ਮਾਂ ਦੇ ਇਲਾਵਾ ਕੌਣ ਸਮਝੇਗਾ! ਲਛੂਨੀ ਨੂੰ ਕੀ ਪਤਾ ਸੀ ਕਿ ਪੇਟ ਦੀ ਭੁੱਖ ਬੁਝਾਉਣ ਦਾ ਰਸਤਾ ਇਕ ਵੇਲੇ ਅਬੁੱਝ ਦੋਰਾਹੇ 'ਤੇ ਜਾ ਪਹੁੰਚੇਗਾ। ਪੁੱਤਰ ਤਾਂ ਹਿੰਦੂ ਤੇ ਮੁਸਲਮਾਨ ਰਸਤਿਆਂ ਤੇ ਚਲ ਪੈਣਗੇ ਪਰ ਉਹ ਕਿੱਧਰ ਜਾਏਗੀ? ਉਸਨੂੰ ਤਾਂ ਏਨਾ ਹੀ ਪਤਾ ਹੈ ਕਿਸੇ ਦੇ ਪਾਪਾਂ ਦਾ ਨਤੀਜਾ ਸੀ ਉਹ। ਕੂੜੇਦਾਨ ਵਿਚ ਪਈ ਦੋ ਦਿਨਾਂ ਦੀ ਜਾਨ ਰੋ ਰਹੀ ਸੀ ਤੇ ਬੁੱਢੀ ਕਮਲਾ ਨੇ ਚੁੱਕ ਕੇ ਛਾਤੀ ਨਾਲ ਲਾ ਲਿਆ ਸੀ। ਪੰਡਤ ਤੋਂ ਪੂਜਾ ਕਰਵਾਈ- ਖੰਡਰ ਭੋਲੇ ਦੇ ਮੰਦਰ ਵਿਚ। ਉਸਨੇ ਅਸ਼ੀਰਵਾਦ ਦੇ ਕੇ ਕਿਹਾ ਸੀ..... 'ਬੜੀ ਲਕਸ਼ਮੀ ਲੜਕੀ ਨਿਕਲੇਗੀ। ਦੁੱਧ-ਪੁੱਤ ਤੇ ਧਨ ਨਾਲ ਨਹਾਏਗੀ।' ਬਸ ਨਾਂ ਰੱਖ ਦਿੱਤਾ ਗਿਆ ਲਕਸ਼ਮੀ, ਜਿਹੜਾ ਬਾਅਦ ਵਿਚ ਲਛੂਨੀ ਹੋ ਗਿਆ। ਬੁੱਢੀ ਗੋਦੀ ਵਿਚ ਪਾ ਕੇ ਖਾਲੀ ਦੁੱਧ ਵਾਲੀ ਬੋਤਲ ਕੋਲ ਰੱਖ ਕੇ ਹੇਕਾਂ ਲਾਉਂਦੀ..... 'ਅਭਾਗੀ ਦੀ ਰੱਖਿਆ ਕਰੋ। ਮਾਂ-ਬਾਪ ਹੈਜ਼ੇ ਵਿਚ ਮਰ ਗਏ, ਇਹ ਕੀ ਜਾਣੇ? ਇਸਨੂੰ ਤਾਂ ਦੁੱਧ ਚਾਹੀਦਾ ਏ। ਮੈਂ ਬੁੱਢੀ ਕੀ ਕਰਾਂ? ਬਸ ਸਿੱਕੇ ਵਰ੍ਹਣ ਲੱਗਦੇ। ਉਹ ਚੌਦਾਂ ਸਾਲ ਦੀ ਸੀ ਕਿ ਬੁੱਢੀ ਦੀਆਂ ਅੱਖਾਂ ਜਾਂਦੀਆਂ ਰਹੀਆਂ। ਲਛੂਨੀ ਨਾਲ ਜਾਣ ਲੱਗ ਪਈ ਤਾਂ ਮਸਜਿਦ 'ਚ ਲਾਈਨ ਲੁਆਉਣ ਵਾਲੇ ਮਜੀਦ ਤੇ ਮੰਦਰ 'ਚ ਖ਼ੁਦ ਪੁਜਾਰੀ ਨੇ ਛੇੜਛਾੜ ਸ਼ੁਰੂ ਕਰ ਦਿੱਤੀ। ਲਛੂਨੀ ਨੇ ਡੰਗੋਰੀ ਰਿੰਨ੍ਹ ਲਈ। ਬੁੱਢੀ ਨੂੰ ਤਸੱਲੀ ਹੋ ਗਈ ਕਿ ਕੁੜੀ ਧੋਖਾ ਨਹੀਂ ਖਾਏਗੀ। ਝੁੱਗੀ ਦੀਆਂ ਦੋ ਕੋਠੜੀਆਂ ਪੱਕੀਆਂ ਕਰਵਾ ਕੇ ਬੁੱਢੀ ਮਰ ਗਈ। ਅੰਦਰਲੀ ਕੋਠੜੀ ਵਿਚ ਲੁਕਾਏ ਹੋਏ ਅੱਠ ਹਜ਼ਾਰ ਮਿਲੇ ਲਛੂਨੀ ਨੂੰ। ਤੇਰਵੀਂ 'ਤੇ ਰਸੂਲ ਮੀਆਂ ਨੇ ਦੱਸਿਆ..... ਦੋਵੇਂ ਲੱਤਾਂ ਠੀਕ ਸਨ ਤੇਰੀਆਂ। ਬੁੱਢੀ ਕਮਲਾ ਨੇ ਇਕ ਨੂੰ ਸੁਕਾਉਣ ਲਈ ਹਜ਼ਾਰ ਰੁਪਏ ਦਿੱਤੇ ਸੀ। ਦੋ ਨਸਾਂ ਨੂੰ ਚੀਰ ਕੇ ਉਨ੍ਹਾਂ ਨੂੰ ਬੰਦ ਕਰਨਾ ਪਿਆ ਸੀ। ਖ਼ੁਦ ਮੌਜ਼ ਨਾਲ ਰਹੀ ਤੇ ਤੇਰਾ ਰਸਤਾ ਵੀ ਖੋਲ੍ਹ ਗਈ।' ਸੁੰਨ ਰਹਿ ਗਈ ਸੀ ਲਛੂਨੀ-ਬੁੱਢੀ ਦੀ ਸਵਾਰਥ ਗਾਥਾ ਸੁਣ ਕੇ। ਫੇਰ ਸੋਚਿਆ ' ਕਿਸਮਤ ਵਿਚ ਇਹੋ ਲਿਖਿਆ ਸੀ। ਨਹੀਂ ਤਾਂ ਆਪਣੀ ਮਾਂ ਹੀ ਕੂੜੇ 'ਚ ਕਿਉਂ ਸੁੱਟ ਜਾਂਦੀ? ਬੁੱਢੀ ਦੇ ਮਰਨੇ ਪਿੱਛੋਂ ਮਸਜਿਦ ਤੇ ਮੰਦਰ ਦੇ ਠੀਹਿਆਂ 'ਤੇ ਲਛੂਨੀ ਬੈਠਣ ਲੱਗੀ। ਆਪਣੀ ਡੰਡੇ ਵਰਗੀ ਲੱਤ ਨੰਗੀ ਕਰਕੇ ਪਸਾਰ ਲੈਂਦੀ, ਉਸਦੇ ਇਕ ਪਾਸੇ ਡੰਗੋਰੀ ਰੱਖਦੀ ਤੇ ਦੂਜੇ ਪਾਸੇ ਕਟੋਰਾ। ਖਾਣ-ਪੀਣ ਵਾਲਾ ਸਮਾਨ ਥੈਲੇ ਵਿਚ ਰੱਖੇ ਵੱਡੇ ਸਾਰੇ ਕਟੋਰਦਾਨ ਵਿਚ ਪਾਉਂਦੀ ਰਹਿੰਦੀ। ਇਕ ਦਿਨ ਰੋਂਦੀ ਕਲਪਦੀ ਆਈ ਸੀ ਬੁੱਢੀ ਦੀ ਭੈਣ ਬਿਮਲਾ। ਕੁਝ ਵਿਚ ਵੈਣ-ਸਿਆਪਾ ਕਰਨ ਪਿੱਛੋਂ ਕੰਨ ਵਿਚ ਫੁਸਫੁਸਾਈ ਸੀ, "ਮੇਰੇ ਨਾਲ ਚੱਲ ਲਛੂਨੀ। ਇਕ ਲੱਤ ਹੀ ਤਾਂ ਸੁੱਕੀ ਏ ਤੇਰੀ। ਦੇਹ ਤਾਂ ਭਰੀ ਪੂਰੀ ਏ। ਸ਼ਕਲ ਵੀ ਚੰਗੀ ਹੀ ਏ। ਰਾਜ ਕਰੇਂਗੀ ਮੇਰੇ ਘਰ 'ਚ। ਹਰ ਕਮਰੇ 'ਚ ਡਬਲ ਬੈੱਡ ਲੱਗਾ ਏ। ਗ੍ਰਾਹਕ ਤੇਰੇ 'ਤੇ ਲਾਈਨ ਲਾਈ ਰੱਖਣਗੇ ਰਾਣੀ ਬਣ ਜਾਏਂਗੀ ਭਿਖਾਰਨ ਤੋਂ।"

ਲਛੂਨੀ ਨੇ ਡੰਗੋਰੀ ਚੁੱਕ ਲਈ ਸੀ ਮਾਰਨ ਖਾਤਰ, "ਉਡ ਜਾਅ ਕੁਟਣੀਏ। ਮੈਨੂੰ ਬਣਾਏਂਗੀ ਤੂੰ? ਵਿਮਲਾ ਛਾਤੀ ਪਿੱਟਦੀ ਚਲੀ ਗਈ ਸੀ, "ਮਾਰਤਾ ਇਸ ਛੋਰੀ ਨੇ ਮੇਰੀ ਭੈਣ ਨੂੰ।"

ਪਰ ਮੁਸੀਬਤ ਇਕੱਲੀ ਨਹੀਂ ਆਉਂਦੀ। ਭਿਖਾਰੀਪੁਰਾ ਦੇ ਜਵਾਨ ਮੁੰਡੇ ਪਿੱਛੇ ਲਗਣ ਲੱਗੇ। ਲਛੂਨ ਨੂੰ ਲੱਗਿਆ ਕਿ ਸਤਾਰਾਂ-ਅਠਾਰਾਂ ਦੀ ਕੁੜੀ ਨੂੰ ਹਰ ਹਾਲਤ ਵਿਚ ਆਪਣੀ ਰੱਖਿਆ ਲਈ ਕਿਸੇ



ਦਾ ਸਾਥ ਚਾਹੀਦਾ ਏ। ਤਦੇ ਇਕ ਮੰਗਲਵਾਰ, ਹੱਟਾ-ਕੱਟਾ ਇਕ ਸੂਰਦਾਸ ਪਹੁੰਚ ਗਿਆ। ਕਿਸੇ ਨੇ ਉਸਨੂੰ ਮੰਗਣ ਲਈ ਜਗ੍ਹਾ ਨਹੀਂ ਦਿੱਤੀ। ਤਦ ਲਛੂਨੀ ਸਰਕ ਗਈ, "ਆ ਬੈ ਸੂਰਦਾਸ, ਇਥੇ" ਅਹਿਸਾਨ ਮੰਦ ਹਿਜਾ ਸੂਰਦਾਰ ਬੈਠ ਗਿਆ। ਫੇਰ ਆਪਣੀ ਕਹਾਣੀ ਸੁਣਾ ਦਿੱਤੀ..... ਭੁਜਬਲ ਸਿੰਘ ਆਂ। ਖਾਲਸ ਰਾਜਪੂਤ। ਆਪਣਾ ਮਕਾਨ ਤੇ ਕਿਰਾਏ 'ਤੇ ਅੱਠ ਦੁਕਾਨਾਂ ਸਨ। ਜਦ ਤਕ ਮਾਂ ਸੀ ਸਭ ਠੀਕ ਚੱਲਿਆਂ। ਉਸਦੇ ਮਰਦਿਆਂ ਹੀ ਦੋਵੇਂ ਭਾਬੀਆਂ ਤੇ ਭਰਾਵਾਂ ਨੇ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤੀ। ਸੋਟੀ ਦੇ ਸਹਾਰੇ ਪੁੱਛਦਾ-ਪੁੱਛਦਾ ਸਟੇਸ਼ਨ ਤਕ ਪਹੁੰਚ ਕੇ ਗੱਡੀ ਵਿਚ ਬੈਠ ਗਿਆ। ਗੱਡੀ ਇੱਥੇ ਖ਼ਤਮ ਹੋਈ ਤਾਂ ਇਕ ਦਿਆਲੂ ਆਪਣੇ ਨਾਲ ਰਿਕਸ਼ੇ ਵਿਚ ਬਿਠਾ ਕੇ ਇਥੇ ਛੱਡ ਗਿਆ।"

"ਠੀਕ ਏ ਤੂੰ ਮੇਰੇ ਨਾਲ ਬੈਠ।"

ਦੁਪਹਿਰੇ ਕੁਝ ਸੋਚ ਕੇ ਆਪਣੇ ਕਟੋਰਦਾਨ ਵਿਚ ਪਈਆਂ ਚਾਰ ਪੂਰੀਆਂ ਤੇ ਸੁੱਕੀ ਆਲੂ ਦੀ ਸਬਜ਼ੀ ਕੱਢਕੇ ਉਸਦੀ ਹਥੇਲੀ 'ਤੇ ਰੱਖ ਕੇ ਬੋਲੀ, "ਖਾ ਲੈ, ਕੱਲ੍ਹ ਭੁੱਖਾ ਹੋਏਂਗਾ।" ਅਹਿਸਾਨਮੰਦ ਸੁਰਦਾਸ ਖਾਂਦਾ-ਖਾਂਦਾ ਪੁੱਛ ਬੈਠਾ, "ਤੇਰਾ ਨਾਮ! ਮੈਥੋਂ ਵੱਡੀ ਏਂ ਕਿ ਛੋਟੀ?"

"ਲਛੂਨੀ ਏਂ ਮੇਰਾ ਨਾਂ! ਸਤਾਰਾਂ-ਅਠਾਰਾ ਦੀ ਆਂ। ਇਕ ਲੱਤ ਖਰਾਬ ਏ। ਤੂੰ ਤਾਂ ਪੱਚੀ ਤੋਂ ਘੱਟ ਕੀ ਹੋਏਂਗੀ?"

"ਠੀਕ ਕਿਹਾ।"

ਫੇਰ ਚਾਰ ਦਿਨ ਬਾਅਦ ਬੋਲਿਆ," ਲਛੂਨੀ, ਮੰਦਰ ਦੇ ਪਿੱਛੇ ਰਾਤ ਨੂੰ ਪੈ ਤਾਂ ਜਾਈਦਾ ਏ ਪਰ ਉੱਥੇ ਬੜੇ ਗੰਦੇ-ਗੰਦੇ ਲੋਕ ਰਹਿੰਦੇ ਆ। ਰਾਤੀਂ ਗੰਦੀਆਂ ਗੱਲਾਂ ਕਰਦੇ ਐ।"

"ਮੇਰੇ ਨਾਲ ਵਿਆਹ ਕਰੇਂਗਾ?" ਪੁੱਛ ਬੈਠੀ ਲਛੂਨੀ।

"ਮੈਂ ਅੰਨ੍ਹਾਂ ਆਂ।"

"ਮਰਦ ਤਾਂ ਹੈਂ?" ਲਛੂਨੀ ਤੇ ਸ਼ਰਮਾਉਂਦਿਆ ਹੋਇਆ ਪੁੱਛ ਲਿਆ। ਭਜੁਬਲ ਸਿੰਘ ਨੇ ਬਾਂਹ ਤੇ ਕੱਪੜਾ ਹਟਾ ਕੇ ਬਾਂਹ ਦੀਆਂ ਮੱਛੀਆਂ ਦਿਖਾ ਦਿੱਤੀਆਂ, "ਤੂੰ ਮੇਰੀ ਅੱਖ ਤੇ ਮੇਰੀ ਮੈਂ ਤੇਰੀਆਂ ਲੱਤ ਬਣ ਜਾਵਾਂਗਾ।"

ਲਛੂਨੀ ਦੀ ਝੌਂਪੜੀ ਵਿਚ ਹੀ ਧੂਮਧਾਮ ਨਾਲ ਪੰਡਤ ਬੁਲਾ ਕੇ ਸ਼ਾਦੀ ਹੋਈ। ਭਿਖਾਰੀਪੁਰਾ ਦੇ ਦਸ ਘਰਾਂ ਦਾ ਖਾਣਾ ਵੀ ਹੋਇਆ ਪਰ ਕੋਈ ਕਹਿ ਹੀ ਗਿਆ, "ਸਾਡਾ ਫੱਤੇ ਕੀ ਮਾੜਾ ਸੀ ਜਿਹੜਾ ਸੂਰਦਾਸ ਨੂੰ ਬਿਠਾ ਲਿਆ।

ਚਾਰ ਦਿਨ ਘਰੇ ਹੀ ਬਿਤਾ ਕੇ, ਸੂਰਦਾਸ ਨੂੰ ਮੰਦਰ ਵਿਚ ਛੱਡ ਕੇ, ਜੁਮੇਂ ਦੇ ਦਿਨ ਲਛੂਨੀ ਮਸਜਿਦ ਵਲ ਤੁਰ ਗਈ। ਸ਼ਾਮ ਹੁੰਦਿਆਂ ਹੀ ਸੂਰਦਾਸ ਨੂੰ ਆਪਣੇ ਨਾਲ ਲੈ ਕੇ ਘਰ ਆ ਗਈ। ਸੂਰਦਾਸ ਦੂਜੇ ਭਿਖਾਰੀਆਂ ਦੀ ਖੋਹਾ-ਝਪਟੀ ਤੇ ਸ਼ੋਰ-ਸ਼ਰਾਬੇ ਬਾਰੇ ਦੱਸਦਾ। ਰਾਤੀਂ ਖਾਣ ਬੈਠੇ ਤਾਂ ਵੱਡੀਆਂ-ਵੱਡੀਆਂ ਦੋ ਰੋਟੀਆਂ ਲਛੂਨੀ ਨੇ ਸੂਰਦਾਸ ਦੇ ਹੱਥ ਰੱਖ ਕੇ ਉਹਨਾਂ ਉੱਤੇ ਚਾਰ ਟਿੱਕੀਆਂ ਵਰਗੇ ਕਬਾਬ ਰੱਖ ਦਿੱਤੇ ਤੇ ਬੋਲੀ, "ਖਾਓ ਸੂਰਦਾਸ-ਜੀ।"

ਪਤਨੀ ਬਣਨ ਪਿੱਛੋਂ ਹੁਣ ਲਾਛੂਨੀ, 'ਜੀ' ਲਾ ਕੇ ਸੂਰਦਾਸ ਨਾਲ ਗੱਲ ਕਰਨ ਲੱਗ ਪਈ ਸੀ।

ਖਾਂਦਿਆਂ ਹੋਇਆ ਸੂਰਦਾਸ ਨੇ ਕਿਹਾ, "ਬੜੀ ਮਜ਼ੇਦਾਰ ਏ ਸਬਜ਼ੀ। ਕਿੱਥੋਂ ਮਿਲੀ?"

"ਮਸਜਿਦ ਵਿਚ ਇਕ ਕਾਰ ਵਾਲਾ ਖ਼ੈਰਾਤ ਵੰਡ ਗਿਆ।

"ਉਥੇ ਤਾਂ ਮੁਸਲਮਾਨ ਹੋਣਗੇ।"

"ਹਾਂ! ਕਲ੍ਹ ਤੋਂ ਛੇ ਦਿਨ ਫੇਰ ਮੰਦਰ ਦਾ ਹੀ ਖਾਣਾ ਏ।"

"ਪਰ ਮੁਸਲਮਾਨ ਦੀ ਰੋਟੀ...।" ਭੁਜਬਾਨ ਸਿੰਘ ਤੁੜਕਿਆ।

ਲਛੂਨੀ ਹਿਰਖ ਗਈ, "ਸੂਰਦਾਸ-ਜੀ ਰੋਟੀ ਦੀ ਗੱਲ ਕਰੋ। ਮੈਨੂੰ ਇਹ ਨਹੀਂ ਪਤਾ ਕਿ ਮੈਂ ਕਿਸੇ ਹਿੰਦੂ ਦੇ ਜਾਂ ਕਿਸੇ ਮੁਸਲਮਾਨ ਦੇ ਪਾਪ ਦਾ ਬੀ ਆਂ। ਤੇ ਹੋਰ ਦੱਸਾਂ.. ਏਨੇ ਸਵਾਦੀ ਕਬਾਬ ਬਕਰੇ ਦੇ ਗੋਸ਼ਤ ਦੇ ਨਹੀਂ ਬਣਦੇ। ਤੇ ਖ਼ੈਰਾਤ ਵਿਚ ਵੀ ਕੋਈ ਕਿਉਂ ਵੰਡੇਗਾ? ਭਿਖਾਰੀ ਦਾ ਕੀ ਕੋਈ ਧਰਮ ਹੁੰਦਾ ਏ? ਜਿਹੜਾ ਦਏ ਉਹੀ ਦਾਤਾ। ਧਰਮ ਹੀ ਨਿਭਾਉਣਾ ਸੀ ਤਾਂ ਰਤਲਾਮ ਕਿਉਂ ਛੱਡਿਆ? ਆਪਣੇ ਭਰਾਵਾਂ ਵਾਂਗ ਰਾਜਪੂਤਨੀ ਲੈ ਆਉਂਦੇ। ਠਾਠ ਨਾਲ ਰਸੋਈ ਵਿਚ ਰਸੋਈ ਪਕਵਾਉਂਦੇ।"

ਸੂਰਦਾਸ ਨੇ ਰੋਟੀ ਨਾਲ ਕਬਾਬ ਦਾ ਵੱਡਾ ਸਾਰਾ ਟੁਕੜਾ ਲਾਇਆ ਤੇ ਹੱਸਿਆ, "ਪੁਰਾਣੀ ਆਦਤ ਸਾਹਮਣੇ ਆ ਗਈ। ਭੁੱਲ ਗਿਆ ਕਿ ਮੇਰਾ ਧਰਮ ਤਾਂ ਹੁਣ ਲਛੂਨੀ ਏਂ। ਭੁੱਲ ਗਿਆ ਸਮਾਂ ਬਦਲ ਗਿਆ। ਹੁਣ ਰਿਆਸਤਾਂ ਲਈ ਕੌਣ ਲੜਦਾ ਏ?" ਇਸ ਪਿੱਛੋਂ ਕਦੀ ਭੁਜਬਾਲ ਨੇ ਹਿੰਦੂ-ਮੁਸਲਮਾਨ ਦੀ ਗੱਲ ਨਹੀਂ ਕੀਤੀ। ਜਦੋਂ ਪਹਿਲਾ ਮੁੰਡਾ ਹੋਇਆ ਤਾਂ ਹੱਥ-ਪੈਰਾ ਤੇ ਪਲਕਾਂ ਛੂਹ ਕੇ ਬੋਲਿਆ, "ਪੂਰਾ ਸਬੂਤਾ ਏ ਲਛੂਨੀ! ਨਾ ਲੂਲ੍ਹਾ, ਨਾ ਲੰਗੜਾ ਤੇ ਨਾ ਅੰਨ੍ਹਾਂ।"

"ਕੁਝ ਤੇਰੇ ਵਰਗੇ ਸੂਰਦਾਸ-ਜੀ ਕੁਝ ਮੇਰੇ ਵਰਗੇ।" ਕਹਿ ਕੇ ਲਛੂਨੀ ਸ਼ਰਮਾਈ ਸੀ। ਭੁਜਬਲ ਸਿੰਘ ਦੇ ਅੱਖਾਂ ਹੁੰਦੀਆਂ ਤਾਂ ਇਸ ਸ਼ਰਮਾਹਟ 'ਤੇ ਮਰ ਮਿਟਦਾ। ਬਸ ਹੌਲੀ ਜਿਹੀ ਬੋਲਿਆ, "ਇਕ ਗੱਲ ਮੰਨੇਗੀ? ਮੈਂ ਭੁਜਬਲ ਸਿੰਘ ਤਾਂ ਇਸਦਾ ਨਾਂ ਭੀਮ ਸਿੰਘ ਹੋਏ।"

ਚਾਰ ਸਾਲ ਹੋਰ ਸਾਥ ਰਿਹਾ ਸੂਰਦਾਸ ਤੇ ਲਛੂਨੀ ਦਾ। ਬਰਸਾਤ ਦੇ ਦਿਨ ਸਨ। ਭੀਮ ਸਿੰਘ ਨੂੰ ਹਲਕਾ ਜਿਹਾ ਬੁਖਾਰ ਸੀ। ਲਛੂਨੀ ਭੀਖ ਮੰਗਣ ਨਹੀਂ ਗਈ। ਭੁਜਬਲ ਰਿਕਸ਼ੇ 'ਤੇ ਬੈਠ ਕੇ ਮੰਦਰ ਚਲਾ ਗਿਆ। ਸ਼ਾਮ ਤੋਂ ਤੇਜ਼ ਬਰਸਾਤ ਸ਼ੁਰੂ ਹੋ ਗਈ। ਲਛੂਨੀ ਲਈ ਪ੍ਰੇਸ਼ਾਨ ਸੀ ਕਿ ਸਾਧੂਰਾਮ ਬੁੱਢਾ ਆਇਆ, "ਸਭ ਖਤਮ ਹੋ ਗਿਆ ਤੇਰਾ ਲਛੂਨੀ। ਸ਼ਰਾਬ ਪੀ ਕੇ ਕਾਰ ਚਲਾ ਰਿਹਾ ਸੀ ਮੁੰਡਾ ਦੋਸਤਾਂ ਨਾਲ। ਨਸ਼ੇ ਵਿਚ ਮੰਦਰ ਵਲ ਮੋੜ ਦਿੱਤੀ ਮੋਟਰ ਕਾਰ। ਸ਼ੀਗੂ, ਸੁਲਤਾਨਾ ਤੇ ਸੂਰਦਾਨ ਦਬ ਗਏ। ਲਾਸ਼ਾਂ ਵੱਡੇ ਹਸਪਤਾਲ 'ਚੋਂ ਮਿਲਣਗੀਆਂ।"

ਲਛੂਨੀ ਨੇ ਚੂੜੀਆਂ ਤੋੜ ਦਿੱਤੀਆਂ ਤੇ ਮਾਂਗ ਪੂੰਝ ਦਿੱਤੀ। ਸਵੇਰੇ ਕਾਲੇ ਖਾਂ ਤੇ ਧਰਮੇਂਦਰ ਦੇ ਨਾਲ ਲਾਸ਼ ਲੈਣ ਹਸਪਤਾਲ ਗਈ ਤਾਂ ਕੋਈ ਇਕ ਪਾਸੇ ਲੈ ਗਿਆ। "ਸੰਸਕਾਰ ਅਸੀਂ ਕਰਾ ਦਿਆਂਗੇ ਵਧੀਆ ਪੁਲਿਸ ਤੋਂ। ਦਸ ਹਜ਼ਾਰ ਲੈ ਤੇ ਮੁੜ ਜਾਅ। ਅਦਾਲਤ ਤਾਂ ਦਸ ਸਾਲ ਲਏਗੀ ਫ਼ੈਸਲੇ 'ਚ ਤੇ ਤੂੰ ਕਦ ਤਕ ਦੌੜੇਂਗੀ?" ਧਰਮੇਂਦਰ ਤੇ ਕਾਲੇ ਖਾਂ ਨੇ ਵੀ ਇਹੀ ਸਮਝਾਇਆ। ਲਛੂਨੀ ਕਲਪਦੀ ਹੋਈ ਮੁੜ ਆਈ। ਹਜ਼ਾਰ-ਹਜ਼ਾਰ ਧਰਮੇਂਦਰ ਤੇ ਕਾਲੇ ਖਾਂ ਨੂੰ ਦੇ ਦਿੱਤੇ। ਬਾਕੀ ਰੁਪਈਆਂ ਦੀ ਭਿਖਾਰੀਪੁਰਾ ਵਾਲਿਆਂ ਨੇ ਤੇਰਵੀਂ ਦੀ ਦਾਅਵਤ ਖਾਧੀ। ਲਛੂਨੀ ਅੰਦਰੇ ਅੰਦਰ ਤੜਫਦੀ ਰਹੀ.. ਆਪਣੀ ਹੀ ਆਦਮੀ ਦੀ ਲਾਸ਼ ਵੇਚੀ ਏ ਮੈਂ।'

ਇਕ ਸਾਲ਼ ਵੀ ਨਹੀਂ ਸੀ ਬੀਤਿਆ ਲਛੂਨੀ ਤੰਗ ਆ ਗਈ। ਰਾਤ ਨੂੰ ਸ਼ਰਾਬ ਪੀ ਕੇ ਕੋਈ ਨਾ



ਕੋਈ ਬੂਹਾ ਖੜਕਾ ਦੇਂਦਾ 'ਖੋਲ੍ਹ ਲਛੂਨੀ। ਦੇਖ ਤੇਰੇ ਲਈ ਕੀ ਲਿਆਇਆ ਆਂ?

ਇਕ ਦਿਨ ਧਰਨਾ ਦੇ ਦਿੱਤਾ ਹੁਸੈਨੀ ਨੇ, "ਦੁੱਖ ਲਛੂਨੀ! ਇਕ ਹੱਥ ਤੇ ਇਕ ਪੈਰ ਤੋਂ ਲੂਲ੍ਹਾ ਆਂ। ਜੀਨਤ ਦੁਨੀਆਂ ਛੱਡ ਗਈ। ਤੂੰ ਵੀ ਇੱਕਲੀ ਏਂ। ਭੀਮ ਨੂੰ ਵੀ ਪਿਓ ਚਾਹੀਦੈ। ਨਾਂਹ ਨਾ ਕਰੀਂ। ਤੇਰੇ 'ਤੇ ਬੋਝ ਨਹੀਂ ਬਣਾਂਗਾ"

ਦੋ ਦਿਨ ਸੋਚਣ ਪਿੱਛੋਂ ਲਛੂਨੀ ਨੇ ਹਾਂ ਕਰ ਦਿੱਤੀ। ਕਾਜ਼ੀ ਨੇ ਆ ਕੇ ਨਿਕਾਹ ਦੀ ਰਸਮ ਪੂਰੀ ਕੀਤੀ ਤੇ ਲਛੂਨੀ ਨੂੰ ਨਾਂ ਦਿੱਤਾ.. 'ਫਾਤਿਮਾ। ਹੁਸੈਨੀ ਨੇ ਜਦ ਭੀਮ ਵੱਲ ਉਂਗਲ ਕੀਤੀ ਤਾਂ ਵਿਟਰ ਗਈ ਲਛੂਨੀ, "ਨਾ! ਮੇਰੀ ਛੱਡ। ਪਤਾ ਨਹੀਂ ਹਿੰਦੂ ਸੀ ਜਾਂ ਮੁਸਲਮਾਨ, ਪਰ ਇਹ ਰਾਜਪੂਤ ਦੀ ਔਲਾਦ ਐ, ਰਾਜਪੂਤ ਹੀ ਰਹੇਗਾ।" ਹੁਸੈਨੀ ਚੁੱਪ ਹੋ ਗਿਆ। ਹੁਸੈਨੀ ਦੀ ਝੌਂਪੜੀ ਖਾਲਿਦ ਮੀਆਂ ਨੇ ਖਰੀਦ ਲਈ। ਜਿਹੜੇ ਪੈਸੇ ਮਿਲੇ ਉਨ੍ਹਾਂ ਨਾਲ ਨਿਕਾਹ ਦੀ ਰਸਮ ਤੇ ਦਾਵਤ ਹੋਈ। ਪਰ ਕਿਸੇ ਨੇ ਲਛੂਨੀ ਨੂੰ ਅੱਜ ਤੱਕ ਫਾਤਿਮਾ ਨਹੀਂ ਕਿਹਾ।

ਪੰਦਰਾਂ ਸਾਲ ਤਕ ਰਿਹਾ ਉਨ੍ਹਾਂ ਦਾ ਸਾਥ.. ਪਰ ਲਛੂਨੀ ਨੂੰ ਹੁਸੈਨੀ ਤੋਂ ਉਹ ਸੁਖ ਕਦੀ ਨਹੀਂ ਮਿਲਿਆ ਜਿਹੜਾ ਆਪਣੇ ਸੂਰਦਾਸ ਤੋਂ ਮਿਲਦਾ ਸੀ। ਲਛੂਨੀ ਨੂੰ ਲੱਗਦਾ ਕਿ ਜਿਹੜਾ ਸੁਖ ਕੁਆਰੇ ਆਦਮੀ ਤੇ ਔਰਤ ਵਿਚਾਰ ਬਣਿਆ ਰਹਿੰਦਾ ਹੈ ਉਹ ਸੁਖ ਦੋਹਾਜੂ ਆਦਮੀ ਤੇ ਦੋਹਾਜੂ ਔਰਤ ਵਿਚਕਾਰ ਕਦੀ ਨਹੀਂ ਹੋ ਸਕਦਾ। ਉਸ ਉੱਤੇ ਹੁਸੈਨੀ ਸੁਲੇਮਾਨ ਦੇ ਪੈਦਾ ਹੁੰਦਿਆਂ ਹੀ ਬਿਲਕੁਲ ਬਦਲ ਗਿਆ। ਪੈਸਿਆਂ ਦੀ ਚੋਰੀ ਤੇ ਸ਼ਰਾਬ ਪੀਣਾ ਰੋਜ਼ ਦੀ ਆਦਤ ਹੋ ਗਈ। ਇਕ ਦਿਨ ਭੀਮ ਵੱਲ ਉਂਗਲ ਸਿੰਨ੍ਹ ਕੇ ਲਛੂਨੀ ਨੂੰ ਕਿਹਾ.. "ਸਕੂਲ ਭੇਜ ਰਹੀ ਐਂ, ਇਸ ਲੌਂਡੇ ਨੂੰ। ਪੜ੍ਹ ਕੇ ਕਿਹੜਾ ਬਾਬੂ ਲੱਗ ਜਾਣੈ? ਮੁਸਲਮਾਨ ਬਣਾਏਂ ਤਾਂ ਨਾ ਬਣਾ। ਤੂੰ ਕਹੇਂ ਤਾਂ ਸਰਦਾਰ ਕੋਲ ਲੈ ਜਾਵਾਂ। ਹੱਥ-ਪੈਰ ਟੇਢੇ ਕਰ ਦੇਊ। ਕਮਾਉਣ ਲੱਗੂਗਾ। ਤੇਰਾ ਮੇਰਾ ਬੁਢਾਪਾ ਚੈਨ ਨਾਲ ਕੱਟਿਆ ਜਾਊ।"

ਭੜਕ ਪਈ ਲਛੂਨੀ, "ਇਹ ਸੂਰਦਾਸ-ਜੀ ਦੀ ਅਮਾਨਤ ਏ। ਤੂੰ ਚਾਹੇਂ ਤਾਂ ਆਪਣੇ ਸੁਲੇਮਾਨ ਨੂੰ ਲੈ ਜਾ ਸਰਦਾਰ ਦੇ ਕੋਲ।"

ਬਲਦੀਆਂ ਅੱਖਾਂ ਨਾਲ ਦੇਖਦਾ ਹੋਇਆ ਹੁਸੈਨੀ ਬਾਹਰ ਚਲਾ ਗਿਆ ਸੀ। ਇਸ ਪਿੱਛੋਂ ਲਛੂਨੀ ਦਾ ਮਨ ਹੁਸੈਨੀ ਨਾਲੋਂ ਪੂਰੀ ਤਰ੍ਹਾਂ ਟੁੱਟ ਗਿਆ ਸੀ। ਰਾਤ ਜਦ ਵੀ ਹੁਸੈਨੀ ਜਬਰਦਸਤੀ ਤੇ ਉਤਰ ਆਉਂਦਾ.. ਲਛੂਨੀ ਖ਼ੁਦ ਨੂੰ ਪੂਰੀ ਤਰ੍ਹਾਂ ਖਿਲਾਰ ਕੇ ਮੁਰਦੇ ਵਾਂਗ ਪੈ ਜਾਂਦੀ। ਪਿੱਛੋਂ ਹੁਸੈਨੀ, ਮੂੰਹ ਉੱਤੇ ਆਪਣੇ ਠੀਕ-ਠਾਕ ਹੱਥ ਨਾਲ ਥੱਪੜ ਵੀ ਜੜ ਦੇਂਦਾ, "ਸਾਲੀ! ਠੰਡੀ ਲਾਸ਼..।" ਤੇ ਇਕ ਦਿਨ ਹੁਸੈਨੀ ਰਾਮਦਾਸ ਦੀ ਔਰਤ ਨੂੰ ਲੈ ਕੇ ਗ਼ਾਇਬ ਹੋ ਗਿਆ। ਪਿੱਛੋਂ ਰਾਮਦਾਸ ਲਛੂਨੀ ਉੱਤੇ ਹੱਕ ਜਤਾਉਣ ਆਇਆ ਤਾਂ ਲਛੂਨੀ ਨੇ ਡੰਗੋਰੀ ਜੜ ਦਿੱਤੀ। ਫੇਰ ਕਦੀ ਨਹੀਂ ਝਾਕਿਆ ਰਾਮਦਾਸ। ਮੁਕਤ ਮਹਿਸੂਸ ਕੀਤਾ ਲਛੂਨੀ ਨੇ ਖ਼ੁਦ ਨੂੰ।

ਭੀਮ ਸਿੰਘ ਦੀ ਪੜ੍ਹਾਈ ਪੰਜਵੀਂ ਪਿੱਛੋਂ ਬੰਦ ਹੋ ਗਈ। ਭਾਰਤ ਸਰਕਾਰ ਦੀ ਸਿੱਖਿਆ ਯੋਜਨਾ ਦਾ ਸਾਖਰਤਾ ਅਭਿਆਨ ਉੱਥੇ ਹੀ ਰੁਕ ਜਾਂਦਾ ਹੈ। ਉੱਤੋਂ ਬਸਤੀ ਜੇ ਭਿਖਾਰੀਪੁਰਾ ਹੋਵੇ ਤਾਂ ਮਾਸਟਰ ਮਾਸਟਰਨੀਆਂ ਆਉਣ ਤੋਂ ਹੀ ਘਿਣ ਮੰਨਦੇ ਨੇ। ਸੁਲੇਮਾਨ ਵੀ ਉੱਥੋਂ ਤਕ ਹੀ ਪਹੁੰਚਿਆ। ਦੋਵੇਂ ਭਰਾ ਸਾਰਾ ਦਿਨ ਮਿਲ ਕੇ ਗੋਲੀਆਂ ਖੇਡਦੇ, ਗੁੱਲੀ ਡੰਡਾ ਖੇਡਦੇ ਜਾਂ ਗੁਲੇਲ ਚੁੱਕ ਕੇ ਛੋਟੀਆਂ ਪਹਾੜੀਆਂ ਦੇ

ਨਾਲ ਵਗਦੀ ਹਿੰਦਰ ਨਦੀ ਦੇ ਕਿਨਾਰੇ ਚਲੇ ਜਾਂਦੇ। ਮੁੜਦੇ ਤਾਂ ਉਨ੍ਹਾਂ ਦੇ ਹੱਥ ਕਦੀ ਤਿੱਤਰ, ਕਦੀ ਬਟੇਰਾ ਤੇ ਕਦੀ ਖਰਗੋਸ਼ ਹੁੰਦਾ। ਉਧੇੜ-ਛਿੱਲ ਕੇ ਸਾਫ਼ ਕਰਦੇ ਤੇ ਖਾਲੀ ਭਾਂਡੇ ਵਿਚ ਰੱਖ ਦੇਂਦੇ..। ਵਾਪਸ ਆ ਕੇ ਲਛੂਨੀ ਦੇਖਦੀ ਤਾਂ ਹੱਸ ਕੇ ਸ਼ਾਬਾਸੀ ਦੇਂਦੀ.. 'ਸ਼ਾਬਾਸ ਮੇਰੇ ਅਰਜੁਨ'। ਪਰ ਜਦੋਂ ਹੁਸੈਨੀ ਨਾਲ ਹੁੰਦਾ ਸੀ ਉਦੋਂ ਲਪਾਲਪ ਮਾਸ ਖਾਂਦਾ ਹੋਇਆ ਬੁੜਬੁੜ ਕਰੀ ਜਾਂਦਾ, "ਇਹ ਸੁਲੇਮਾਨ ਵੀ ਜੰਗਲੀ ਨਾਲ ਰਲ ਕੇ ਜੰਗਲੀ ਹੋ ਰਿਹਾ ਏ।"

ਭੀਮ ਨੂੰ ਲੈ ਕੇ ਇਕ ਲਾਲੇ ਕੋਲ ਗਈ ਲਛੂਨੀ ਤਾਂ ਲਾਲੇ ਨੇ ਹੱਸ ਕੇ ਉਸਨੂੰ ਅੱਖ ਮਾਰ ਕੇ ਕਿਹਾ, "ਸ਼ਨੀਵਾਰ ਨੂੰ ਤੇਲ ਵਾਲਾ ਗੜਵਾ ਫੜਾ ਦਿਆ ਕਰ ਛੋਰੇ ਨੂੰ। ਪੂਰਾ ਬਾਜ਼ਾਰ ਅਠਿਆਨੀ ਰੁਪਈਆ ਪਾ ਦਿਆ ਕਰੇਗਾ।" ਫੇਰ ਲਛੂਨੀ ਕਸਾਈ ਕੋਲ ਸੁਲੇਮਾਨ ਨੂੰ ਲਾਉਣ ਦੀ ਫਰਿਆਦ ਲੈ ਕੇ ਨਹੀਂ ਗਈ, ਨਹੀਂ ਤਾਂ ਉਹ ਵੀ ਕਹਿ ਦੇਂਦਾ.. 'ਚਾਦਰ ਫੜਾ ਦੇ ਲੌਂਡੇ ਨੂੰ। ਮੁਹੱਲੇ ਮੁਹੱਲੇ ਖ਼ੈਰਾਤ ਲੈ ਆਇਆ ਕਰੇਗਾ।"

ਹੁਸੈਨੀ ਦੇ ਜਾਂਦਿਆਂ ਹੀ ਮੁੰਡੇ ਸਮਝਦਾਰ ਹੋ ਗਏ। ਘਰੋਂ ਪੈਸੇ ਲੈ ਕੇ ਜਗਤ ਘੁਮਿਆਰ ਦੇ ਦੋ ਗਧੇ ਖਰੀਦ ਲਿਆਏ। ਜਗਤ ਦਾ ਕੰਮ ਠੱਪ-ਜਿਹਾ ਹੋ ਗਿਆ ਸੀ। ਸ਼ਾਦੀ ਵਿਆਹ ਵਿਚ ਹੁਣ ਉਸਦੇ ਕੁਲ੍ਹੜਾਂ ਤੇ ਕਸੋਰਿਆਂ ਦੀ ਮੰਗ ਖਤਮ ਹੋਣ ਵਰਗੀ ਹੋ ਗਈ ਸੀ। ਦੋਵੇਂ ਭਰਾ ਸਵੇਰੇ ਬੇਹੀ ਰੋਟੀ ਲੈ ਕੇ ਗਧਿਆਂ ਨੂੰ ਹੱਕ ਤੁਰਦੇ ਤੇ ਦੁਪਹਿਰ ਹੋਣ ਤਕ ਪਰਤ ਆਉਂਦੇ। ਗਧਿਆਂ ਨੂੰ ਚਾਰਾ ਤੇ ਰਾਤਵ ਪਾ ਕੇ ਕੁੰਨੂ ਦੇ ਖੋਖੇ 'ਤੋਂ ਚਾਹ ਤੇ ਮਿੱਠਾ ਖਾ ਕੇ ਫੇਰ ਨਿਕਲ ਪੈਂਦੇ। ਕਿਸੇ ਸਿਨੇਮਾ ਹਾਲ ਵਿਚ ਫਿਲਮ ਦੇਖ ਕੇ ਮੁੜਦੇ ਤਦ ਤਕ ਲਛੂਨੀ ਲਿਆਂਦੀਆਂ ਰੋਟੀਆਂ ਤੇ ਹੋਰ ਸਭ ਸੇਕ ਕੇ ਖਾਣਾ ਤਿਆਰ ਕਰੀ ਬੈਠੀ ਹੁੰਦੀ ਦੋਵੇਂ ਲਛੂਨੀ ਦੀ ਹਥੇਲੀ ਉੱਤੇ ਤੀਹ ਰੁਪਏ ਰੱਖ ਦੇਂਦੇ। ਅਸਲ ਵਿਚ ਸ਼ਹਿਰ ਵਿਚ ਨਦੀ ਕਿਨਾਰੇ ਤੋਂ ਰੇਤਾ ਲਿਆਉਣ ਉੱਤੇ ਰੋਕ ਸੀ ਇਸ ਲਈ ਦੋਵੇਂ ਦੂਰ ਨਿਕਲ ਜਾਂਦੇ। ਗਧਿਆਂ ਤੇ ਰੇਤਾ ਭਰ ਲਿਆਉਂਦੇ ਤੇ ਕਿਸੇ ਬਿਲਡਰ ਨੂੰ ਵੇਚ ਦੇਂਦੇ। ਸੱਠ ਸੱਤਰ ਰੁਪਏ ਕਮਾ ਲੈਂਦੇ। ਸਿਨੇਮਾ ਦੇਖਦੇ ਤੇ ਬਚੇ ਹੋਏ ਰੁਪਏ ਲਛੂਨੀ ਨੂੰ ਫੜਾ ਦੇਂਦੇ। ਉਹ ਲਛੂਨੀ ਨੂੰ ਭੀਖ ਮੰਗਣ ਨਾ ਜਾਣ ਲਈ ਕਹਿੰਦੇ ਪਰ ਲਛੂਨੀ ਕਹਿੰਦੀ ਕਿ ਜਦ ਬਹੂਆਂ ਆ ਜਾਣਗੀਆਂ, ਉਦੋਂ ਪੂਰਾ ਆਰਾਮ ਕਰਾਂਗੀ।

ਇਕ ਦਿਨ ਮਸਤਾਨ ਬੁੱਢਾ ਆਇਆ। ਬੋਲਿਆ, "ਉਸਮਾਨ ਮੀਆਂ ਦੀ ਮਜ਼ਾਰ 'ਤੇ ਇਕ ਜਗ੍ਹਾ ਖਾਲੀ ਏ। ਖਾਲਿਦਾ ਵੀ ਬੜੇ ਠਾਠ ਨਾਲ ਰੱਖੇਗੀ ਸੁਲੇਮਾਨ ਨੂੰ।"

ਡੰਗੋਰੀ ਸਿੰਨ੍ਹ ਲਈ ਲਛੂਨੀ ਨੇ, "ਜਾਣਦੀ ਆਂ ਤੇਰੀ ਖਾਲਿਦਾ ਬੀ ਨੂੰ। ਮਜਾਰ ਲਈ ਨਹੀਂ ਆਪਣੇ ਲਈ ਲੌਂਡਾ ਰੱਖਦੀ ਐ। ਪੈਂਤੀ ਪਾਰ ਕਰ ਗਈ ਐ, ਪਰ ਭੁੱਖ ਨਹੀਂ ਮਿਟੀ।

ਲਛੂਨੀ ਦੀ ਚਿੰਤਾ ਦਾ ਦਾਇਰਾ ਹੁਣ ਬਦਲ ਗਿਆ ਹੈ। ਪਹਿਲਾਂ ਰੋਟੀ ਦੀ ਫਿਕਰ ਸੀ, ਫੇਰ ਘਰਬਾਰ ਤੇ ਆਪਣੇ ਲਈ ਆਦਮੀ ਦੀ, ਤੇ ਹੁਣ ਮੁੰਡਿਆ ਦੇ ਵਿਆਹ ਤੇ ਨਿਕਾਹ ਦੀ। ਪਰ ਮੁੰਡੇ ਆਪਣੇ ਆਪ ਵਿਚ ਮਸਤ ਸਨ। ਇਕ ਖੱਸੀ ਲੈ ਆਏ ਨੇ। ਦੁਪਹਿਰੇ ਵਾਪਸ ਆ ਕੇ ਉਸ ਨਾਲ ਲਿਪਟੇ ਰਹਿੰਦੇ ਨੇ, ਫੇਰ ਸਿਨੇਮਾ ਦੇਖਣ ਨਿਕਲ ਜਾਂਦੇ ਨੇ ਲਛੂਨੀ ਤਾੜਦੀ ਹੈ ਤਾਂ ਖੱਸੀ ਨੂੰ ਫਿਲਮ ਦੀ ਕਹਾਣੀ ਸੁਣਾਉਣ ਲੱਗਦੇ ਨੇ। ਉਹਨਾਂ ਨੂੰ ਕੀ ਪਤਾ ਲਛੂਨੀ ਨੂੰ ਕਿਸ ਕਿਸ ਤੋਂ ਕੀ ਕੀ ਸੁਣਨਾ ਪੈਂਦਾ ਏ ਉਨ੍ਹਾਂ ਕਰਕੇ।

ਫ਼ਕੀਰੇ ਦੀ ਧੀ ਜਵਾਨ ਸੀ। ਲਛੂਨੀ ਸੁਲੇਮਾਨ ਦੀ ਗੱਲ ਕਰਨ ਗਈ। ਪਰ ਨੱਕ ਬੁੱਲ੍ਹ ਵੱਟ ਲਏ



ਫ਼ਕੀਰੇ ਨੇ, ਅਸੀਂ ਸਾਲਿਮ (ਖਰੇ) ਮੁਸਲਮਾਨ ਆਂ। ਅਪਣੀ ਵਹੀਦਾ ਲਈ ਆਪਣੀ ਜਾਤ ਦਾ ਮੁੰਡਾ ਵੇਖਾਂਗੇ। ਹਾਂ, ਭੀਮ ਦੀ ਸੁੰਨਤ ਕਰਾ ਦਏਂ ਤਾਂ ਸੋਚਾਂਗੇ। ਚਤੁਰੀ ਦੇ ਤਾਂ ਮਿਜਾਜ਼ ਸੱਤਵੇਂ ਆਸਮਾਨ 'ਤੇ ਸਨ.. ਦੋ ਜਵਾਨ ਕੁੜੀਆਂ ਨੇ.. ਇਕ ਗੂੰਗੀ ਤੇ ਇਕ ਅੰਨ੍ਹੀ। ਇਸ ਦਾ ਉਸਨੂੰ ਘੁਮੰਡ ਹੈ.. "ਤੀਹ-ਤੀਹ ਹਜ਼ਾਰ ਦਾ ਭਾਅ ਲਾ ਚੁੱਕੇ ਐ ਲੋਕ। ਸਾਡੀਆਂ ਕੁੜੀਆਂ ਪਲੰਘ ਥੋੜ੍ਹਾ ਹੀ ਤੋੜਨਗੀਆਂ। ਚੰਗੀ ਕਮਾਈ ਕਰਨਗੀਆਂ। ਮੁਫਤੋਂ ਮੁਫਤੀ ਕਿੰਜ ਸੁੱਟ ਦਿਆਂ ਕਿਸੇ ਦੇ।"

ਕਲ੍ਹ ਸਾਰੇ ਸਿਰਹਾਣੇ ਤੇ ਗੱਦੇ ਉਧੇੜ ਦਿੱਤੇ ਲਛੂਨੀ ਨੇ ਤੇ ਡੱਬਾ ਚੁੱਕ ਲਿਆ-ਪਰ ਗਿਣਤੀ ਛੱਤੀ ਹਜ਼ਾਰ ਤੋਂ ਉੱਤੇ ਨਹੀਂ ਟੱਪੀ। ਸੁਲੇਮਾਨ ਤੇ ਭੀਮ ਸਿੰਘ ਸਿਨੇਮਾ ਦੇਖ ਕੇ ਆਏ ਤਾਂ ਦੋਵੇਂ ਆਉਂਦੇ ਹੀ ਖੱਸੀ ਨਾਲ ਲਿਪਟ ਗਏ। ਲਛੂਨੀ ਬੁੜਬੁੜ ਕਰਨ ਲੱਗੀ.. ਮੋਇਓ, ਖੱਸੀ ਨਾ ਹੋਇਆ ਹੇਮਾ ਮਾਲਨੀ ਹੋ ਗਈ। ਇੱਥੇ ਪੂਰੇ ਚੌਵੀ ਦਾ ਹਜ਼ਾਰ ਦਾ ਟੋਟਾ ਪਿਆ ਹੋਇਆ ਐ।'

ਰੋਟੀ ਖਾਂਦਿਆਂ ਹੋਇਆਂ ਸੁਲੇਮਾਨ ਨੇ ਕਿਹਾ, "ਭਾਈ ਜਾਨ, ਨਯਾ ਦੌਰ 'ਚ ਦਲੀਪ ਕੁਮਾਰ ਨੇ ਕਿਆ ਟਾਂਗਾ ਦੌੜਾਇਆ ਸੀ। ਖੱਸੀ ਰੇਸ ਹੋਵੇ ਤਾਂ ਸਾਡਾ ਛਬੀਲਾ ਮਸਤਾਨ ਆਸਾਨੀ ਨਾਲ ਜਿੱਤ ਲਏਗਾ।"

"ਹੈਤ ਤੇਰੀ ਦੀ ਸੁਲੇਮਾਨ। ਬੜੀ ਪੁਰਾਣੀ ਫ਼ਿਲਮ ਸੀ ਨਯਾ ਦੌਰ। ਅੱਜਕਲ੍ਹ ਤਾਂ ਕਾਰਾਂ ਦੀ ਰੇਸ ਹੁੰਦੀ ਏ। ਸ਼ਿਲਪਾ ਸ਼ੈਟੀ ਸੰਜੇ ਦੱਤ ਦੇ ਦੂਜੇ ਫਿਲਮ ਵਾਲੇ ਮੋਟੇ ਦਾ ਲਾਉਂਦੇ ਨੇ।"

ਲਛੂਨੀ ਸੋਚ ਰਹੀ ਸੀ.. 'ਈਦ ਤਿੰਨ ਦਿਨਾਂ ਬਾਅਦ ਏ। ਨਾਸਿਰ ਕਸਾਈ ਤਿੰਨ ਹਜ਼ਾਰ ਲਾ ਗਿਆ ਏ ਖੱਸੀ ਦਾ। ਹੋਟਲ ਵੱਲੇ ਹੱਦ ਚਾਰ ਲਾ ਦੇਣਗੇ। ਉਥੇ ਤਾਂ ਹੱਡੀਆਂ ਦਾ ਜੂਸ (ਸੂਪ) ਵੀ ਬਣਦਾ ਏ। ਤਦ ਮਿਲਾ ਕੇ ਚਾਲੀ ਹੋ ਜਾਣਗੇ। ਝੂਠ ਬਕਦੀ ਏ ਚਤੁਰੀ ਤੀਹ-ਤੀਹ ਵਾਲੀ ਗੱਲ, ਵੀਹ-ਵੀਹ ਵਿਚ ਮੰਨ ਜਾਏਗੀ। ਇੰਜ ਕੁੜੀਆਂ ਭੀਖ ਵੇਲੇ ਵੀ ਅੱਖਾਂ ਸਾਹਮਣੇ ਰਹਿਣਗੀਆਂ। ਮਨ ਹੀ ਮਨ ਮੁਸਕੁਰਾਈ ਹੈ ਲਛੂਨੀ। ਕਲ੍ਹ ਜਾਂ ਪਰਸੋਂ ਹੋ ਆਏਗੀ ਚਤੁਰੀ ਵੱਲ। ਕਹਿ ਦਏਗੀ.. ਵੀਹ ਵੀਹ ਦੇ ਦਿਆਂਗੀ ਦੋਵਾਂ ਦੇ।

ਸੁਲੇਮਾਨ ਤੇ ਭੀਮ ਸਿੰਘ ਸਵੇਰੇ ਸਵੇਰੇ ਗਧੇ ਲੈ ਕੇ ਨਿਕਲ ਗਏ। ਲਛੂਨੀ ਨੇ ਖੱਸੀ ਨੂੰ ਦਰਖਤ ਦੇ ਮੁੱਢ ਨਾਲੋਂ ਖੋਹਲ ਕੇ ਅੰਦਰ ਕੋਠੜੀ ਵਿਚ ਬੰਨ੍ਹ ਦਿੱਤਾ ਤੇ ਭੀਖ ਵਾਲੇ ਅੱਡੇ 'ਤੇ ਜਾਣ ਤੋਂ ਪਹਿਲਾਂ ਚਤੁਰੀ ਵੱਲ ਤੁਰ ਪਈ। ਚਤੁਰੀ ਮਿਲੀ ਨਹੀਂ। ਕੁੜੀਆਂ ਨੇ ਪਛਾਣ ਕੇ ਬੈਠਣ ਲਈ ਕਿਹਾ, ਪਰ ਲਛੂਨੀ ਦੁਪਹਿਰੇ ਫੇਰ ਆਉਣ ਲਈ ਕਹਿ ਕੇ ਤੁਰ ਪਈ। ਸੋਚ ਰਹੀ ਸੀ ਕਿ ਖੱਸੀ ਦੀ ਰੱਸੀ ਫੜ੍ਹ ਕੇ ਸੁਰਜਪੁਰ ਦੇ ਹੋਟਲ ਤੱਕ ਚੱਕਰ ਲਾ ਆਵੇ। ਹੋਟਲ ਦਾ ਮਾਲਕ ਹਰ ਜੁਮੇਂ ਦੀ ਸ਼ਾਮ ਮਸਜਿਦ ਵਿਚ ਖ਼ੈਰਾਤ ਵੰਡਣ ਆਉਂਦਾ ਸੀ। ਨਾਂ ਸੀ ਸ਼ਮਸ਼ੇਰ ਖਾਨ। ਜਦੋਂ ਦਾ ਹੁਸੈਨ ਦਾ ਸਾਥ ਹੋਇਆ ਲਛੂਨੀ ਨੇ ਮਸਜਿਦ ਜਾਣਾ ਛੱਡ ਦਿੱਤਾ ਸੀ। ਹੁਸੈਨੀ ਹੀ ਉੱਥੇ ਜਾਂਦਾ ਸੀ।

ਘਰ ਦੀ ਦੇਹਲੀ ਕੋਲ ਪਹੁੰਚੀ ਸੀ ਕਿ ਇਕ ਕਾਰ ਰੁਕੀ। ਸ਼ਹਿਰ ਦੇ ਰਈਸ ਕਾਰਦਾਰ ਸਾਹਬ ਖੜ੍ਹੇ ਸਨ। ਖੱਸੀ ਨੂੰ ਦੇਖਿਆ ਨਿਰਖਿਆ ਤੇ ਤਿੰਨ ਹਜ਼ਾਰ ਲਾ ਦਿੱਤੇ। ਲਛੂਨੀ ਚਾਰ 'ਤੇ ਅੜੀ ਰਹੀ ਤਾਂ ਬੋਲੇ, "ਸ਼ਾਮ ਨੂੰ ਮੇਰਾ ਬੇਟਾ ਆ ਕੇ ਦੇਖ ਜਾਏਗਾ। ਪਸੰਦ ਆਇਆ ਤਾਂ ਚਾਰ ਦੇ ਜਾਏਗਾ। ਸਮਝ ਲਵਾਂਗੇ ਖ਼ੈਰਾਤ ਵੀ ਪੂਰੀ ਹੋਈ।

ਅੰਤਮ ਗੱਲ ਲਛੂਨੀ ਨੂੰ ਚੰਗੀ ਨਹੀਂ ਲੱਗੀ ਪਰ ਚਾਰ ਹਜ਼ਾਰ ਦੀ ਗੱਲ ਸੁਣ ਕੇ ਖੁਸ਼ ਹੋ ਗਈ।

ਸੋਚਿਆ, 'ਜਦੋਂ ਰਕਮ ਹੱਥ ਹੇਠ ਆ ਜਾਏਗੀ। ਚਤੁਰੀ ਵੱਲ ਫੇਰ ਹੀ ਜਾਏਗੀ।' ਪਰ ਸ਼ਾਮ ਤਕ ਕੋਈ ਨਹੀਂ ਆਇਆ।

ਰਾਤੀਂ ਖਾਂਦੇ ਹੋਏ ਬੜੇ ਖੁਸ਼ ਸਨ ਦੋਵੇਂ ਭਰਾ। ਸੁਲੇਮਾਨ ਨੇ ਹੀ ਸ਼ਰਮਾਉਂਦਿਆਂ ਹੋਇਆ ਦੱਸਿਆ, "ਈਦ 'ਤੇ ਆਇਆ ਰਾਮਦੀਨ। ਭਰਤਪੁਰ ਮਥਰਾ ਦੇ ਵਿਚਕਾਰ ਪਿੰਡ ਏ। ਉੱਥੇ ਕਈ ਪਿੰਡ ਅਜਿਹੇ ਹੀ ਨੇ ਕਿ ਇਕ ਭਰਾ ਮੁਸਲਮਾਨ ਏ ਦੂਜਾ ਹਿੰਦੂ। ਰੋਟੀ ਬੇਟੀ ਲੈਣ-ਦੇਣ ਵਿਚ ਪਰਹੇਜ਼ ਨਹੀਂ। ਉਸਦੇ ਤਾਊ ਦੀਆਂ ਦੋ ਕੁੜੀਆਂ ਨੇ। ਰਾਮਦੀਨ ਆਏਗਾ ਉਸਤੋਂ ਪਹਿਲਾਂ ਖੱਸੀ ਕਟਵਾਵਾਂਗੇ।

ਭੀਮ ਸਿੰਘ ਨੇ ਮਾਂ ਵੱਲ ਦੇਖ ਕੇ ਕਿਹਾ, "ਹੁਣ ਤੇਰਾ ਫ਼ਿਕਰ ਖਤਮ।"

ਲਛੂਨੀ ਵੀ ਖਿੜ ਗਈ। ਖਾਣੇ ਪਿੱਛੋਂ ਚਾਹ ਵੀ ਬਣਾ ਕੇ ਪਿਆਈ ਤੇ ਫੇਰ ਕੁਰੇਦ ਕੇ ਪੁੱਛਣ ਲੱਗੀ, "ਕਿੱਥੇ ਮਿਲਿਆ ਤੁਹਾਨੂੰ ਰਾਮਦੀਨ? ਕੁੜੀਆਂ ਪੂਰੀਆਂ ਸਬੂਤੀਆਂ ਨੇ ਨਾ?"

ਦੋਵੇ ਹੱਸ ਪਏ, "ਐਵੇਂ ਨਹੀਂ ਛਬੀਲੇ ਦੀ ਕੁਰਬਾਨੀ ਦੇ ਰਹੇ। ਵੀਹ ਕਿਲੋ ਪੋਲੀਥੀਨ ਵਿਚ ਪਾ ਕੇ ਰਾਮਦੀਨ ਪਿੰਡ ਲੈ ਜਾਏਗਾ। ਦੁਪਹਿਰ ਤਕ ਬੱਸ ਰਾਹੀਂ ਪਿੰਡ ਪਹੁੰਚ ਜਾਏਗਾ।"

ਸਵੇਰੇ ਦੋਵੇਂ ਮੁੰਡੇ ਰੋਟੀ ਬੰਨ੍ਹ ਕੇ ਗਧੇ ਲੈ ਕੇ ਨਿਕਲ ਗਏ ਤਾਂ ਖੱਸੀ ਨੂੰ ਪਲੋਸਦੀ ਹੋਈ ਬਾਹਰ ਆਈ। ਅੱਖਾਂ ਅੱਡੀਆਂ ਰਹਿ ਗਈਆਂ ਲਛੂਨੀ ਦੀਆਂ ਦੋ ਪੁਲਿਸ ਵਾਲਿਆਂ ਨੂੰ ਬਾਹਰ ਖੜ੍ਹੇ ਦੇਖ ਕੇ। ਜ਼ਬਾਨ ਲੜਖੜਾ ਗਈ, "ਹਜ਼ੂਰ..।"

"ਡਰ ਨਾ। ਤੂੰ ਲਛੂਨੀ ਭਿਖਾਰਨ ਏਂ ਨਾ!" ਇਕ ਨੇ ਕਿਹਾ।

"ਜੀ ਹਜ਼ੂਰ! ਤੁਹਾਡੀ ਜੂਠ 'ਤੇ ਹੀ ਸਭ ਪਲੇ ਆਂ।"

"ਦੇਖ। ਦਰੋਗਾ ਸਾਹਬ ਸੁਭਾਨ ਅਲੀ ਅੰਸਾਰੀ ਕਲ੍ਹ ਜੀਪ ਲੈ ਕੇ ਆਏ ਸੀ ਸਵੇਰੇ। ਪਰ ਤੂੰ ਸ਼ਾਇਦ ਭੀਖ ਤੇ ਨਿਕਲ ਗਈ ਸੈਂ। ਉਨ੍ਹਾਂ ਨੂੰ ਕਲ੍ਹ ਬਕਰੀਦ ਲਈ ਤੇਰਾ ਖੱਸੀ ਚਾਹੀਦੈ।"

"ਹਜ਼ੂਰ..!" ਮਿਨਮਿਨਾਈ ਸੀ ਲਛੂਨੀ।

ਖੱਸੀ ਦੀ ਰੱਸੀ ਆਪਣੇ ਹੱਥ ਲੈਂਦਿਆਂ ਹੋਇਆਂ ਦੂਜੇ ਸਿਪਾਹੀ ਨੇ ਉਸ ਵੱਲ ਪੰਜ ਸੌ ਦਾ ਨੋਟ ਉਛਾਲਦਿਆਂ ਹੋਇਆਂ ਕਿਹਾ, "ਦੀਨ ਵਾਲੇ ਇਨਸਾਨ ਨੇ ਦਰੋਗਾ ਸਾਹਬ। ਖ਼ੈਰਾਤ ਨਹੀਂ ਲੈਂਦੇ।" ਕਹਿੰਦਿਆਂ ਹੋਇਆਂ ਸਿਪਾਹੀ ਰੱਸੀ ਖਿੱਚਦਾ ਹੈ। ਲਛੂਨੀ ਚੀਕਦੀ ਹੈ, "ਹਜ਼ੂਰ, ਮੇਰੇ ਬੱਚੇ।"

ਖੱਸੀ ਅੱਗੇ ਤੁਰਨ ਵਿਚ ਆਨਾਕਾਨੀ ਕਰਦਾ ਹੈ ਪਰ ਮੋਟਾ ਡੰਡਾ ਪਿੱਠ 'ਤੇ ਪੈਂਦਿਆਂ ਹੀ ਦੌੜਨ ਲੱਗਦਾ ਹੈ।

ਡੰਡਾ ਖੱਸੀ ਦੇ ਵੱਜਦਾ ਸੀ ਪਰ ਦਰਦ ਲਛੂਨੀ ਦੀ ਪੂਰੀ ਦੇਹ ਤੇ ਦਿਲ ਤਕ ਫੈਲ ਜਾਂਦਾ ਸੀ। ਖੱਸੀ ਦੇ ਜਾਣ ਦਾ ਅਰਥ ਲਛੂਨੀ ਦੀਆਂ ਅੱਖਾਂ ਵਿਚੋਂ ਅੱਥਰੂ ਬਣ-ਬਣ ਵਹਿਣ ਲੱਗਦਾ ਹੈ। ਜਾਂਦਾ ਹੋਇਆ ਖੱਸੀ ਡਕਰਾਂਦਾ ਹੈ। ਲਛੂਨੀ ਹਾਉਕਾ ਜਿਹਾ ਖਿੱਚ ਕੇ ਸੋਚਦੀ ਹੈ, 'ਖੱਸੀ ਦੀ ਪੁਕਾਰ ਦਾ ਇਨ੍ਹਾਂ ਪੁਲਿਸ ਵਾਲਿਆਂ ਉੱਤੇ ਕੀ ਕੋਈ ਅਸਰ ਹੋਏਗਾ? ਇਕ ਲੰਮਾ ਹਉਕਾ ਭਰ ਕੇ ਲਛੂਨੀ ਅੰਦਰ ਆ ਕੇ ਆਪਣੀ ਮੰਜੀ ਉੱਤੇ ਲੇਟ ਜਾਂਦੀ ਹੈ। ਜਿੰਦਗੀ ਦਾ ਸੁਪਨਾ ਚੂਰ-ਚੂਰ ਹੋ ਕੇ ਖੱਸੀ ਦੀਆਂ ਮੀਂਗਣਾ ਦੇ ਰੂਪ ਵਿਚ ਨਿੰਮ ਹੇਠ ਖਿਲਰਿਆ ਪਿਆ ਸੀ। •

ਬੇਦੀ ਡੈਂਟਲ ਹੈਲਥ ਸੈਂਟਰ, ਬਾਜਾ ਰੋਡ, ਜੈਤੋ-151202
ਮੋਬਾਇਲ ਨੰ: 94177-30600



# 'ਹੁਣ' ਵਾਲਾ ਅਵਤਾਰ ਜੰਡਿਆਲਵੀ

ਹਰਭਜਨ ਸਿੰਘ ਹੁੰਦਲ

1

ਅਵਤਾਰ (ਜੰਡਿਆਲਵੀ) ਨਾਲ ਆਖਰੀ ਮੁਲਾਕਾਤ 20 ਫਰਵਰੀ, 2010 ਨੂੰ ਹੋਈ। ਉਹ ਪੰਜਾਬ ਆ ਕੇ ਅਕਸਰ ਹੀ ਆਪਣੀ ਘਰ ਵਾਲੀ ਨਾਲ ਅੰਮ੍ਰਿਤਸਰ ਦਰਬਾਰ ਸਾਹਿਬ ਆਉਂਦਾ ਹੁੰਦਾ ਸੀ। ਐਤਕੀਂ ਉਸਦੇ ਨਾਲ ਉਸ ਦੀ ਲੜਕੀ ਪ੍ਰਭਾਤ ਵੀ ਸੀ। ਉਹ ਸਾਡੇ ਅੱਡੇ ਤੋਂ ਖਾਣ ਲਈ ਸਮੋਸੇ ਤੇ ਵੇਸਣ ਲੈ ਕੇ ਆਏ। ਮੈਂ ਪੁੱਛਿਆ, 'ਇਹ ਕੀ ਕੀਤਾ ਤੁਸੀਂ ? ਚਾਹ-ਪਾਣੀ ਦਾ ਫਰਜ਼ ਤੁਹਾਡਾ ਸੀ ਕਿ ਸਾਡਾ?"

ਉਸ ਦੀ ਘਰ ਵਾਲੀ ਕਹਿਣ ਲੱਗੀ, "ਸਾਨੂੰ ਜ਼ਰਾ ਕਾਹਲੀ ਸੀ। ਅਸੀਂ ਆਖਿਆ, ਐਂਵੇ ਫਿਕਰ-ਮੰਦੀ ਤੇ ਖੇਚਲ ਕਰਨਗੇ।" ਮੈਂ ਆਖਿਆ, "ਸੁਣਾ, ਪਰਚੇ ਦਾ?" ਆਖਣ ਲੱਗਾ, "ਪਰਚਾ ਪਾਠਕਾਂ ਤੇ ਲੇਖਕਾਂ ਨੇ ਪਸੰਦ ਕੀਤਾ ਹੈ। ਪਾਠਕਾਂ ਦੀ ਗਿਣਤੀ ਵੀ ਤਸੱਲੀਬਖਸ਼ ਹੈ। ਲੇਖਕ ਸਾਡੇ ਪਰਚੇ ਵਿਚ ਛਪਣਾ ਚਾਹੁੰਦੇ ਹਨ।"

"ਤੂੰ ਆਪ ਕੀ ਲਿਖਦਾ ਹੈਂ? ਕਿ ਪਰਚਾ ਕੱਢਕੇ ਹੀ ਤਸੱਲੀ ਹੋ ਜਾਂਦੀ ਹੈ?"

ਉਹ ਦੁਬਿਧਾ ਜੇਹੀ ਵਿਚ ਪੈ ਜਾਂਦਾ ਹੈ, ਤੇ ਮੇਰੇ ਚਿਹਰੇ ਉਤਲੇ ਪ੍ਰਭਾਵ ਪੜ੍ਹਨ ਲੱਗਦਾ ਹੈ।

"ਮੈਂ ਤੇ ਹੁਣ ਕੁਝ ਨਹੀਂ ਲਿਖਦਾ। ਚਹੁੰ ਮਹੀਨਿਆਂ ਪਿੱਛੋਂ ਕਿਸੇ ਯੂਰਪੀਅਨ ਕਵੀ ਦੀਆਂ ਪੰਜ-ਸੱਤ ਕਵਿਤਾਵਾਂ ਪੰਜਾਬੀ ਵਿਚ ਅਨੁਭਾਵ ਕਰ ਛੱਡੀਦੀਆਂ ਹਨ ਤੇ ਬੱਸ। ਹੋਰ ਲਿਖਣ ਦਾ ਮੇਰਾ ਵੇਲਾ ਹੁਣ ਲੰਘ ਗਿਆ ਹੈ। ਪਰਚਾ ਸ਼ੁਰੂ ਕਰਨ ਵੇਲੇ, ਬਾਹਰ ਦੇ ਕੁਝ 'ਅਖੌਤੀ' ਸਲਾਹਕਾਰ ਮੈਨੂੰ ਚੁੰਬੜ ਗਏ ਸਨ। ਉਹ ਆਪਣੀਆਂ ਸ਼ਰਤਾਂ ਮਨਾਉਂਦੇ ਸਨ ਤੇ ਲੇਖਕਾਂ ਦੀਆਂ ਰਚਨਾਵਾਂ ਦੀ ਕੱਟ-ਵੱਢ ਕਰਨਾ ਚਾਹੁੰਦੇ ਸਨ। ਮੈਂ ਉਹ ਸਾਰੇ ਗਲੋਂ ਲਾਹ ਛੱਡੇ ਹਨ।"

"ਕੌਣ ਸਨ ਉਹ ਸਲਾਹਕਾਰ?" ਮੈਂ ਜਾਨਣਾ ਚਾਹਿਆ, ਭਾਵੇਂ ਕਿ ਮੈਨੂੰ ਉਸ ਦੇ ਯੂ.ਕੇ. ਵਾਲੇ ਸਾਰੇ ਯਾਰਾਂ ਦਾ ਥੋੜ੍ਹਾ ਬਹੁਤ ਪਤਾ ਸੀ। "ਚੱਲ ਛੱਡ, ਨਾਵਾਂ ਵਿਚ ਕੀ ਪਿਆ ਹੈ।" ਉਹ ਚੁੱਪ ਵੱਟ ਗਿਆ।

"ਤੂੰ ਆਪ ਕੀ ਲਿਖਦਾ ਹੈਂ?" ਉਸ ਨੇ ਆਪਣੇ ਵਲੋਂ ਹਟ ਕੇ ਮੈਨੂੰ ਪੁੱਛ ਲਿਆ।

"ਮੈਂ ਕੀ ਦੱਸਾਂ, ਮੈਂ ਕੀ ਲਿਖਦਾ ਹਾਂ, ਤੈਨੂੰ ਪਤਾ ਹੀ ਹੈ।" ਉਹ ਮੇਰੇ ਕੀਤੇ ਕੰਮ ਨੂੰ ਜਾਣਬੁੱਝ ਕੇ ਅਣਡਿੱਠ ਕਰ ਰਿਹਾ ਸੀ।

ਬੜੇ ਸੰਕੋਚ ਨਾਲ ਅਖੀਰ ਉਹ ਆਖਣ ਲੱਗਾ, "ਸਾਡੇ ਦੋਸਤਾਂ ਵਿਚੋਂ ਤੂੰ ਰਾਜਸੀ ਤੇ ਸਾਹਿਤਕ ਸਰਗਰਮੀਆਂ ਵਿਚ ਪੈ ਕੇ ਕਾਫੀ ਮਾਨਤਾ ਪ੍ਰਾਪਤ ਕਰ ਲਈ ਹੈ। ਮੈਂ ਤੇ ਬਹੁਤਾ ਵਕਤ ਗੈਰ-ਸਾਹਿਤਕ ਕੰਮਾਂ ਵਿਚ ਹੀ ਲਾਈ ਰੱਖਿਆ ਹੈ।

ਉਸ ਨੂੰ ਜਾਣ ਦੀ ਕਾਹਲੀ ਸੀ, ਚਾਹ ਪੀ ਕੇ ਉਹ ਅੰਮ੍ਰਿਤਸਰ ਰਵਾਨਾ ਹੋ ਗਏ ਤੇ ਮੈਂ ਉਸ ਦੇ ਕਹੇ ਸ਼ਬਦਾਂ ਦੇ ਅਰਥਾਂ ਨੂੰ ਸੋਚਦਾ ਵਿਚਾਰਦਾ ਰਿਹਾ।

2

ਹੁਣ ਪਰਚਾ ਸ਼ੁਰੂ ਕਰਨ ਵੇਲੇ ਉਹ ਮੇਰੇ ਕੋਲ ਸਲਾਹ-ਮਸ਼ਵਰਾ ਕਰਨ ਪਿੰਡ ਆਇਆ ਸੀ। ਬੈਠਣ ਤੇ ਆਖਣ ਲੱਗਾ, "ਮੈਂ ਇਕ ਨਵੀਂ ਤਰ੍ਹਾਂ ਦਾ ਵੱਡਾ ਪਰਚਾ ਕੱਢਣਾ ਚਾਹੁੰਦਾ ਹਾਂ। ਕਈਆਂ ਨਾਲ ਸਲਾਹ ਕੀਤੀ ਹੈ। ਸਾਰੇ ਹੀ ਕਹਿੰਦੇ ਹਨ ਕਿ ਇਸ ਰਾਹ ਨਾ ਪਵਾਂ। ਤੇਰੀ ਕੀ ਰਾਏ ਹੈ?

"ਤੇਰੇ ਪਰਚਾ ਕੱਢਣ ਨਾਲ ਉਨ੍ਹਾਂ ਲੇਖਕਾਂ ਨੂੰ ਕੀ ਤਕਲੀਫ ਹੁੰਦੀ ਹੈ, ਜੋ ਕਹਿੰਦੇ ਹਨ ਕਿ ਇਹ ਕੰਮ

ਨਾ ਕਰੇ। ਤੇਰਾ ਆਪਣਾ ਜੀਵਨ-ਅਨੁਭਵ ਹੈ ਤੇ ਆਪਣਾ ਸੁਪਨਾ। ਜੇ ਤੂੰ ਕੁਝ ਨਵੀਂ ਗੱਲ ਕਰੇਂਗਾ ਤਾਂ ਪੰਜਾਬੀ ਸਾਹਿਤ ਦੇ ਧੰਨ-ਭਾਗ।"

ਕਹਿਣ ਲੱਗਾ, "ਤੂੰ ਵੀ ਪਰਚਾ ਚਲਾ ਰਿਹਾ ਹੈਂ, ਤੂੰ ਪਹਿਲਾ ਆਦਮੀ ਹੈਂ, ਜਿਸ ਆਖਿਆ ਹੈ ਕਿ ਪਰਚਾ ਕੱਢਣਾ ਚੰਗੀ ਗੱਲ ਹੈ। ਨਹੀਂ ਤਾਂ ਰੋਕਣ ਵਾਲੇ ਬਹੁਤ ਜਣੇ ਹਨ।"

"ਹੁਣ ਚੰਡੀਗੜ੍ਹ ਵਿਚ ਆਪਣਾ ਕੋਈ ਐਸਾ ਮਿੱਤਰ ਦੱਸ, ਜੋ ਇਸ ਕਾਰਜ ਵਿਚ ਮੇਰੀ ਸਹਾਇਤਾ ਕਰ ਸਕੇ।"

ਮੈਂ ਸੋਚੀਂ ਪੈ ਗਿਆ। ਕੀਹਦਾ ਨਾਂ ਲਵਾਂ। ਕੋਈ ਐਸਾ ਮਿੱਤਰ ਹੋਵੇ, ਜੋ ਸੁਹਿਰਦ ਤੇ ਹੋਣਹਾਰ ਹੋਵੇ। ਐਸਾ ਜੋ ਪਿੱਛੋਂ ਮੇਰੀ ਬਦਨਾਮੀ ਜਾਂ ਉਲਾਮੇਂ ਦਾ ਕਾਰਨ ਨਾ ਬਣੇ। ਮੇਰੇ ਦਿਮਾਗ ਵਿਚ ਕਈ ਨਾਂ ਘੁੰਮੇਂ। ਅਖੀਰ ਮੈਂ ਆਖਿਆ,

"ਲੇਖਕ ਤਾਂ ਇੱਕ ਹੈ ਪਰ ਮੈਨੂੰ ਖਦਸ਼ਾ ਹੈ ਕਿ ਤੂੰ ਉਸ ਉੱਤੇ ਆਪਣੀ ਰਾਜਨੀਤੀ ਨਾ ਘੋਟਣ ਜਾਂ ਠੋਸਣ ਲੱਗ ਜਾਵੇਂ। ਤੇਰੀ ਮਾਇਆ ਦੇ ਲਾਲਚ ਵਿਚ ਆ ਕੇ ਐਸਾ ਨਾ ਹੋਵੇ ਕਿ ਉਹ ਸਾਨੂੰ ਬੇਦਾਵਾ ਦੇ ਜਾਵੇ। ਉਸ ਨੇ ਹਾਲੀ ਜ਼ਿੰਦਗੀ ਤੇ ਸਾਹਿਤ ਵਿਚ ਆਪਣੇ ਪੈਰ ਜਮਾਉਣੇ ਹਨ।"

"ਨਹੀਂ ਮੈਂ ਉਸ ਕੋਲੋਂ ਕਿਸੇ ਰਾਜਸੀ ਪਾਰਟੀ ਦਾ ਕੰਮ ਨਹੀਂ ਕਰਾਉਣਾ। ਇਕ ਚੰਗਾ ਤੇ ਵੱਖਰੀ ਨੁਹਾਰ ਵਾਲਾ ਪਰਚਾ ਕੱਢਣਾ ਹੈ। ਖਰਚਾ ਮੇਰਾ ਹੋਵੇਗਾ, ਸਹਿਯੋਗ ਤੇ ਮਿਹਨਤ ਉਸ ਦੀ। ਤੂੰ ਉਸ ਦਾ ਨਾਂ ਤੇ ਸਿਰਨਾਵਾਂ ਮੈਨੂੰ ਦੱਸਦੇ।"

ਮੈਂ ਉਸ ਨੂੰ ਸੁਸ਼ੀਲ ਦੁਸਾਂਝ ਦਾ ਪਤਾ ਲਿਖਾ ਦਿੱਤਾ।

ਉਸ ਨੂੰ ਮੇਰੀ ਆਖੀ ਗੱਲ ਠੀਕ ਲੱਗੀ। ਉਹ ਸਾਲ ਵਿਚ ਇੱਕ-ਦੋ ਵਾਰ ਚੰਗੀਗੜ੍ਹ ਆਉਂਦਾ ਤੇ ਪਰਚੇ ਬਾਰੇ ਸਲਾਹ-ਮਸ਼ਵਰਾ ਕਰਕੇ ਯੂ. ਕੇ. ਵਾਪਿਸ ਪਰਤ ਜਾਂਦਾ।

3

ਪਹਿਲੇ ਸਾਲਾਂ ਵਿਚ ਉਹ ਜਦ ਕਦੇ ਵੀ ਵਾਪਸ ਪੰਜਾਬ ਪਰਤਦਾ ਤਾਂ ਆਉਣ ਤੋਂ ਪਹਿਲਾਂ ਮੈਨੂੰ ਚਿੱਠੀ ਲਿਖਦਾ ਕਿ ਦੱਸ ਜੇ ਕੋਈ ਚੀਜ਼ ਮੰਗਵਾਉਣੀ ਹੈ। ਮੈਂ ਉਸ ਨੂੰ ਆਪਣੀ ਲੋੜ ਦੱਸਦਾ ਤੇ ਉਹ ਚੀਜ਼ ਖਰੀਦ ਲਿਆਉਂਦਾ। ਇਕ ਵਾਰ ਮੈਂ ਉਸ ਨੂੰ ਕਿਹਾ ਕਿ ਮੈਨੂੰ ਪੈਂਗੂਇਨ ਦਾ ਛਾਪਿਆ ਕਾਵਿ ਸੰਗ੍ਰਹਿ ਲਿਆ ਕੇ ਦੇ। ਉਹ ਕਿਤਾਬ ਤਾਂ ਖਰੀਦ ਲਿਆਇਆ ਪਰ ਰਾਹ ਵਿਚ ਦਿੱਲੀ ਅੰਮ੍ਰਿਤਾ ਪ੍ਰੀਤਮ ਨੂੰ ਦੇ ਆਇਆ। ਸੁਣਕੇ ਮੈਨੂੰ ਨਿਰਾਸ਼ਤਾ ਹੋਈ। ਕਹਿਣ ਲੱਗਾ, "ਯਾਰ ਮੈਂ ਇਹ ਅਦੁੱਤੀ ਤੋਹਫਾ ਉਸ ਨੂੰ ਵਿਖਾ ਬੈਠਾ ਤੇ ਉਹ ਕਹਿਣ ਲੱਗੀ, ਇਹ ਕਿਤਾਬ ਤੂੰ ਮੈਨੂੰ ਦੇ ਦੇ। ਹੁੰਦਲ ਨੂੰ ਫੇਰ ਕਿਤੇ ਲਿਆ ਦੇਵੀਂ।" ਮੈਂ ਆਖਿਆ, "ਲੰਮਿਆਂ ਤੂੰ ਚਲਾਕੀ ਕਰ ਗਿਆ ਏਂ, ਦੂਜੀ ਵਾਰ ਇਹ ਸੰਗ੍ਰਹਿ ਕਿਥੋਂ ਆਉਣਾ ਹੈ।"

ਉਹੀ ਗੱਲ ਹੋਈ, ਚੰਗੀਆਂ ਕਿਤਾਬਾਂ ਕਿਥੋਂ ਬਾਰ ਬਾਰ ਮਿਲਦੀਆਂ ਨੇ ਤੇ ਨਾ ਹੀ ਖਰੀਦੀਆਂ ਜਾਂਦੀਆਂ ਨੇ।

4

ਸਾਡਾ ਪਿੰਡ ਬਿਆਸ ਦੇ ਕੰਢੇ ਉੱਤੇ ਬੇਟ ਵਿਚ ਹੈ, ਜਿੱਥੇ ਇਸ ਉੱਤੇ ਧੁੱਸੀ- ਬੰਨ੍ਹ ਬੱਝਣ ਤੋਂ ਪਹਿਲਾਂ ਹਰ ਸਾਲ ਬਰਸਾਤ ਦੀ ਰੁੱਤੇ ਕਈ ਵਾਰ ਹੜ੍ਹ ਆ ਜਾਂਦਾ ਹੁੰਦਾ ਸੀ। ਰੇਲਵੇ ਲਾਈਨ ਦੇ ਨਾਲ ਕੁਝ ਖਤਾਨ ਡੂੰਘੇ ਸਨ, ਜਿੰਨ੍ਹਾਂ ਵਿਚ ਪਾਣੀ ਅਕਸਰ ਹੀ ਡੋਬੂ ਹੋ ਜਾਂਦਾ ਸੀ ਤੇ ਅਣਜਾਣ ਓਬੜ ਆਦਮੀ ਡੁੱਬ ਵੀ ਸਕਦਾ ਸੀ। ਹਰ ਆਉਣ ਵਾਲਾ ਆਦਮੀ ਪਿੰਡ ਆਵਾਜ਼ ਮਾਰ ਕੇ ਪੁੱਛ ਦੱਸ ਕੇ ਪਾਣੀ ਵਿਚ ਵੜਦਾ ਸੀ।

ਇੱਕ ਵਾਰ ਹੜ੍ਹਾਂ ਦੀ ਰੁੱਤੇ ਅਵਤਾਰ ਮੈਨੂੰ ਮਿਲਣ ਆ ਗਿਆ ਤੇ ਬਿਨਾਂ ਦੱਸੇ ਕੱਪੜੇ ਲਾਹ



ਖਤਾਨਾਂ ਵਿਚ ਵੜ ਗਿਆ। ਜਦ ਪਾਣੀ ਉਸ ਦੇ ਮੋਢਿਆਂ ਤੀਕ ਆ ਗਿਆ ਤਾਂ ਲੋਕਾਂ ਨੇ ਰੌਲਾ ਪਾ ਦਿੱਤਾ ਤੇ ਉਸ ਨੂੰ ਸਹੀ ਰਾਹ ਥਾਣੀਂ ਲੰਘਣ ਲਈ ਸਮਝਾਇਆ। ਅਸਾਂ ਸੁਣਿਆ ਤੇ ਹੈਰਾਨੀ ਹੋਈ। ਆਖਣ ਲੱਗਾ, "ਮੈਂ ਸਮਝਿਆ ਖਤਾਨ ਮੇਰੇ ਕੱਦ ਨਾਲੋਂ ਡੂੰਘਾ ਤੇ ਨਹੀਂ ਹੋ ਸਕਦਾ।"

5

ਕਦੇ ਅਵਤਾਰ ਕੇਵਲ ਇੱਕ ਲੱਖ ਕਮਾਉਣ ਯੂ. ਕੇ. ਗਿਆ ਸੀ ਪਰ ਜਿਉਂ-ਜਿਉਂ ਤ੍ਰਿਸ਼ਨਾਂ ਵਧਦੀ ਗਈ ਤਿਵੇਂ-ਤਿਵੇਂ ਨਵੀਆਂ-ਨਵੀਆਂ ਜੁਗਤਾਂ ਦੀ ਸਮਝ ਆਉਣ ਲੱਗ ਪਈ। ਕਿਸੇ ਆਖਿਆ, ਭਾਰਤ ਨੂੰ ਪੈਸੇ, ਸਰਕਾਰ ਤੋਂ ਚੋਰੀ, ਹੱਥੋ ਹੱਥੀ ਭੇਜਣ ਨਾਲ ਚੰਗੀ ਕਮਾਈ ਹੋ ਜਾਂਦੀ ਹੈ। ਅਵਤਾਰ ਨੇ ਇਹ ਵਿਧੀ ਵੀ ਅਪਣਾਈ। ਚੰਗੇ ਪੈਸੇ ਬਣਨ ਲੱਗੇ। ਦੋਸਤਾਂ ਮਿੱਤਰਾਂ ਦੇ ਪੈਸੇ ਇਕੱਠੇ ਕਰ ਕਰ ਜਾਹਲੀ ਤੌਰ ਤੇ ਪੰਜਾਬ ਭੇਜਣ ਲੱਗਾ। ਅਖੀਰ ਇਹ ਗੱਲ ਨੰਗੀ ਹੋ ਗਈ ਤੇ ਅੱਗੇ ਤੋਂ ਕੰਨਾਂ ਨੂੰ ਹੱਥ ਲਾਏ ਤੇ ਆਖਿਆ, "ਯਾ ਖੁਦਾ ਬਚਾ ਇਸ ਵਾਰ। ਅੱਗੇ ਤੋਂ ਤੋਬਾ!!"

ਇੱਕ ਵਾਰ ਰਾਜਿੰਦਰ ਸਿੰਘ ਬੇਦੀ ਨਾਲ ਕਿਸੇ ਫਿਲਮ ਵਿਚ ਵੀ ਪੈਸਾ ਲਾਇਆ, ਪਰ ਛੇਤੀ ਹੀ ਮਨ ਖੱਟਾ ਹੋ ਗਿਆ।

6

1993 ਵਿਚ ਗਰਮੀਆਂ ਦੀ ਰੁੱਤੇ ਜਦੋਂ ਮੈਂ ਪ੍ਰਗਤੀਸ਼ੀਲ ਲੇਖਕ ਸਭਾ ਗਰੇਟ ਬਰਿਟਨ ਦੇ ਸੱਦੇ ਉੱਤੇ ਯੂ.ਕੇ. ਗਿਆ ਤਾਂ ਅਵਤਾਰ ਨਾਲ ਖੁੱਲ੍ਹੀਆਂ ਗੱਲਾਂ-ਬਾਤਾਂ ਹੋਈਆਂ। ਉਹਨਾਂ ਦਿਨਾਂ ਵਿਚ ਉਹ ਕੋਰੀਅਰ ਸਰਵਿਸ ਲਈ ਆਪਣੀ ਗੱਡੀ ਚਲਾ ਰਿਹਾ ਸੀ ਤੇ ਹਰ ਹਫਤੇ ਚੰਗੇ ਪੌਂਡ ਕਮਾ ਰਿਹਾ ਸੀ। ਉਹ ਲੰਡਨ ਸ਼ਹਿਰ ਦੀ ਗਲੀ ਗਲੀ ਤੋਂ ਜਾਣੂ ਸੀ। ਕਦੇ ਉਸ ਨੇ 'ਦੇਸ਼ ਪ੍ਰਦੇਸ਼' ਅਖਬਾਰ ਦੇ ਕਹਿਣ ਉੱਤੇ 'ਲੰਡਨ ਸ਼ਹਿਰ, ਰੰਗ ਤੇ ਰੌਸ਼ਨੀਆਂ' ਕਿਤਾਬ ਲਿਖੀ ਸੀ ਪਰ ਅਫਸੋਸ ਕਿ ਇਹ ਜਿਲਦ-ਸਾਜ਼ ਦੇ ਜਾਲ ਵਿਚੋਂ ਬਾਹਰ ਨਾ ਨਿਕਲ ਸਕੀ। ਇਨ੍ਹੀਂ ਦਿਨੀਂ ਉਹ ਰਾਤ-ਦਿਨ ਕਮਾਈ ਕਰਨ ਉੱਤੇ ਲੱਗਾ ਹੋਇਆ ਸੀ। ਘਰ-ਵਾਲੀ ਵੀ ਬ੍ਰਿਟਿਸ਼ ਏਅਰਵੇਜ਼ ਵਿਚ ਲੰਡਨ ਦੇ ਹਵਾਈ-ਅੱਡੇ ਉੱਤੇ ਕੰਮ ਕਰ ਰਹੀ ਸੀ, ਦੋ ਉਹਨਾਂ ਦੇ ਬੱਚੇ ਸਨ, ਜੋ ਹੁਣ ਪੜ੍ਹ-ਲਿਖਕੇ ਆਪਣੇ ਪੈਰਾਂ ਸਿਰ ਹੋ ਗਏ ਸਨ। ਮੈਂ ਯਾਤਰਾ ਸਮੇਂ ਆਪਣੇ ਮਿੱਤਰ-ਲੇਖਕ ਗੁਰਨਾਮ ਢਿੱਲੋਂ ਕੋਲ ਠਹਿਰਿਆ ਹੋਇਆ ਸੀ। ਅਵਤਾਰ ਬਾਰੇ ਪੁੱਛਣ ਉੱਤੇ ਉਹ ਆਖਣ ਲੱਗਾ, "ਭਾਵੇਂ ਅਵਤਾਰ ਤੇਰਾ ਦੇਰ ਦਾ ਮਿੱਤਰ ਹੈ, ਪਰ ਉਸਨੇ ਤੈਨੂੰ ਪੱਲਾ ਨਹੀਂ ਫੜਾਉਣਾ" ਮੇਰੇ ਆਖਣ ਉੱਤੇ ਉਸ ਨੇ ਅਵਤਾਰ ਨੂੰ ਟੈਲੀਫੋਨ ਕੀਤਾ।

ਰਾਤ ਦਾ ਵੇਲਾ ਸੀ। ਇਸ ਵੇਲੇ ਉਹ ਦਿਨ ਦੀ ਭੱਜ-ਨੱਠ ਤੋਂ ਵਿਹਲਾ ਹੋ, ਸਕਾਚ ਦੇ ਦੋ ਵੱਡੇ ਪੈੱਗ ਲਾ, ਬੇਫਿਕਰੀ ਦੇ ਆਲਮ ਵਿਚ ਹੁੰਦਾ ਹੈ। ਹਾਲ-ਚਾਲ ਪੁੱਛਣ ਪਿੱਛੋਂ ਆਖਣ ਲੱਗਾ, "ਮੇਰੇ ਕੋਲ ਪਰਸੋਂ ਸਤੀ ਕੁਮਾਰ, ਭਾਪਾ ਪ੍ਰੀਤਮ ਸਿੰਘ ਦਿੱਲੀ ਤੇ ਉਸ ਲੜਕੀ ਨੂੰ ਮਿਲਣ ਆ ਰਹੇ ਹਨ ਤੂੰ ਵੀ ਤਿਆਰ ਰਹੀਂ। ਮੈਂ ਸਵੇਰੇ ਜਾਂ ਸ਼ਾਮੀਂ ਤੈਨੂੰ ਆ ਕੇ ਲੈ ਜਾਵਾਂਗਾ, ਰਲਕੇ ਬੈਠਾਂਗੇ ਤੇ ਗੱਲਾਂ ਕਰਾਂਗੇ।"

ਮੈਂ ਉਸ ਨਾਲ ਸਾਰੀ ਹੋਈ ਗੱਲ ਗੁਰਨਾਮ ਢਿੱਲੋਂ ਨੂੰ ਦੱਸੀ। ਸੁਣ ਕੇ ਉਹ ਕਹਿਣ ਲੱਗਾ, "ਮੈਂ ਸ਼ਰਤ ਲਾ ਕੇ ਕਹਿ ਸਕਦਾ ਕਿ ਲੰਮਾਂ ਸਵੇਰੇ ਨਹੀਂ ਆਵੇਗਾ। ਕੋਈ ਪੱਜ ਮਾਰ ਜਾਵੇਗਾ। ਤੂੰ ਪ੍ਰਤੱਖ ਵੇਖ ਲਵੀਂ।"

ਉਹੀ ਗੱਲ ਹੋਈ। ਮੈਂ ਸਾਰੀ ਦਿਹਾੜੀ ਉਡੀਕਦਾ ਰਿਹਾ, ਪਰ ਉਸ ਦਾ ਕੋਈ ਸੁਨੇਹਾ ਨਾ ਆਇਆ। "ਵੇਖਿਆ ਲੰਮੇ ਦਾ ਹਾਲ। ਉਹ ਰਾਤ ਨੂੰ ਰੁਮਾਂਟਿਕ ਹੁੰਦਾ ਹੈ ਤੇ ਸਵੇਰੇ ਹਿਸਾਬੀ-ਕਿਤਾਬੀ।"

ਇੱਕ ਰਾਤ ਉਸ ਦਾ ਫੋਨ ਆਇਆ ਆਖਣ ਲੱਗਾ, "13 ਮਈ, 93 ਨੂੰ ਮੇਰੇ ਦੋਹਤੇ ਦੇ ਜਨਮ-ਦਿਨ ਦੀ ਪਾਰਟੀ ਹੈ। ਤੂੰ ਸ਼ਾਮੀਂ ਗੁਰਨਾਮ ਢਿੱਲੋਂ ਦੀ ਕਾਰ ਵਿਚ ਮੇਰੇ ਘਰ ਪਹੁੰਚ ਜਾਵੀਂ, ਕੁਝ ਹੋਰ ਲੇਖਕ ਦੋਸਤ ਵੀ ਹੋਣਗੇ।"

ਸੁਣਕੇ ਢਿੱਲੋਂ ਕਹਿਣ ਲੱਗਾ, "ਅਵਤਾਰ ਦੇ ਸਾਰੇ ਮਿੱਤਰ ਮੂਲਵਾਦੀ ਖਾਲਸਤਾਨੀ ਹਨ, ਜੇ ਉਹ ਤੇਰਾ ਕੋਈ ਇੰਟਰਵਿਊ ਲੈਣਾ ਚਾਹੁੰਣ ਤਾਂ ਤੂੰ ਨਾਂਹ ਕਰ ਦੇਣੀ ਹੈ। ਇਹ ਲੋਕਾਂ ਦੇ ਬਿਆਨਾਂ ਨੂੰ ਤੋੜ-ਮਰੋੜ ਕੇ ਛਾਪਣਗੇ।"

ਮੈਂ ਦੁਬਿਧਾ ਵਿਚ ਪੈ ਗਿਆ। ਗੁਰਨਾਮ ਦੀਆਂ ਹਦਾਇਤਾਂ ਬੜੀਆਂ ਅਜੀਬ ਤੇ ਸ਼ੱਕੀ ਭਾਂਤ ਦੀਆਂ ਸਨ। ਚਿਰਾਂ ਪਿੱਛੋਂ ਇਕ ਪੁਰਾਣਾ ਦੋਸਤ ਮਿਲਣ ਵਾਲਾ ਸੀ ਤੇ ਇਹ ਸਾਵਧਾਨੀਆਂ ਇਹ ਬੰਦਿਸ਼ਾਂ। ਖ਼ੈਰ ਅਸੀਂ ਦੋਵੇਂ ਜਣੇ ਨਿਸ਼ਚਿਤ ਦਿਨ ਉੱਤੇ ਅਵਤਾਰ ਦੇ ਸ਼ਹਿਰ ਉਸ ਦੇ ਸਮਾਗਮ ਵਿਚ ਸ਼ਾਮਿਲ ਹੋਣ ਲਈ ਗਏ। ਮਹਿਫਿਲ ਕੋਈ ਵੱਡੀ ਨਹੀਂ ਸੀ। ਪੰਜ ਛੇ ਇਸਤਰੀਆਂ ਤੇ ਅੱਠ ਦਸ ਮਰਦ। ਜਿਨ੍ਹਾਂ ਵਿਚੋਂ ਅੱਧੇ ਕੁ ਮੇਰੇ ਪੁਰਾਣੇ ਵਾਕਫ ਲੇਖਕ ਸਨ। ਸ਼ੇਰ ਜੰਗ ਜਾਂਗਲੀ ਸ਼ਿਵ ਚਰਨ ਗਿੱਲ, ਅਵਤਾਰ ਉੱਪਲ, ਸਵਰਨ ਚੰਦਨ ਤੇ ਡਾ. ਦਵਿੰਦਰ ਕੌਰ। ਦੇਰ ਰਾਤ ਤੀਕ ਮਹਿਫਿਲ ਚਲਦੀ ਰਹੀ। ਰਾਤ ਮੈਂ ਅਵਤਾਰ ਦੇ ਘਰ ਹੀ ਰਿਹਾ ਤੇ ਬਾਕੀ ਦੇ ਮਿੱਤਰ ਆਪੋ-ਆਪਣੇ ਘਰਾਂ ਨੂੰ ਪਰਤ ਗਏ। ਮਹਿਫਿਲ ਖ਼ੂਬ ਰਹੀ।

ਸਵੇਰੇ ਮੈਨੂੰ ਸਵੱਖਤੇ ਉੱਠਣ ਤੇ ਪੜ੍ਹਨ ਦੀ ਆਦਤ ਹੈ। ਮੇਰੀ ਅੱਖ ਖੁੱਲ੍ਹ ਗਈ, ਪਰ ਨਵੀਂ ਥਾਂ ਹੋਣ ਕਰਕੇ ਮੈਨੂੰ ਪਤਾ ਨਾ ਲੱਗੇ ਕਿ ਕੀ ਕਰਾਂ, ਕਿਸ ਨੂੰ ਜਗਾਵਾਂ ਤੇ ਕੀ ਪੜ੍ਹਾਂ? ਅਖੀਰ ਮੈਂ ਅਵਤਾਰ ਨੂੰ ਆਵਾਜ਼ ਮਾਰੀ। ਉਹ ਆਖਣ ਲੱਗਾ, "ਮੈਂ ਉੱਠ ਕੇ ਤੇਰੇ ਲਈ ਚਾਹ ਬਣਾਉਂਦਾ ਹਾਂ।" ਮੈਂ ਕਿਹਾ, "ਤੇਰੀ ਘਰਵਾਲੀ ਨਹੀਂ ਉੱਠਦੀ ਐਸ ਵੇਲੇ।"

ਕਹਿਣ ਲੱਗਾ, "ਉੱਠੀ ਹੋਈ ਹੈ ਪਰ ਆਪਣੇ ਕਮਰੇ ਵਿਚ ਬੈਠੀ ਪਾਠ ਕਰ ਰਹੀ ਹੈ।" ਮੈਂ ਬਣਾਉਂਦਾ ਹਾਂ ਚਾਹ ਤੇਰੇ ਲਈ, "ਪਰ ਤੇਰਾ ਪੜ੍ਹਨ ਲਿਖਣ ਵਾਲਾ ਕਮਰਾ, ਤੇਰੀਆਂ ਕਿਤਾਬਾਂ ਕਿੱਥੇ ਹਨ।"

ਮੈਂ ਦੁਬਿਧਾ ਵਿਚ ਪਿਆ, ਪ੍ਰੇਸ਼ਾਨ ਹੋ ਗਿਆ ਪਰ ਕੀ ਕਰ ਸਕਦਾ ਸੀ। ਓਪਰੀ ਥਾਂ, ਓਪਰਾ ਮਾਹੌਲ, ਅਖੀਰ ਅਵਤਾਰ ਉੱਠਿਆ ਤੇ ਚਾਹ ਦਾ ਪਿਆਲਾ ਬਣਾ ਕੇ ਲਿਆਇਆ। ਚਾਰੇ ਪਾਸੇ ਨਜ਼ਰ ਮਾਰਦਿਆਂ ਮੇਰੀ ਨਜ਼ਰ ਪੌੜੀਆਂ ਵਿਚ ਲੱਗੀ ਸੰਤ ਭਿੰਡਰਾਂ ਵਾਲੇ ਦੀ ਤਸਵੀਰ ਉੱਤੇ ਪਈ। ਵੇਖ ਕੇ ਮੈਂ ਹੈਰਾਨ ਹੋਇਆ। ਉਨ੍ਹਾਂ ਦਿਨਾਂ ਵਿਚ ਅਰਥਾਤ 1993 ਦੇ ਅੱਧ ਤੀਕ ਪੰਜਾਬ ਵਿਚ ਅੱਤਵਾਦੀ ਸਰਗਰਮੀਆਂ ਕੁਝ ਕੁਝ ਠੰਡੀਆਂ ਪੈ ਚੁੱਕੀਆਂ ਸਨ। ਤਸਵੀਰ ਵੇਖ ਮੈਂ ਅਵਤਾਰ ਨੂੰ ਪੁੱਛਿਆ। ਕਹਿਣ ਲੱਗਾ ;

"ਮੇਰੀ ਘਰਵਾਲੀ ਇਸ ਤਸਵੀਰ ਪ੍ਰਤੀ ਬੜੀ ਸ਼ਰਧਾ ਰੱਖਦੀ ਹੈ।" ਸੁਣ ਕੇ ਮੇਰੇ ਮਨ ਵਿਚ ਕਈ ਪ੍ਰਸ਼ਨ ਉੱਠੇ ਪਰ ਮੈਂ ਚੁੱਪ ਕਰ ਰਿਹਾ।

ਸਵੇਰੇ ਤਿਆਰ ਹੋਣ ਤੋਂ ਬਾਅਦ ਆਖਣ ਲੱਗਾ, "ਤੂੰ ਇਥੇ ਲੰਡਨ ਵਿਚ ਕਿਹੜੀ ਕਿਹੜੀ ਜਗ੍ਹਾ ਵੇਖਣੀ ਚਾਹੁੰਦਾ ਹੈਂ?"

ਮੈਂ ਆਖਿਆ, "ਇਹ ਫੈਸਲਾ ਤੂੰ ਹੀ ਕਰ ਸਕਦਾ ਹੈਂ। ਮੈਂ ਇਸ ਬਾਰੇ ਬਿਲਕੁਲ ਕੋਰਾ ਹਾਂ।" ਉਹ ਮੈਨੂੰ ਟਰੱਕ ਵਰਗੀ ਆਪਣੀ ਕਾਰ ਵਿਚ ਬਿਠਾ ਲੰਡਨ ਦੀਆਂ ਕੁਝ ਚੋਣਵੀਆਂ ਥਾਵਾਂ ਵਿਖਾਉਣ ਲਈ ਲੈ ਤੁਰਿਆ। ਉਹ ਲੰਡਨ ਦੀ ਹਰ ਗਲੀ, ਮੋੜ ਤੇ ਚੌਂਕ ਤੋਂ ਭਲੀਭਾਂਤ ਵਾਕਿਫ ਸੀ। ਉਸ ਦੀ ਅੱਖ ਬਾਜ਼ ਵਾਂਗ ਹਰ ਦ੍ਰਿਸ਼ ਨੂੰ ਪਛਾਣਦੀ ਸੀ। ਉਸ ਨੇ ਕਿਸੇ ਪਾਸੇ ਮੁੜਨ ਲਈ ਕਿਸੇ ਗਾਈਡ-ਬੁੱਕ ਦੀ ਸਹਾਇਤਾ ਨਹੀਂ ਲਈ। ਰੋਜ਼ ਇਨ੍ਹਾਂ ਗਲੀਆਂ, ਬਾਜ਼ਾਰਾਂ ਤੇ ਦੁਕਾਨਾਂ ਨਾਲ ਮੱਥਾ ਮਾਰਨਾ ਉਸ ਦਾ ਧੰਦਾ ਸੀ।

ਅਖੀਰ ਉਹ ਮੈਨੂੰ ਕਾਰਲ ਮਾਰਕਸ ਦੀ ਕਬਰ ਵਿਖਾਉਣ ਲੈ ਗਿਆ। ਜੀ ਕਰੇ, ਇੱਕ ਅੱਧੀ ਤਸਵੀਰ ਹੀ ਖਿੱਚਾ ਲਈਏ। ਪਰ ਕੈਮਰਾ ਨਾ ਹੋਣ ਕਾਰਨ ਅਸੀਂ ਬੇਬੱਸ ਸੀ, ਨਿਰਾਸ਼ ਅਸੀਂ ਬਾਹਰ ਆ ਗਏ। "ਇਸ ਮਕਾਨ ਵਿਚ ਕਦੇ ਫਰੈਡਰਿਕ ਏਂਗਲਜ਼ ਰਹਿੰਦਾ ਰਿਹਾ ਹੈ।" ਉਸ ਨੇ ਇਕ ਮਕਾਨ ਦੇ ਬਾਹਰਲੇ ਬੂਹੇ ਲਾਗੇ ਲੱਗੀ ਇਕ ਸੁਨਹਿਰੀ ਪਲੇਟ ਵੱਲ ਇਸ਼ਾਰਾ ਕੀਤਾ।



ਇੱਕ ਹੋਰ ਮੋੜ ਮੁੜਕੇ ਉਹਨੇ ਇਕ ਹੋਰ ਮਕਾਨ ਦੇ ਦਰਵਾਜ਼ੇ ਉੱਤੇ ਲੱਗੀ ਪਲੇਟ ਵਿਖਾਉਂਦੇ ਹੋਏ ਆਖਿਆ, "ਏਥੇ ਕਦੇ ਟੈਗੋਰ ਰਹਿੰਦਾ ਰਿਹਾ ਹੈ।" ਪਰ ਮੈਨੂੰ ਇਨ੍ਹਾਂ ਰਸਮੀਂ ਜੇਹੀਆਂ ਪਲੇਟਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਮੈਂ ਆਖਿਆ, "ਅਵਤਾਰ ਚੰਗਾ ਸੀ ਆਪਾਂ ਨੈਸ਼ਨਲ ਮਿਊਜ਼ਿਮ ਜਾਂ ਨੈਸ਼ਨਲ ਆਰਟ-ਗੈਲਰੀ ਵੇਖਦੇ।"

ਕਹਿਣ ਲੱਗਾ, "ਉਥੇ ਪਹੁੰਚਣ ਲਈ ਪਹਿਲਾਂ ਗੱਡੀ ਪਾਰਕ ਕਰਨੀ ਪੈਂਦੀ ਹੈ, ਲਾਗੇ-ਚਾਗੇ ਖਾਲੀ ਥਾਂ ਨਹੀਂ ਹੁੰਦੀ।"

ਮੈਂ ਤੱਕਿਆ ਤੇ ਅਨੁਭਵ ਕੀਤਾ ਕਿ ਅਵਤਾਰ ਦੀ ਸਿਹਤ ਕਾਇਮ ਸੀ, ਪਰ ਉਹ ਕਵਿਤਾ ਦੀ ਸਿਰਜਣਾ ਦੀ ਗੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਸੀ ਲੈ ਰਿਹਾ। ਮੈਂ ਆਪਣੇ ਦੋ ਸੱਜਰੇ ਛਪੇ ਕਾਵਿ-ਸੰਗ੍ਰਹਿ, "ਸਤਲੁਜ ਦਾ ਸਿਰਨਾਵਾਂ' ਤੇ 'ਉਦਾਸ ਹੋਈ ਕਵਿਤਾ' ਉਸ ਨੂੰ ਭੇਂਟ ਕੀਤੇ। ਪਰ ਮੈਂ ਵੇਖਿਆ ਕਿ ਉਸ ਨੂੰ ਪੁਸਤਕਾਂ ਨਾਲੋਂ ਪੌਂਡਾਂ ਵਿਚ ਵਧੇਰੇ ਦਿਲਚਸਪੀ ਸੀ। ਸੋਚਿਆ ਕਦੇ ਇਸ ਮਿੱਤਰ ਨੇ, "ਮੇਰੇ ਪਰਤ ਆਉਣ ਤੱਕ (1983) ਵਿਚਲੀ ਸ਼ਾਇਰੀ ਕਿਵੇਂ ਕੀਤੀ ਹੋਵੇਗੀ। ਲੱਗਦਾ ਸੀ, ਉਸ ਦੇ ਜੀਵਨ ਵਿਚੋਂ ਕਵਿਤਾ ਜਿਵੇਂ ਖਾਰਜ ਹੋ ਚੁੱਕੀ ਹੋਵੇ।

ਇਨ੍ਹਾਂ ਹੀ ਦਿਨਾਂ ਵਿਚ ਇਕ ਦੋ ਕਵੀ-ਦਰਬਾਰਾਂ ਵਿਚ ਮੈਂ ਉਸ ਦੇ ਮੂੰਹੋਂ ਜੋ ਕਵਿਤਾਵਾਂ ਸੁਣੀਆਂ, ਉਨ੍ਹਾਂ ਨੇ ਮੈਨੂੰ ਡਾਢਾ ਨਿਰਾਸ਼ ਕੀਤਾ। ਇਕ ਕਵੀ-ਦਰਬਾਰ ਵਿਚ ਉਸ ਨੇ ਯੂਰਪ ਦੇ ਸਾਬਕਾ ਸਮਾਜਵਾਦੀ ਦੇਸ਼ਾਂ ਤੇ ਸੋਵੀਅਤ ਰੂਸ ਵਿਚ ਸਮਾਜਵਾਦ ਦੇ ਵਿਗਠਨ ਦੇ ਸਿੱਟੇ ਵਜੋਂ ਕਮਿਊਨਿਸਟ ਲਹਿਰ ਨੂੰ ਵੱਜੀਆਂ ਪਛਾੜਾਂ ਦੇ ਪ੍ਰਸੰਗ ਵਿਚ ਸਾਰੇ ਵਰਤਾਰੇ ਦਾ ਮਾਖੌਲ ਉਡਾਇਆ ਹੋਇਆ ਸੀ।

ਦੂਸਰੀ ਇਕ ਹੋਰ ਕਵਿਤਾ ਵਿਚ ਉਸ ਨੇ ਯੂ. ਕੇ. ਦੇ ਬੁੱਢੇ ਹੋ ਗਏ ਕਮਿਊਨਿਸਟ ਵਰਕਰਾਂ ਤੇ ਆਗੂਆਂ ਦਾ ਮਖੌਲ ਉਡਾਇਆ ਸੀ। ਉਸ ਕੋਲ ਹੋਰ ਵੀ ਚੰਗੀਆਂ ਕਵਿਤਾਵਾਂ ਸਨ ਜੋ ਦਾਦ ਦੇ ਕਾਬਿਲ ਸਨ, ਪਰ ਉਹ ਜਿਵੇਂ ਜਾਣ-ਬੁੱਝ ਕੇ ਇਹੋ ਜੇਹੀਆਂ ਕਵਿਤਾਵਾਂ ਸੁਣਾ ਰਿਹਾ ਸੀ। ਫਿਰ ਸਿਤਮ ਇਹ ਕਿ ਉਸ ਨੇ ਇਹ ਕਵਿਤਾਵਾਂ ਆਪਣੇ ਬਾਅਦ ਵਿਚ ਛਪੇ ਨਵੇਂ ਕਾਵਿ-ਸੰਗ੍ਰਹਿ "ਅਸੀਂ ਕਾਲੇ ਲੋਕ-ਸਦੀਂਦੇ" (2002) ਵਿਚ ਸ਼ਾਮਿਲ ਨਹੀਂ ਸੀ ਕੀਤੀਆਂ। ਅਜਿਹੀਆਂ ਕਵਿਤਾਵਾਂ ਉਸ ਦੇ ਮੂੰਹੋਂ ਸੁਣ ਕੇ ਮੈਨੂੰ ਹੁਣ ਉਸ ਦੀ ਸੰਗਤ ਜਾਂ ਮਹਿਫਿਲ ਮਾਨਣ ਵਿਚ ਕੋਈ ਦਿਲਚਸਪੀ ਨਹੀਂ ਸੀ ਰਹਿ ਗਈ। ਮੇਰੇ ਉਥੇ ਮਿਲਦੇ ਸਾਰੇ ਹੀ ਮਿੱਤਰ ਤੇ ਸ਼ੁੱਭ-ਚਿੰਤਕ ਕਮਿਊਨਿਸਟ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਸਨ। ਮੈਂ ਸੋਚ ਰਿਹਾ ਸੀ ਕਿ ਹੁਣ ਏਥੇ ਤੀਹ ਸਾਲ ਬਤੀਤ ਕਰਕੇ ਉਸ ਦੀ ਪੌਂਡਾਂ ਦੀ ਲਾਲਸਾ ਜਾਂ ਲੋੜ ਤ੍ਰਿਪਤ ਹੋ ਗਈ ਹੋਵੇਗੀ, ਪਰ ਮੈਂ ਅਨੁਭਵ ਕਰ ਲਿਆ ਕਿ ਜਿੱਥੇ ਉਸ ਨੂੰ ਨਵੀਆਂ ਕਵਿਤਾਵਾਂ ਲਿਖਣ ਵਿਚ ਕੋਈ ਖਾਸ ਦਿਲਚਸਪੀ ਨਹੀਂ ਸੀ ਰਹਿ ਗਈ, ਉਥੇ ਉਸ ਦੀ ਕਾਵਿ-ਦ੍ਰਿਸ਼ਟੀ ਵਿਚ ਵੀ ਫੇਰ-ਬਦਲਾਵ ਆ ਚੁੱਕਾ ਸੀ।

ਉਸ ਬਾਰੇ ਅਜਿਹੀਆਂ ਗੱਲਾਂ ਸੋਚਦੇ ਮੈਨੂੰ ਉਸ ਦੇ ਅੱਜ ਤੋਂ ਦਹਾਕਾ ਪਹਿਲਾਂ ਛਪੇ ਕਾਵਿ-ਸੰਗ੍ਰਹਿ "ਮੇਰੇ ਪਰਤ ਆਉਣ ਤੱਕ" (1983) ਦੀ ਉਤਮ ਭਾਂਤ ਦੀ ਸ਼ਾਇਰੀ ਬਾਰ-ਬਾਰ ਯਾਦ ਆ ਰਹੀ ਸੀ। ਉਸ ਸੰਗ੍ਰਹਿ ਵਿਚ ਛਪੀ ਉਸ ਦੀ ਲੰਮੀ ਨਜ਼ਮ, 'ਮੇਰੇ ਪਰਤ ਆਉਣ ਤੱਕ' ਅੱਜ ਵੀ ਪ੍ਰਵਾਸੀ ਅਨੁਭਵਾਂ ਨੂੰ ਪ੍ਰਗਟ ਕਰਦੀ ਹੋਈ, ਸਮੁੱਚੀ ਪ੍ਰਵਾਸੀ ਕਵਿਤਾ ਖੇਤਰ ਦੀ ਸਿਖਰ ਮੰਨੀ ਜਾਂਦੀ ਹੈ। ਅਜਿਹੀ ਕਵਿਤਾ ਲਿਖਣ ਵਾਲਾ ਕਵੀ- ਸਾਹਿਤ ਰਚਨਾ ਤੋਂ ਹੀ ਬਦਜ਼ਨ ਹੋ ਜਾਵੇ, ਇਹ ਸੋਚ ਕੇ ਹੈਰਾਨੀ ਤੇ ਦੁੱਖ ਅਨੁਭਵ ਹੋ ਰਿਹਾ ਸੀ। ਮੈਂ ਭਾਵੇਂ ਚਾਰ ਮਹੀਨੇ ਤੀਕ ਯੂ. ਕੇ. ਰਿਹਾ, ਪਰ ਦੁਬਾਰਾ ਅਵਤਾਰ ਨੂੰ ਮਿਲਣ ਤੇ ਗਿਆਨ-ਗੋਸ਼ਟ ਕਰਨ ਦੀ ਕੋਈ ਤਾਂਘ ਨਾ ਰਹੀ। ਕਿਉਂਕਿ ਮੇਰੇ ਵਾਕਫ ਸਾਰੇ ਹੀ ਮਿੱਤਰ ਤੇ ਦੋਸਤ ਕਵੀ ਉਹ ਸਨ, ਜੋ ਅੱਤਵਾਦ ਦੇ ਇਸ ਲੰਘੇ ਦਹਾਕੇ ਵਿਚ ਉਸ ਲਹਿਰ ਦੇ ਵਿਰੁੱਧ ਨਿਧੜਕ ਹੋ ਕੇ ਜੂਝਦੇ ਰਹੇ

ਸਨ ਤੇ ਅਵਤਾਰ ਇਸ ਅੱਤਵਾਦੀ ਅੰਦੋਲਨ ਪ੍ਰਤੀ ਨਰਮ-ਗੋਸ਼ਾ ਰੱਖਣ ਵਾਲਿਆਂ ਵਿਚੋਂ ਪ੍ਰਤੀਤ ਹੋ ਰਿਹਾ ਸੀ। ਪੌੜ ੀਆਂ ਵਿਚ ਲੱਗੀ ਵੱਡੀ ਤਸਵੀਰ ਵੀ ਇਹੀ ਦੱਸ ਰਹੀ ਸੀ।

ਬਾਅਦ ਦੇ ਵਰ੍ਹਿਆਂ ਵਿਚ ਉਸ ਦਾ ਨਵਾਂ ਕਾਵਿ-ਸੰਗ੍ਰਹਿ "ਅਸੀਂ ਕਾਲੇ ਲੋਕ-ਸਦੀਂਦੇ" (2002) ਛਪਕੇ ਆਇਆ ਜਿਸ ਵਿਚ ਉਸ ਨੇ ਨਸਲਵਾਦੀ ਵਿਤਕਰੇ ਨੂੰ ਆਧਾਰ ਬਣਾ ਕੇ ਕੁਝ ਨਵੀਆਂ ਕਵਿਤਾਵਾਂ ਲਿਖੀਆਂ। ਪਰ ਇਹ ਸੰਗ੍ਰਹਿ ਅਜਿਹਾ ਨਹੀਂ ਸੀ ਜੋ ਪਹਿਲੇ ਸੰਗ੍ਰਹਿ ਤੋਂ ਪਾਰ ਜਾਣ ਦੇ ਸਮਰੱਥ ਹੋਵੇ। ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉਸ ਦੀ ਸਿਰਜਣ ਪ੍ਰਕਿਰਿਆ ਦੀ ਨਿਰੰਤਰਤਾ ਵਿਚ ਲੰਮੇ ਖੱਪੇ ਹਨ। ਪਹਿਲਾ ਸੰਗ੍ਰਹਿ 1961 ਵਿਚ ਛਪਿਆ ਸੀ। ਉਸ ਤੋਂ ਬਾਅਦ ਯੂ. ਕੇ. ਚਲੇ ਜਾਣ ਪਿਛੋਂ ਦੇ 22 ਸਾਲ ਪਿਛੋਂ ਦੂਜਾ ਕਾਵਿ-ਸੰਗ੍ਰਹਿ 1983 ਵਿਚ ਛਪਦਾ ਹੈ, ਇੰਝ ਹੀ ਉਸ ਦਾ ਤੀਸਰਾ ਕਾਵਿ-ਸੰਗ੍ਰਹਿ 19 ਸਾਲਾਂ ਬਾਅਦ 2002 ਵਿਚ ਛਪਦਾ ਹੈ। ਇਸ ਤੋਂ ਪਿਛੋਂ 2002 ਤੋਂ ਉਸ ਦੀ ਮੌਤ ਤੀਕ 10 ਸਾਲਾਂ ਵਿਚ ਉਸਦੀ ਕੋਈ ਨਵੀਂ ਕਵਿਤਾ ਛਪਕੇ ਬਾਹਰ ਨਹੀਂ ਆਉਂਦੀ। ਸੰਭਵ ਹੈ ਇਨ੍ਹਾਂ ਵਰ੍ਹਿਆਂ ਵਿਚ ਉਸ ਨੇ ਕੁਝ ਹੋਰ ਕਵਿਤਾਵਾਂ ਵੀ ਲਿਖੀਆਂ ਹੋਣ, ਜਿਨ੍ਹਾਂ ਦੀ ਸਾਨੂੰ ਉਡੀਕ ਰਹੇਗੀ।

'ਹੁਣ' ਪਤ੍ਰਿਕਾ ਉਹ 2005 ਦੇ ਅਖੀਰ ਵਿਚ ਆਰੰਭ ਕਰਦਾ ਹੈ। 'ਚੇਤਨਾ' ਪੱਤ੍ਰਿਕਾ ਤੋਂ ਬਾਅਦ ਵੱਖਰੀ ਤਰ੍ਹਾਂ ਦੀ ਆਰੰਭ ਕੀਤੀ ਇਹ ਪੱਤ੍ਰਿਕਾ ਤੁਰੰਤ ਲੇਖਕਾਂ ਤੇ ਪਾਠਕਾਂ ਦਾ ਧਿਆਨ ਖਿੱਚਦੀ ਹੈ। ਇਸ ਵਿਚ ਹਰ ਚਾਰ ਮਹੀਨੇ ਬਾਅਦ ਉਹ ਇਕ ਵਿਸ਼ਵ ਕਵੀ ਦੀਆਂ ਅੰਗਰੇਜ਼ੀ ਕਵਿਤਾਵਾਂ ਚੁਣ ਕੇ ਪਰਚੇ ਵਿਚ ਛਾਪਦਾ ਸੀ। ਅਸਲ ਵਿਚ ਅਵਤਾਰ ਸਿਰਜਣਾਤਮਿਕ ਕੰਮ ਟੁਟਵੇਂ ਰੂਪ ਵਿਚ ਹੀ ਕਰਵਾ ਰਿਹਾ ਹੈ। ਇਸ ਨਿਰੰਤਰਤਾ ਦੀ ਘਾਟ ਦਾ ਕੀ ਕਾਰਨ ਸੀ, ਇਹ ਗੱਲ ਇੰਗਲੈਂਡ ਵੱਸਦੇ, ਉਸ ਦੇ ਸਮਕਾਲੀ ਲੇਖਕ ਹੀ ਦੱਸ ਸਕਦੇ ਹਨ। ਐਪਰ ਫਿਰ ਵੀ ਪੰਜਾਬੀ ਕਵਿਤਾ ਵਿਚ ਉਸ ਦਾ ਸਤਿਕਾਰਤ ਸਥਾਨ ਕਾਇਮ ਰਹੇਗਾ। ਵਿਸ਼ੇਸ਼ ਤੌਰ ਤੇ ਉਸ ਦੀ ਲੰਮੀ ਕਵਿਤਾ "ਮੇਰੇ ਪਰਤ ਆਉਣ ਤੱਕ" ਪ੍ਰਵਾਸੀ ਅਨੁਭਵਾਂ ਸਬੰਧੀ ਇਕ ਸ਼ਾਹਕਾਰ ਰਚਨਾ ਹੈ, ਜਿਸ ਵਿਚ ਉਸ ਨੇ ਕਾਵਿ-ਸ਼ਿਲਪ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਪਰ ਉਸ ਨੇ ਬਾਅਦ ਵਿਚ ਆਪਣੀ ਪ੍ਰਤਿਭਾ ਨੂੰ ਤਨਦੇਹੀ ਤੇ ਲਗਨ ਨਾਲ ਨਹੀਂ ਵਰਤਿਆ।

ਉਸ ਦਾ ਸੁਪਨਾ 'ਹੁਣ' ਦਾ ਸੀ, ਅੱਜ ਦਾ, ਹੁਣ ਦਾ ਫਿਕਰ ਕਰੀਏ। ਅੱਗਾ ਕਿਹਨੇ ਵੇਖਿਆ ਹੈ ਪਰ ਲੇਖਕ ਨੇ ਹੁਣ ਤੋਂ ਪਾਰ ਵੀ ਵੇਖਣਾ ਹੁੰਦਾ ਹੈ। ਪਾਠਕਾਂ, ਸਰੋਤਿਆਂ ਤੇ ਦਰਸ਼ਕਾਂ ਦੇ ਹਿਰਦਿਆਂ ਵਿਚ ਸੁਹਾਣੇ ਭਵਿੱਖ ਦੇ ਸੁਪਨੇ ਧੜਕਾਉਣੇ ਹੁੰਦੇ ਹਨ। ਉਸ ਨੇ ਜਿੱਥੇ ਵਰਤਮਾਨ ਨੂੰ ਘੋਖਣਾ ਤੇ ਪੇਸ਼ ਕਰਨਾ ਹੈ, ਉਥੇ ਬਿਹਤਰ ਸੰਸਾਰ ਦੀ ਕਲਪਣਾ ਵੀ ਕਰਨੀ ਹੈ, ਹਰ ਮਨੁੱਖ, ਹਰ ਸਮੇਂ ਚੰਗੇ ਤੋਂ ਚੰਗੇਰੇ ਸਮੇਂ ਦੀ ਉਡੀਕ ਤੇ ਤਮੰਨਾ ਕਰਦਾ ਹੈ। ਉਹ ਆਸਾਂ ਦੇ ਆਸਰੇ ਜੀਉਂਦਾ ਹੈ। ਕਦੇ ਉਸ ਨੇ ਆਪਣੀ ਸੁਪ੍ਰਸਿੱਧ ਨਜ਼ਮ 'ਮੇਰੇ ਪਰਤ ਆਉਣ ਤੱਕ' ਵਿਚ ਲਿਖਿਆ ਸੀ।

ਹਾਣੀਓਂ, ਮੇਰੇ ਪਰਤ ਆਉਣ ਤੱਕ ਹੋਇਓ
ਨਿਆਈਂ ਵਾਲੇ ਅਖਾੜੇ ਦੀ ਰੌਣਕ ਵਧਾਉਣੀ ਹੈ
ਮੇਰੇ ਅੰਦਰ ਢੇਰਾਂ ਦੇ ਢੇਰ ਗੱਲਾਂ ਹਨ
ਜਿਨ੍ਹਾਂ ਦੀ ਚਾਨਣੀ ਰਾਤ ਵਿਚ ਗੱਲ ਚਲਾਉਣੀ ਹੈ।

ਅਸੀਂ ਉਸ ਦੇ ਨੌਂ-ਬਰ-ਨੌਂ ਹੋਣ ਦੀ ਉਡੀਕ ਕਰਦੇ ਰਹੇ ਤੇ ਉਹ ਕਿੰਨਾ ਕੁਝ ਅਣਕਿਹਾ ਛੱਡ ਸਦੀਵੀ ਨੀਂਦ ਸੌਂ ਗਿਆ। ਉਸ ਦੇ ਅਣਕਹੇ ਨੂੰ ਹੁਣ ਕੌਣ ਸ਼ਬਦ ਦੇਵੇਗਾ?

ਸ਼ਾਇਦ 'ਹੁਣ' ਪੱਤ੍ਰਿਕਾ ਇਹ ਕੁਝ ਕਰ ਸਕੇ? ਕਹਿ ਨਹੀਂ ਸਕੀਦਾ। •

(ਨਵੰਬਰ 2012)





# ਸਿਤਾਰਿਆਂ ਦੀ ਸੱਥ

- ਪ੍ਰੇਮ ਸਿੰਘ (ਡਾ.)

ਹਰਭਜਨ ਸਿੰਘ ਹੁੰਦਲ ਦੀ ਪੁਸਤਕ 'ਸਿਤਾਰਿਆਂ ਦੀ ਸੱਥ' ਸਭਨਾਂ ਅਰਥਾਂ ਵਿਚ ਇਕ ਅਸਾਧਾਰਨ ਲੇਖ ਸੰਗ੍ਰਹਿ ਹੈ। ਇਹ ਲੇਖ ਸੰਸਾਰ ਪ੍ਰਸਿੱਧ ਲੇਖਕਾਂ, ਕਲਾਕਾਰਾਂ, ਸਿਆਸੀ ਸ਼ਖ਼ਸੀਅਤਾਂ, ਰਾਜਸੀ ਵਰਕਰਾਂ ਤੇ ਉਸਦੇ ਜਾਤੀ ਦੋਸਤਾਂ ਬਾਰੇ ਹਨ। ਇਨ੍ਹਾਂ ਵਿਚ ਲੇਖਕ ਨੇ ਬਹੁਤ ਸਾਰੀ ਅਜਿਹੀ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ, ਜਿਹੜੀ ਆਮ ਤੌਰ ਉੱਤੇ ਪੰਜਾਬੀ ਪਾਠਕਾਂ ਤੱਕ ਨਹੀਂ ਪੁੱਜੀ ਹੁੰਦੀ। ਉਸ ਨੇ ਕੋਈ ਵੀ ਸੋਮਾ ਫੋਲਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਲੋੜ ਵਾਲੀ ਥਾਂ ਉੱਤੇ ਲੇਖਾਂ ਦੇ ਅਖ਼ੀਰ ਉੱਤੇ ਸਹਾਇਕ ਪੁਸਤਕਾਂ ਦੀ ਸੂਚੀ ਵੀ ਦਿੱਤੀ ਹੈ ਤਾਂ ਜੋ ਪਾਠਕ ਆਪਣੀ ਆਜ਼ਾਦ ਰਾਇ ਬਣਾ ਸਕੇ। ਜੋ ਕੁਝ ਇਹਨਾਂ ਟਿੱਪਣੀਆਂ ਨੂੰ ਵਧੇਰੇ ਅਰਥ ਭਰਪੂਰ ਬਣਾਉਂਦਾ ਹੈ, ਉਹ ਉਨ੍ਹਾਂ ਹਾਲਾਤ ਦਾ ਵਰਨਣ ਹੈ ਜਿਨ੍ਹਾਂ ਵਿਚ ਇਹ ਸ਼ਖ਼ਸੀਅਤਾਂ ਵਿਚਰੀਆਂ ਅਤੇ ਕਰਮਸ਼ੀਲ ਰਹੀਆਂ।

ਪ੍ਰਸਿੱਧੀ ਰੂਸੀ ਲੇਖਕ ਮੈਕਸਮ ਗੋਰਕੀ ਨੂੰ 'ਨਵੇਂ ਪ੍ਰਸੰਗ' ਵਿਚ ਪੇਸ਼ ਕਰਦਿਆਂ ਹੁੰਦਲ ਨੇ ਆਪਣੇ ਵਿਦਿਆਰਥੀ ਜੀਵਨ ਸਮੇਂ ਉਸ ਦਾ ਨਾਵਲ 'ਮਾਂ' ਪੜ੍ਹਨ ਨਾਲ ਪਏ ਪ੍ਰਭਾਵ ਦਾ ਜ਼ਿਕਰ ਕੀਤਾ ਹੈ, ਜਿਸਨੇ ਉਸਨੂੰ ਵਰਗ ਚੇਤਨਾ ਦਾ ਅਹਿਸਾਸ ਕਰਾਇਆ। ਗੋਰਕੀ ਨੇ ਆਲੋਚਨਾਤਮਿਕ ਯਥਾਰਥਵਾਦ ਦੀ ਥਾਂ ਜੋ ਉਸ ਸਮੇਂ ਤੱਕ ਸਾਹਿਤ ਦਾ ਇਕ ਸਰਬ ਪ੍ਰਵਾਨਿਤ ਮਾਪ-ਦੰਡ ਮੰਨਿਆ ਜਾਂਦਾ ਸੀ, ਸਮਾਜਵਾਦੀ ਯਥਾਰਥਵਾਦ ਦੇ ਸਿਧਾਂਤ ਨੂੰ ਪੇਸ਼ ਕੀਤਾ ਤੇ ਆਪਣੀਆਂ ਕਿਰਤਾਂ ਰਾਹੀਂ ਪ੍ਰਮਾਣਿਤ ਕੀਤਾ। ਉਹ ਸਮਾਜ ਦੇ ਹੇਠਲੇ ਤਬਕੇ ਵਿਚ ਪੈਦਾ ਹੋਣ ਤੇ ਕੇਵਲ ਤਿੰਨ ਸਾਲ ਸਕੂਲ ਵਿਚ ਪੜ੍ਹ ਸਕਣ ਦੇ ਬਾਵਜੂਦ ਆਪਣੀ ਮਿਹਨਤ, ਲਗਨ ਤੇ ਸਿਰੜ ਦੇ ਸਹਾਰੇ ਲੇਖਕ ਤੇ ਮਹਾਨ ਦਾਨਿਸ਼ਵਰ ਬਣ ਸਕਿਆ। ਤਰ੍ਹਾਂ-ਤਰ੍ਹਾਂ ਦੇ ਕੰਮ ਧੰਦੇ ਕਰਕੇ ਉਦਰ-ਪੂਰਤੀ ਕਰਦਿਆਂ ਉਸਦਾ ਜੀਵਨ ਅਨੁਭਵ ਡੂੰਘਾ ਤੇ ਵਿਸ਼ਾਲ ਹੋਇਆ। ਇਸ ਤਰ੍ਹਾਂ ਦੇ ਕੰਮਕਾਰ ਹੀ ਉਸ ਦੀਆਂ ਯੂਨੀਵਰਸਿਟੀਆਂ ਸਨ। ਬਾਕਾਇਦਾ ਵਿਦਿਆ ਦੀ ਘਾਟ ਉਸਨੇ ਢੇਰ ਕਿਤਾਬਾਂ ਪੜ੍ਹ ਕੇ ਪੂਰੀ ਕੀਤੀ। ਰੂਸੀ ਸਾਹਿਤ ਦੇ ਮਹਾਨ ਲੇਖਕਾਂ ਚਰਨਾਈਸ਼ਵਸਕੀ, ਗੋਗੋਲ, ਟਾਲਸਟਾਏ, ਤੁਰਗਨੇਵ ਤੇ ਦਾਸਤੋਵਸਕੀ ਤੋਂ ਉਪਰੰਤ ਉਸਨੇ ਮਾਰਕਸ ਦੇ ਏਂਗਲਜ਼ ਨੂੰ ਪੜ੍ਹਿਆ ਜਿਸਨੇ ਉਸਨੂੰ ਖੱਬੇ-ਪੱਖੀਆਂ ਨਾਲ ਜੋੜ ਦਿੱਤਾ। ਕਮਿਊਨਿਸਟ ਪਾਰਟੀ ਵਿਚ ਉਸਦੀ ਸਰਗਰਮੀ ਦਾ ਅਨੁਮਾਨ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਉਸਨੇ ਪਾਰਟੀ ਦੀ ਪੰਜਵੀਂ ਕਾਂਗਰਸ ਵਿਚ, ਜਿਹੜੀ ਗੁਪਤਵਾਸ ਹਾਲਾਤ ਵਿਚ ਲੰਡਨ ਵਿਚ ਹੋਈ, ਇਕ ਡੈਲੀਗੇਟ ਵਜੋਂ ਹਿੱਸਾ ਲਿਆ। ਇਥੇ ਹੀ ਉਸਦੀ ਮੁਲਾਕਾਤ ਰੂਸੀ ਇਨਕਲਾਬ ਦੇ ਪ੍ਰਮੁੱਖ ਆਗੂ ਲੈਨਿਨ ਨਾਲ ਹੋਈ। ਹੁੰਦਲ ਅਨੁਸਾਰ ਫਰਵਰੀ 1917 ਦੇ ਜਮਹੂਰੀ ਇਨਕਲਾਬ ਤੋਂ ਬਾਅਦ ਜਦੋਂ ਲੈਨਿਨ ਨੇ ਸਮਾਜਵਾਦੀ ਇਨਕਲਾਬ ਦਾ ਨਾਅਰਾ ਦਿੱਤਾ ਤਾਂ ਗੋਰਕੀ ਸਮੇਤ ਵੱਡੀ ਗਿਣਤੀ ਵਿਚ ਚਿੰਤਕਾਂ, ਲੇਖਕਾਂ ਤੇ ਕਲਾਕਾਰਾਂ ਨੂੰ ਇਸ ਸਥਿਤੀ ਦੀ ਸਮਝ ਨਾ ਆਈ ਤੇ ਉਨ੍ਹਾਂ ਵਿਚੋਂ ਬਹੁਤੇ ਦੇਸ਼ ਛੱਡ ਕੇ ਯੂਰਪ ਜਾ ਟਿਕੇ। ਬਹੁਤ ਥੋੜ੍ਹੇ ਰੂਸ ਵਿਚ ਰਹਿ ਗਏ। ਗੋਰਕੀ ਉਨ੍ਹਾਂ ਵਿਚੋਂ ਪ੍ਰਮੁੱਖ ਸੀ। ਅਕਤੂਬਰ 1917 ਵਿਚ ਵਾਪਰੇ ਇਨਕਲਾਬ ਨੂੰ ਲੈਨਿਨ ਵਲੋਂ ਸਮਾਜਵਾਦੀ ਇਨਕਲਾਬ ਕਹੇ ਜਾਣ ਬਾਰੇ ਗੋਰਕੀ ਨੇ ਆਪਣੇ ਮੱਤਭੇਦ ਪ੍ਰਗਟ ਕੀਤੇ। ਲੈਨਿਨ ਨੇ ਇਨ੍ਹਾਂ ਨੂੰ ਉਸਦੀ ਸੋਚ ਦਾ "ਵਕਤੀ ਪੜਾਅ"

ਕਿਹਾ ਤੇ ਇਹ ਨਿਸ਼ਚਾ ਪ੍ਰਗਟ ਕੀਤਾ ਕਿ ਉਹ ਦੋਬਾਰਾ ਪਾਰਟੀ ਨਾਲ ਆ ਜੁੜੇਗਾ। ਆਪਣੀ ਗੱਲ ਨੂੰ ਸਮੇਟਦਿਆਂ ਹੁੰਦਲ ਨੇ ਵਿਸ਼ਵਾਸ ਨਾਲ ਕਿਹਾ ਹੈ ਕਿ ਜਿੰਨੀ ਦੇਰ ਧਰਤੀ ਉੱਤੇ ਸੰਪਤੀ ਦੀ ਅਸਾਵੀਂ ਵੰਡ ਹੈ, ਆਰਥਿਕ ਤੇ ਸਮਾਜਿਕ ਵਿਤਕਰੇ ਹਨ, ਪਾਠਕ, ਗੋਰਕੀ ਦੀਆਂ ਰਚਨਾਵਾਂ ਨੂੰ ਪੜ੍ਹਦੇ ਰਹਿਣਗੇ ਤੇ ਇਨ੍ਹਾਂ ਤੋਂ ਪ੍ਰੇਰਣਾ ਲੈ ਕੇ ਜੂਝਣ ਦੇ ਰਾਹ ਤੁਰਦੇ ਰਹਿਣਗੇ।

'ਟਰਾਟਸਕੀ ਦਾ ਦੁਖਾਂਤ' ਵਿਚ ਹੁੰਦਲ ਨੇ ਅਕਤੂਬਰ ਇਨਕਲਾਬ ਦੀ ਸਫ਼ਲਤਾ ਤੇ ਗ੍ਰਹਿ ਯੁੱਧ ਸਮੇਂ ਇਕ ਆਗੂ ਦੇ ਤੌਰ ਉੱਤੇ ਉਸਦੀ ਭੂਮਿਕਾ ਨੂੰ ਤਸਲੀਮ ਕੀਤਾ ਹੈ। ਨਾਲ ਹੀ ਉਸਨੇ ਲੈਨਿਨ ਦੀ ਵਸੀਅਤ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਉਸਨੇ ਟਰਾਟਸਕੀ ਦੇ ਸੁਭਾਅ ਦੀਆਂ ਘਾਟਾਂ ਕਾਰਨ ਸਟਾਲਿਨ ਨੂੰ ਹੀ ਪਾਰਟੀ ਦਾ ਜਨਰਲ ਸਕੱਤਰ ਬਣਾਉਣ ਦੀ ਸਿਫਾਰਿਸ਼ ਕੀਤੀ ਸੀ। ਆਰਥਿਕ ਨੀਤੀਆਂ ਦੇ ਸਵਾਲ ਉੱਤੇ ਦੋਹਾਂ ਵਿਚਕਾਰ ਤਿੱਖੇ ਹੁੰਦੇ ਮੱਤਭੇਦਾਂ ਕਾਰਨ ਸਟਾਲਿਨ ਨੇ "ਬਾਕੀ ਆਗੂਆਂ ਦੀ ਸਹਿਮਤੀ ਤੇ ਸਹਾਇਤਾ ਨਾਲ" ਟਰਾਟਸਕੀ ਨੂੰ ਪਾਰਟੀ ਵਿਚੋਂ ਕੱਢਿਆ ਤੇ ਫਿਰ ਤੁਰਕੀ ਵਿਚ ਜਲਾਵਤਨ ਕੀਤਾ। ਇਥੋਂ ਉਸਨੇ 'ਅਪੋਜੀਸ਼ਨ ਬੁਲੇਟਿਨ' ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਜਿਸ ਦੇ ਰੂਸ ਵਿਚ ਦਾਖ਼ਲੇ ਉੱਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ। ਫਿਰ ਉਸਦੇ ਪੱਕੇ ਸਮਰਥਕ ਵੀ ਉਸਦਾ ਸਾਥ ਛੱਡਦੇ ਗਏ ਕਿਉਂਕਿ ਉਨ੍ਹਾਂ ਨੂੰ ਉਸ ਦੀਆਂ ਮਾਅਰਕੇਬਾਜ਼ ਨੀਤੀਆਂ ਨੇ ਉਪਰਾਮ ਕਰ ਦਿੱਤਾ ਸੀ। ਉਪਰੰਤ ਉਸਦਾ ਵਿਹਾਰ ਹੈਂਕੜਬਾਜ਼ ਤੇ ਹਠੀਲਾ ਸੀ। ਉਸ ਨੇ ਕਈ ਦੇਸ਼ਾਂ ਵਿਚ ਸ਼ਰਨ ਲੈਣ ਦੇ ਯਤਨ ਕੀਤੇ ਪਰ ਸਾਰਾ ਯੂਰਪ ਉਸਨੂੰ ਸ਼ਰਨ ਦੇਣ ਤੋਂ ਇਨਕਾਰੀ ਸੀ। ਅਖ਼ੀਰ ਉਸਨੂੰ ਮੈਕਸੀਕੋ ਵਿਚ ਡੀਗੋ ਰਿਵੇਰਾ ਦੀ ਮਦਦ ਨਾਲ ਜਿਹੜਾ ਮੈਕਸੀਕੋ ਦੀ ਕਮਿਊਨਿਸਟ ਪਾਰਟੀ ਦਾ ਇੱਕ ਸਿਰਕੱਢ ਆਗੂ ਸੀ ਤੇ ਇਕ ਕੌਮਾਂਤਰੀ ਹਸਤੀ ਬਣ ਚੁੱਕਾ ਸੀ, ਸ਼ਰਨ ਮਿਲ ਗਈ। (ਇਸੇ ਸੰਗ੍ਰਹਿ ਵਿਚ ਪਹਿਲਾ ਲੇਖ ਡੀਗੋ ਰਿਵੇਰਾ ਬਾਰੇ ਹੈ) ਰਿਵੇਰਾ ਦੀ ਸਵੈਜੀਵਨੀ ਦੇ ਹਵਾਲੇ ਨਾਲ ਹੁੰਦਲ ਨੇ ਲਿਖਿਆ ਹੈ ਕਿ ਟਰਾਟਸਕੀ ਨੇ ਆਪਣੇ ਉੱਤੇ ਹੋਏ ਕਾਤਲਾਨਾ ਹਮਲੇ ਦੀ, ਜਿਹੜਾ ਉਂਝ ਅਸਫ਼ਲ ਹੋਇਆ ਸੀ, ਤਫਤੀਸ਼ ਕਰ ਰਹੇ ਅਧਿਕਾਰੀਆਂ ਨੂੰ ਆਪਣਾ ਸ਼ੱਕ ਉਸੇ (ਰਿਵੇਰਾ) ਬਾਰੇ ਹੀ ਦੱਸਿਆ ਸੀ। ਹੁੰਦਲ ਵਲੋਂ ਦਿੱਤੇ ਗਏ ਇਕ ਹੋਰ ਹਵਾਲੇ ਅਨੁਸਾਰ ਟਰਾਟਸਕੀ ਨੇ ਡੀਗੋ ਰਿਵੇਰਾ ਦੀ ਪਤਨੀ ਫਰੀਦਾ ਕਾਹਲੋਂ ਨਾਲ ਨਾਜਾਇਜ਼ ਸੰਬੰਧ ਬਣਾ ਲਏ ਸਨ। (ਇਸ ਸੰਗ੍ਰਹਿ ਵਿਚ ਹੁੰਦਲ ਨੇ ਫਰੀਦਾ ਬਾਰੇ ਵੀ ਇਕ ਵੱਖਰਾ ਲੇਖ ਸ਼ਾਮਿਲ ਕੀਤਾ ਹੈ।)

ਟਰਾਟਸਕੀ ਦੇ ਜੀਵਨ ਭਰ ਦੇ ਯਤਨਾਂ ਬਾਰੇ ਹੁੰਦਲ ਦੀ ਇਹ ਟਿੱਪਣੀ ਦਰੁੱਸਤ ਹੈ ਕਿ ਉਸ ਦੀਆਂ ਲਿਖਤਾਂ ਦਾ ਸਮਕਾਲੀ ਅਟਕਲਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ ਸੀ। ਲੇਖਕ ਨੇ ਟਰਾਟਸਕੀ ਵਲੋਂ ਦਿੱਤੇ ਗਏ ਅਧੂਰੇ ਤੇ ਆਪਾ-ਵਿਰੋਧੀ ਨਿਰਣਿਆਂ ਦਾ ਉਲੇਖ ਕਰਦਿਆਂ ਦੂਜੀ ਸੰਸਾਰ ਜੰਗ ਬਾਰੇ ਉਸਦੀ ਪੇਸ਼ੀਨਗੋਈ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਹੈ ਕਿ "ਇਤਿਹਾਸ ਨੇ ਉਸ ਨੂੰ ਗਲਤ ਸਾਬਤ ਕੀਤਾ ਕਿਉਂਕਿ ਉਸਦਾ ਖ਼ਿਆਲ ਸੀ ਕਿ ਇਹ ਜੰਗ ਪੂੰਜੀਵਾਦੀ ਪ੍ਰਬੰਧ ਦਾ ਖ਼ਾਤਮਾ ਕਰ ਦੇਵੇਗੀ। ਅਜੋਕੇ ਪ੍ਰਸੰਗ ਵਿਚ ਹੁੰਦਲ ਅਨੁਸਾਰ ਟਰਾਟਸਕੀ ਦੀਆਂ ਲਿਖਤਾਂ ਖੁਸ਼-ਫਹਿਮੀ ਦੀਆਂ ਪ੍ਰਤੀਕ ਹਨ।

'ਪੰਜਾਬ ਦੀ ਵੰਡ ਤੇ ਮਾਉਂਟ ਬੇਟਨ ਦੀ ਚਲਾਕੀ' ਨਾਮੀ ਲੇਖ ਵਿਚ ਜਿਸਨੂੰ ਲੇਖਕ ਨੇ 'ਖੋਜ' ਦਾ ਨਾਂ ਦਿੱਤਾ ਹੈ, ਐਚ. ਐਮ. ਸੀਰਵਾਈ ਦੀ ਪੁਸਤਕ 'ਪਾਰਟੀਸ਼ਨ ਆਫ਼ ਇੰਡੀਆ : ਲੀਜੈਂਡ ਐਂਡ ਰੀਐਲਟੀ' ਨੂੰ ਆਧਾਰ ਬਣਾਇਆ ਗਿਆ ਹੈ। ਸਹਾਇਕ ਪੁਸਤਕਾਂ ਵਿਚ ਦੇਸ਼ ਦੀ ਵੰਡ ਨਾਲ ਸੰਬੰਧਿਤ



ਲਾਲ ਖਾਨ ਦੀ ਪੁਸਤਕ 'ਪਾਰਟੀਸ਼ਨ' ਨੂੰ ਸ਼ਾਮਿਲ ਕੀਤਾ ਹੈ ਤੇ ਮੌਲਾਨਾ ਆਜ਼ਾਦ ਦੀ ਪ੍ਰਸਿੱਧ ਪੁਸਤਕ 'ਇੰਡੀਆ ਵਿਨਜ਼ ਫਰੀਡਮ' ਦਾ ਜ਼ਿਕਰ ਵੀ ਕੀਤਾ ਹੈ, ਜਿਸਦਾ ਮੁੱਖ ਥੀਸਿਸ ਇਹ ਹੈ ਕਿ ਦੇਸ਼ ਦੀ ਵੰਡ ਰੋਕੀ ਜਾ ਸਕਦੀ ਸੀ ਜੇਕਰ ਕਾਂਗਰਸ ਲੀਡਰਸ਼ਿਪ ਪੂਰੀ ਦ੍ਰਿੜ੍ਹਤਾ ਨਾਲ ਇਸਨੂੰ ਰੋਕਣ ਦੇ ਪੈਂਤੜੇ ਉੱਤੇ ਖੜ੍ਹੀ ਰਹਿੰਦੀ। ਦੇਸ਼ ਦੀ ਵੰਡ ਦਾ ਫੈਸਲਾ ਹੋ ਜਾਣ ਤੋਂ ਬਾਅਦ ਭਾਰਤ ਸਰਕਾਰ ਨੇ ਇਕ ਹੱਦਬੰਦੀ ਕਮਿਸ਼ਨ ਬਣਾਇਆ ਸੀ, ਜਿਸ ਦਾ ਮੁਖੀ ਸਾਈਰਿਲ ਰੈਡਰਕਲਿਫ਼, ਇਕ ਨਾਮਣੇ ਵਾਲਾ ਅੰਗਰੇਜ਼ ਵਕੀਲ ਸੀ। ਸੀਰਵਾਈ ਦੀ ਪੁਸਤਕ ਇਸ ਤੱਥ ਨੂੰ ਸਾਹਮਣੇ ਲਿਆਉਂਦੀ ਹੈ। ਇਕ ਰੈਡਰਕਲਿਫ਼ ਨੇ ਆਪਣਾ ਫੈਸਲਾ 9 ਅਗਸਤ 1947 ਨੂੰ ਲਾਰਡ ਮਾਊਂਟਬੇਟਨ ਦੇ ਹਵਾਲੇ ਕਰ ਦਿੱਤਾ ਸੀ। ਪਰ ਵਾਇਸਰਾਏ ਨੇ ਇਕ ਹਫ਼ਤਾ ਪਛੜ ਕੇ ਇਸਨੂੰ ਜਨਤਕ ਕੀਤਾ। ਜੇ ਫੈਸਲਾ 9 ਅਗਸਤ ਨੂੰ ਜਨਤਕ ਕਰ ਦਿੱਤਾ ਜਾਂਦਾ ਤਾਂ 15 ਅਗਸਤ ਤੱਕ ਪੰਜਾਬ ਵਿਚ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਅੰਗਰੇਜ਼ ਸਰਕਾਰ ਦੀ ਹੋਣੀ ਸੀ। ਹੁੰਦਲ ਅਨੁਸਾਰ ਦੇਸ਼ ਵੰਡ ਵੇਲੇ ਬਰਤਾਨਵੀ ਸਰਕਾਰ ਤੇ ਵਾਇਸਰਾਏ ਨੇ ਆਪਣੀ ਜ਼ਿੰਮੇਵਾਰੀ ਨਾ ਨਿਭਾਈ ਤੇ ਭਾਰਤ ਵਿਚੋਂ ਜਾਨ ਛੁਡਾ ਕੇ ਭੱਜਣ ਦੀ ਕੀਤੀ।

ਹੁੰਦਲ ਦੇ ਇਕ ਨਿਬੰਧ ਦੇ ਸਿਰਲੇਖ 'ਕਿਤਾਬਾਂ ਦਾ ਝੋਲਾ' ਗੁਰਦਿਆਲ ਬੱਲ ਹੈ। ਬੱਲ ਨੂੰ ਹੀ ਕਿਤਾਬ ਸਮਰਪਿਤ ਹੈ। ਉਸਨੂੰ ਲੇਖਕ ਅਜੀਬ ਮਨੁੱਖੀ ਵਰਤਾਰਾ ਤੇ ਵਿਰੋਧਾਂ ਦਾ ਸੰਗਮ ..ਹਿੰਦਾ ਹੈ ਉਸਦੇ ਆਖੇ ਅਨੁਸਾਰ ਜਿਹੜੀ ਕਿਤਾਬ ਕਿਤੋਂ ਨਾ ਮਿਲਦੀ ਹੋਵੇ, ਉਸ ਕੋਲੋਂ ਮਿਲ ਜਾਵੇਗੀ। ਏਨਾ ਹੀ ਨਹੀਂ, ਉਹ ਤੁਹਾਨੂੰ ਪੁਸਤਕ ਪੜ੍ਹਾਉਣ ਲਈ ਕੋਈ ਵੀ ਖੇਚਲ ਕਰਨ ਨੂੰ ਤਿਆਰ ਰਹਿੰਦਾ ਹੈ। ਡੇਅਰਾਦੂਨ ਯੂਨੀਵਰਸਿਟੀ ਵਿਚ ਪੜ੍ਹਦਿਆਂ ਬੱਲ ਦੀ ਦੋਸਤੀ ਡੋਈਵਾਲਾ ਰਹਿੰਦੇ ਗੁਰਦੀਪ ਨਾਲ ਪੈ ਗਈ ਤੇ ਇਉਂ ਦੋ ਦੀਵਾਨੇ ਇਕੱਠੇ ਹੋ ਗਏ। ਜਿਨ੍ਹਾਂ ਨੂੰ ਪੁਸਤਕਾਂ ਪੜ੍ਹਨ ਤੇ ਬਹਿਸਾਂ ਕਰਨ ਦਾ ਸ਼ੌਕ ਸੀ। ਬੱਲ ਨੂੰ ਭਾਵੇਂ ਕਿਸੇ ਇਕ ਵਿਚਾਰਧਾਰਕ ਲੀਹ ਨਾਲ ਬੱਝਾ ਹੋਇਆ ਨਹੀਂ ਕਿਹਾ ਜਾ ਸਕਦਾ ਪਰ ਉਸਨੂੰ ਰੂਸ ਵਿਚ ਸਟਾਲਿਨ ਵਲੋਂ ਆਪਣੇ ਵਿਰੋਧੀਆਂ ਉੱਤੇ ਕੀਤੇ ਅੱਤਿਆਚਾਰਾਂ ਦੀ ਕਹਾਣੀ ਵਿਚ ਉਚੇਚੀ ਦਿਲਚਸਪੀ ਹੈ। ਇਸ ਵਿਸ਼ੇ ਦੇ ਅਧਿਐਨ ਉੱਤੇ ਉਸ ਨੇ ਪੂਰਾ ਇਕ ਦਹਾਕਾ ਲਾਇਆ ਹੈ। ਉਪਰੰਤ ਉਸ ਨੇ ਦੁਨੀਆਂ ਦੇ ਇਨਕਲਾਬਾਂ, ਆਜ਼ਾਦੀ ਦੇ ਅੰਦੋਲਨਾਂ ਤੇ ਉੱਘੀਆਂ ਸ਼ਖ਼ਸੀਅਤਾਂ ਬਾਰੇ ਵੀ ਦੁਰਲੱਭ ਪੁਸਤਕਾਂ ਜਮ੍ਹਾਂ ਕੀਤੀਆਂ ਹੋਈਆਂ ਹਨ।

ਬੱਲ ਦੇ ਵਿਆਹ ਤੋਂ ਬਾਅਦ ਇਹ ਆਸ ਸੀ ਕਿ ਹੁਣ ਉਸਦੀ ਘੁੰਮਣ-ਫਿਰਨ ਦੀ ਆਦਤ ਵਿਚ ਫ਼ਰਕ ਪਵੇਗਾ ਪਰ ਹੁੰਦਲ ਅਨੁਸਾਰ ਉਹ ਇਕ ਖਾਨਾ-ਬਦੋਸ਼ ਰੂਹ ਹੈ ਤੇ ਘਰ ਦੇ ਕਿੱਲੇ ਨਾਲ ਬੱਝਣ ਵਾਲਾ ਨਹੀਂ। ਦੋ ਸਾਲਾਂ ਲਈ ਉਸਨੇ ਸ਼ਿਮਲੇ ਦੀ 'ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼' ਵਿਚ ਵੀ ਦਾਖ਼ਲਾ ਲਿਆ, ਪਰ ਬਿਨਾਂ ਥੀਸਿਸ ਲਿਖੇ ਪਰਤ ਆਇਆ। ਹੁੰਦਲ ਵਲੋਂ ਥੀਸਿਸ ਬਾਰੇ ਪੁੱਛਣ ਉੱਤੇ ਉਸਨੇ ਜਵਾਬ ਦਿੱਤਾ ਕਿ ਇਹ ਕੰਮ ਮੇਰੇ ਕਰਨ ਵਾਲੇ ਨਹੀਂ ਹਨ। ਉਸਨੇ 'ਪੰਜਾਬੀ ਟ੍ਰਿਬਿਊਨ' ਦੀ ਨੌਕਰੀ ਛੱਡ ਪਟਿਆਲਾ ਯੂਨੀਵਰਸਿਟੀ ਵਿਚ ਅੱਧੀ ਤਨਖਾਹ ਵਾਲੀ ਨੌਕਰੀ ਕਰ ਲਈ। ਇਸ ਨਾਲ ਗੁਜ਼ਾਰਾ ਮੁਸ਼ਕਿਲ ਸੀ। ਐਨਾ ਤਾਂ ਉਸਦਾ ਮਹੀਨੇ ਦਾ ਕਿਤਾਬਾਂ ਤੇ ਦਾਰੂ-ਸਿੱਕੇ ਦਾ ਹੀ ਖਰਚ ਸੀ। ਉਸਨੇ ਅੱਤਵਾਦੀਆਂ ਦੇ ਹੱਥੋਂ ਮਾਰੇ ਗਏ ਬੇਦੋਸ਼ੇ ਲੋਕਾਂ ਤੇ ਪੁਲਿਸ ਹੱਥੋਂ ਮਾਰੇ ਗਏ ਅੱਤਵਾਦੀਆਂ ਦੇ ਘਰੀਂ ਜਾ ਕੇ ਉਨ੍ਹਾਂ ਘਟਨਾਵਾਂ ਦੇ ਵਿਸਥਾਰ ਇਕੱਠੇ ਕੀਤੇ। ਪਰ ਹੁੰਦਲ ਅਨੁਸਾਰ ਇਸ ਸਾਰੀ ਘਾਲਣਾ ਦਾ ਕੋਈ

ਨਤੀਜਾ ਨਾ ਨਿਕਲਿਆ। ਇਸ ਰੇਖਾ ਚਿੱਤਰ ਦਾ ਅੰਤ ਹੁੰਦਲ ਨੇ ਇਨ੍ਹਾਂ ਸ਼ਬਦਾਂ ਨਾ ਕੀਤਾ ਹੈ, "ਕਾਸ਼! ਕਦੇ ਉਹ ਲਿਖਣ ਲੱਗ ਪਵੇ।"

'ਬਿਰਖ਼ ਦੀ ਛਾਂ ਹੇਠ' ਨਾਮੀ ਰੇਖਾਚਿੱਤਰ ਵਿਚ ਹੁੰਦਲ ਨੇ ਨਾਮਵਰ ਵਿਦਵਾਨ, ਆਲੋਚਕ ਤੇ ਖੋਜੀ ਪ੍ਰੋ. ਪ੍ਰੀਤਮ ਸਿੰਘ ਦੀਆਂ ਯਾਦਾਂ ਅੰਕਿਤ ਕੀਤੀਆਂ ਹਨ। ਉਹ ਲੇਖਕ ਦੇ ਗਾਈਡ ਸਨ। ਉਨ੍ਹਾਂ ਨਾਲ ਕੋਈ ਪਹਿਲੀ ਮੁਲਾਕਾਤ ਸਮੇਂ ਹੀ ਉਨ੍ਹਾਂ ਨੇ ਲੇਖਕ ਸਾਹਮਣੇ ਇਕ ਗੱਲ ਦੀ ਵਿਆਖਿਆ ਕੀਤੀ ਕਿ ਕਿਵੇਂ ਪੰਜਾਬੀ ਵਿਚ ਆਲੋਚਨਾ ਇਸ ਭਾਸ਼ਾ ਦੇ ਪੱਛਮ ਨਾਲ ਸੰਪਰਕ ਤੋਂ ਹੀ ਪੈਦਾ ਹੋਈ ਹੈ। ਉਨ੍ਹਾਂ ਲੇਖਕ ਲਈ ਉਸਦੇ ਥੀਸਿਸ ਦਾ ਖਾਕਾ ਬਣਾਇਆ ਤੇ ਉਸਨੂੰ ਹਦਾਇਤ ਕੀਤੀ ਕਿ ਇਸ ਨੂੰ ਦੁਬਾਰਾ ਲਿਖ ਕੇ ਉਨ੍ਹਾਂ ਨੂੰ ਵਿਖਾਵੇ। ਇਹ ਕਰਕੇ ਜਦੋਂ ਲੇਖਕ ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਦਿਖਾਉਣ ਗਿਆ ਤਾਂ ਉਨ੍ਹਾਂ ਪੜ੍ਹ ਕੇ ਕਿਹਾ, ਕਿ ਇਸ ਵਿਚ ਹੋਰ ਮਿਹਨਤ ਦੀ ਲੋੜ ਹੈ ਤੇ ਕੁਝ ਕਿਤਾਬਾਂ ਦੇ ਨਾਮ ਦੱਸ ਕੇ ਕਹਿਣ ਲੱਗੇ ਕਿ ਇਨ੍ਹਾਂ ਨੂੰ ਪੜ੍ਹ ਕੇ ਲਿਖਤ ਨੂੰ ਸੋਧ ਕੇ ਲਿਆਵੀਂ। ਜਦੋਂ ਲੇਖਕ ਇਹ ਕੁਝ ਕਰਕੇ ਫਿਰ ਹਾਜ਼ਰ ਹੋਇਆ ਤਾਂ ਕਹਿਣ ਲੱਗੇ ਕਿ ਆਪਣੇ ਕਾਗਜ਼-ਪੱਤਰ ਛੱਡ ਜਾਹ ਤੇ ਫਿਰ ਆਵੀਂ। ਜਦੋਂ ਅਗਲੀ ਵਾਰੀ ਮੁਲਾਕਾਤ ਹੋਈ ਤਾਂ ਉਹਨਾਂ ਕਿਹਾ ਕਿ ਤੂੰ ਮੇਰੀਆਂ ਦੱਸੀਆਂ ਕਿਤਾਬਾਂ ਪੜ੍ਹੀਆਂ ਨਹੀਂ। ਇਉਂ ਵਾਰ-ਵਾਰ ਯਤਨ ਕਰਦਿਆਂ ਤੇ ਹੋਰਨਾਂ ਵਿਦਵਾਨਾਂ ਦੀ ਰਾਇ ਲੈਂਦਿਆਂ ਅਖ਼ੀਰ ਲੇਖਕ ਪ੍ਰੋਫੈਸਰ ਸਾਹਿਬ ਦੇ ਪੈਮਾਨੇ ਉੱਤੇ ਪੂਰਾ ਉਤਰਿਆ। ਮਗਰੋਂ ਵੀ ਉਸਦਾ ਉਨ੍ਹਾਂ ਨਾਲ ਸੰਪਰਕ ਬਣਿਆ ਰਿਹਾ। ਉਨ੍ਹਾਂ ਦੀ ਪ੍ਰੇਰਣਾ ਨਾਲ ਲੇਖਕ ਨੇ ਪੰਜਾਬ ਸੰਕਟ ਬਾਰੇ ਲਿਖੇ ਜੰਗ-ਨਾਮਾ ਪੰਜਾਬ' ਵਿਚ ਸੋਧ ਕਰਕੇ ਇਸ ਦਾ ਕੈਨਵਸ ਸ਼ਾਹ ਮੁਹੰਮਦ ਨਾਲੋਂ ਵਡੇਰਾ ਕਰ ਦਿੱਤਾ। ਪ੍ਰੋ. ਸਾਹਿਬ ਦੀ ਪ੍ਰੇਰਣਾ ਨਾਲ ਲੇਖਕ ਨੇ ਅਕਾਲੀ ਸਰਕਾਰ ਦੀ ਸਰਕਾਰੀ ਸਕੂਲਾਂ ਵਿਚ ਲਾਜ਼ਮੀ ਅੰਗਰੇਜ਼ੀ ਲਾਗੂ ਕਰਨ ਦੀ ਨੀਤੀ ਦੀ ਕਰੜੀ ਆਲੋਚਨਾ ਆਪਣੇ ਕਾਵਿ-ਸੰਗ੍ਰਹਿ 'ਵਿਅੰਗਨਾਮਾ' ਵਿਚ ਕੀਤੀ। ਹੁੰਦਲ ਅਨੁਸਾਰ ਉਨ੍ਹਾਂ ਵਰਗੇ ਤਰਕਸ਼ੀਲ ਚਿੰਤਕ ਵਿਰਲੇ ਹੀ ਹੁੰਦੇ ਹਨ ਤੇ ਉਨ੍ਹਾਂ ਦੇ ਸ਼ਾਗਿਰਦ ਹੋਣ ਉੱਤੇ ਉਸਨੂੰ ਮਾਣ ਹੈ।

ਕਵਿਤਾ ਦੀਆਂ 20, ਵਾਰਤਕ ਦੀਆਂ 15, ਆਲੋਚਨਾ ਦੀਆਂ 6 ਪੁਸਤਕਾਂ ਤੋਂ ਇਲਾਵਾ 4 ਪੁਸਤਕਾਂ ਦਾ ਸੰਪਾਦਕ ਉਰਦੂ, ਹਿੰਦੀ ਤੇ ਅੰਗਰੇਜ਼ੀ ਦੀਆਂ ਕਈ ਪੁਸਤਕਾਂ ਦਾ ਲੇਖਕ ਤੇ 12 ਪੁਸਤਕਾਂ ਕਾਵਿ-ਅਨੁਵਾਦ, ਦੀਆਂ ਰਚਣ ਵਾਲੇ ਹੁੰਦਲ ਵਲੋਂ 'ਸਿਤਾਰਿਆਂ ਦੀ ਸੱਥ' ਆਪਣੇ ਅਸਾਧਾਰਨ ਸਾਹਿਤਕ ਸਫ਼ਰ ਦੀ ਇਕ ਵੱਡਮੁੱਲੀ ਸੌਗਾਤ ਹੈ।

ਪੁਸਤਕ ਪੜਚੋਲ

## ਵਾਹਗੇ ਪਾਰ ਦੇ ਪੰਜਾਬੀ ਕਵੀ

- ਪਰੇਮ ਸਿੰਘ (ਡਾ.)

ਪੰਜਾਬੀ ਦੇ ਪ੍ਰਸਿੱਧ ਵਚਨਬੱਧ ਕਵੀ ਹਰਭਜਨ ਸਿੰਘ ਹੁੰਦਲ ਦੀ ਇਹ ਪੁਸਤਕ ਪੰਜਾਬੀ ਸਾਹਿਤ ਨੂੰ ਇਕ ਵਡਮੁੱਲੀ ਦੇਣ ਹੈ। ਇਸ ਵਿਚ ਪਾਕਿਸਤਾਨ ਦੇ ਪੰਜਾਬੀ ਕਵੀਆਂ ਦੀ ਕਵਿਤਾ ਤੇ ਉਨ੍ਹਾਂ ਦੀਆਂ ਜੀਵਨੀਆਂ ਦੇ ਵਰਨਣਯੋਗ ਪੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿਚ ਵਧੇਰੇ ਕਵੀ ਅਜਿਹੇ ਹਨ ਜਿਨ੍ਹਾਂ ਦੇ ਏਧਰਲੇ ਪੰਜਾਬ ਵਿਚ ਕਦੇ ਨਾਂ ਵੀ ਨਹੀਂ ਸੁਣੇ ਗਏ। ਹੁੰਦਲ ਅਨੁਸਾਰ ਪਾਕਿਸਤਾਨ ਦੀ



ਪੰਜਾਬੀ ਕਵਿਤਾ ਡਾਢੇ ਔਖੇ ਰਾਜਸੀ ਹਾਲਾਤ ਵਿਚ ਰਚੀ ਗਈ ਹੈ। ਕੁਝ ਬਿਹਤਰ ਹੋਣ ਦੇ ਬਾਵਜੂਦ ਹਾਲਾਤ ਦੀ ਇਹ ਔਖਿਆਈ ਅਜੇ ਬਣੀ ਹੋਈ ਹੈ। ਇਸ ਜ਼ੁਬਾਨ ਨੂੰ ਸਰਕਾਰੀ ਮਾਨਤਾ ਪ੍ਰਾਪਤ ਨਹੀਂ, ਸਰਪ੍ਰਸਤੀ ਤਾਂ ਦੂਰ ਦੀ ਗੱਲ ਹੈ। ਪਾਕਿਸਤਾਨ ਵਿਚ ਲੰਮੇ ਸਮਿਆਂ ਲਈ ਫੌਜੀ ਰਾਜ ਕਾਇਮ ਹੋਣਾ ਪੰਜਾਬੀ ਲਈ ਬਾਧਕ ਸਿੱਧ ਹੋਇਆ ਹੈ। ਆਪਣੇ ਅਗਰਗਾਮੀ ਵਿਚਾਰਾਂ ਕਾਰਨ ਜਿਹੜੇ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਨੂੰ ਆਪਣੀਆਂ ਭਾਵਨਾਵਾਂ ਦਬਾ ਕੇ ਨਹੀਂ ਰੱਖ ਸਕਦੇ ਦਿੰਦੇ, ਪੰਜਾਬੀ ਦੇ ਕਈ ਲੇਖਕ ਫੌਜੀ ਰਾਜ ਸਮੇਂ ਜੇਲ੍ਹਾਂ ਵਿਚ ਬੰਦ ਕੀਤੇ ਗਏ ਹਨ। ਸਾਧਾਰਨ ਮੁਜ਼ਰਮਾਂ ਵਾਂਗ ਉਨ੍ਹਾਂ ਨੂੰ ਕੋੜੇ ਮਾਰਨ ਦੀ ਸਜ਼ਾ ਵੀ ਦਿੱਤੀ ਗਈ ਹੈ। ਜ਼ਾਹਿਰ ਹੈ ਕਿ ਮਨੁੱਖੀ ਕਦਰਾਂ-ਕੀਮਤਾਂ ਦਾ ਵੈਰੀ ਰਾਜ ਪ੍ਰਬੰਧ ਹੀ ਕਿਸੇ ਲੇਖਕ ਨੂੰ ਅਜਿਹੀ ਸਜ਼ਾ ਦੇ ਸਕਦਾ ਹੈ।

ਇਸ ਚੋਣ ਵਿਚ ਹੁੰਦਲ ਨੇ ਸਭ ਤੋਂ ਪਹਿਲਾਂ ਸੰਸਾਰ ਪ੍ਰਸਿੱਧ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਨੂੰ ਲਿਆ ਹੈ ਜਿਸ ਨੂੰ ਉਹ 'ਸੁਹਜ ਤੇ ਸੰਘਰਸ਼ ਦਾ ਸੁਮੇਲ' ਕਹਿੰਦਾ ਹੈ। ਹੁੰਦਲ ਅਨੁਸਾਰ ਇਹ ਹਾਲਾਤ ਦਾ ਦੁਖਾਂਤ ਸੀ ਕਿ ਦੇਸ਼ ਦੀ ਵੰਡ ਵੇਲੇ ਉਸ ਨੇ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ। ਉਸਨੂੰ ਇਸ ਗੱਲ ਦਾ ਪਛਤਾਵਾ ਰਿਹਾ ਕਿ ਉਸਨੇ ਪੰਜਾਬੀ ਦੀ ਥਾਂ ਉਰਦੂ ਨੂੰ ਪਹਿਲ ਦਿੱਤੀ। ਇਸ ਨਾਲ ਪੰਜਾਬੀ ਨੂੰ ਘਾਟਾ ਪਿਆਂ। ਫ਼ੈਜ਼ ਦਾ ਜੀਵਨ ਹਾਦਸਿਆਂ ਨਾਲ ਭਰਪੂਰ ਸੀ, ਪਰ ਇਨ੍ਹਾਂ ਸਾਰੇ ਸੰਕਟਾਂ ਵਿਚ ਉਸਨੇ ਆਪਣੀ ਵਚਨਬੱਧਤਾ ਕਾਇਮ ਰੱਖੀ। ਅਜੇ ਉਹ ਲੋਕ ਸੇਵਾ ਦੇ ਮੈਦਾਨ ਵਿਚ ਉਤਰਿਆ ਹੀ ਸੀ ਕਿ 1951 ਵਿਚ ਲਿਆਕਤ ਅਲੀ ਖਾਂ ਦੀ ਸਰਕਾਰ ਨੂੰ ਉਲਟਾਉਣ ਦੇ ਦੋਸ਼ ਵਿਚ 'ਰਾਵਲਪਿੰਡੀ ਸਾਜ਼ਿਸ਼ ਕੇਸ' ਅਧੀਨ ਚਾਰ ਸਾਲ ਲਈ ਕੈਦ ਕਰ ਲਿਆ ਗਿਆ। 1955 ਵਿਚ ਇਸ ਕੈਦ ਤੋਂ ਰਿਹਾ ਹੋਇਆ ਤਾਂ ਤਿੰਨ ਸਾਲ ਬਾਅਦ ਫਿਰ ਜੇਲ੍ਹ ਵਿਚ ਪਾ ਦਿੱਤਾ ਗਿਆ। ਜਿੱਥੋਂ ਇਕ ਸਾਲ ਬਾਅਦ ਰਿਹਾਈ ਹੋਈ। ਜੇਲ੍ਹ ਜੀਵਨ ਦੀਆਂ ਸਖ਼ਤੀਆਂ ਕਾਰਣ ਉਸਦੀ ਸ਼ਾਇਰੀ ਵਿਚ ਡੂੰਘਾਈ ਤੇ ਸੰਵੇਦਨਸ਼ੀਲਤਾ ਆਈ। ਮੌਤ ਦੇ ਪ੍ਰਛਾਵਿਆਂ ਵਿਚ ਵੀ ਉਸਨੇ ਬਹਾਰ ਦੇ ਗੀਤ ਗਾਏ। ਅਜਿਹਾ ਆਸ਼ਾਵਾਦ ਸੰਸਾਰ ਭਰ ਦੀ ਸ਼ਾਇਰੀ ਵਿਚ ਦੁਰਲੱਭ ਹੈ।

ਇਸ ਸੰਗ੍ਰਹਿ ਦਾ ਦੂਜਾ ਸ਼ਾਇਰ ਅਫ਼ਜ਼ਲ ਅਹਿਸਨ ਰੰਧਾਵਾ ਹੈ ਜਿਹੜਾ ਨਾਵਲਕਾਰ ਵਜੋਂ ਵਧੇਰੇ ਜਾਣਿਆ ਜਾਂਦਾ ਹੈ। ਉਹ ਕਿੱਤੇ ਵਜੋਂ ਵਕੀਲ ਹੈ ਤੇ ਨਾਲ ਉਹ ਇਕ ਰਾਜਸੀ ਆਗੂ, ਅਨੁਵਾਦਕ ਤੇ ਕਹਾਣੀਕਾਰ ਵੀ ਹੈ। ਆਪਣੀ ਕਵਿਤਾ ਵਿਚ ਪੰਜਾਬੀਆਂ ਪ੍ਰਤੀ ਆਪਣਾ ਮੋਹ ਪ੍ਰਗਟ ਕਰਦਿਆਂ ਉਹ ਉਲਾਰ ਹੋ ਜਾਂਦਾ ਹੈ ਤੇ ਕੌਮੀ ਤੇ ਕੌਮਾਂਤਰੀ ਮੁੱਦਿਆਂ ਉੱਤੇ ਸੰਕੀਰਣ ਸੋਚ ਦਾ ਪ੍ਰਗਟਾਵਾ ਕਰਦਾ ਹੈ। ਪਰ ਪਾਕਿਸਤਾਨ ਦੇ ਅੰਦਰੂਨੀ ਹਾਲਾਤ ਬਾਰੇ ਉਹ ਅਵਾਮ ਪ੍ਰਤੀ ਡੂੰਘੀ ਵਚਨਬੱਧਤਾ ਪ੍ਰਗਟਾਉਂਦਾ ਹੈ ਤੇ ਅਜਿਹੀ ਸ਼ਾਇਰੀ ਦੇ ਹੱਕ ਵਿਚ ਹੈ ਜਿਹੜੀ ਸਾਧਾਰਨ ਲੋਕਾਂ ਨੂੰ ਸਹਿਜੇ ਹੀ ਸਮਝ ਆ ਜਾਂਦੀ ਹੋਵੇ। ਉਹ ਵੱਖ-ਵੱਖ ਛੰਦਾਂ ਨੂੰ ਵਰਤਦਿਆਂ ਵਜ਼ਨ ਦੀ ਪ੍ਰਵਾਹ ਨਹੀਂ ਕਰਦਾ ਜਿਹੜੀ ਗੱਲ ਹੁੰਦਲ ਦੀਆਂ ਨਜ਼ਰਾਂ ਵਿਚ ਇਕ ਐਬ ਹੈ। ਇਸੇ ਲਈ ਉਹ ਉਸਨੂੰ ਵੱਡਾ ਕਵੀ ਤਾਂ ਮੰਨਦਾ ਹੈ ਪਰ ਉਸਤਾਦ ਕਵੀ ਨਹੀਂ। ਉਹ ਵੀ ਫੌਜੀ ਰਾਜ ਦੀਆਂ ਸਖ਼ਤੀਆਂ ਦਾ ਸ਼ਿਕਾਰ ਹੋਇਆ। 1978 ਵਿਚ ਉਸ ਉਤੇ ਸੱਤ ਸਾਲਾਂ ਲਈ ਰਾਜਸੀ ਸਰਗਰਮੀ ਵਿਚ ਹਿੱਸਾ ਨਾ ਲੈਣ ਦੀ ਪਾਬੰਦੀ ਲਾਈ ਗਈ। 1981 ਵਿਚ ਉਸ ਨੂੰ ਕੈਦ ਦੀ ਸਜ਼ਾ ਵੀ ਭੁਗਤਣੀ ਪਈ।

ਹੁੰਦਲ ਦੀ ਚੋਣ ਦਾ ਤੀਜਾ ਕਵੀ ਬਾਕੀ ਸਦੀਕੀ ਨਾਂ ਹੈ ਜਿਹੜਾ ਪੋਠੋਹਾਰੀ ਪੰਜਾਬੀ ਵਿਚ ਲਿਖਦਾ ਸੀ। ਉਹ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਸੀ। ਪਾਕਿਸਤਾਨ ਦੇ ਆਰਥਿਕ ਪ੍ਰਬੰਧ ਵਿਚ

ਜਗੀਰਦਾਰੀ ਦੀ ਧੌਂਸ ਤੇ ਤਕੜੇ-ਮਾੜੇ ਦੇ ਵਿਚਕਾਰ ਵਿਤਕਰੇ ਉਸਨੇ ਨੋਟ ਕੀਤੇ। ਉਸਨੇ 'ਵੱਡੇ ਲੋਕਾਂ' ਨੂੰ 'ਕੂੜੇ' ਕਿਹਾ। ਉਸਦੀ ਕਵਿਤਾ ਡੂੰਘੇ ਅਰਥਾਂ ਵਾਲੀ ਹੈ, ਦਾਰਸ਼ਨਿਕ ਹੈ। ਉਸਦਾ ਅੰਦਾਜ਼ਾ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਸਾਡੇ ਖੂਹ ਤੇ ਵੱਸਦਾ ਰੱਬ ਨੀ' ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਉਸਦਾ ਕਾਵਿ-ਸੰਗ੍ਰਹਿ 'ਕੱਚੇ ਘੜੇ' ਹੁੰਦਲ ਅਨੁਸਾਰ ਇਕ ਇਤਿਹਾਸਕ ਦਸਤਾਵੇਜ਼ ਹੈ। ਜੋ ਕੋਈ ਬੀਤੇ ਸਮਿਆਂ ਦੇ ਸਮਾਜਿਕ ਪਰਿਵਰਤਨਾਂ ਨੂੰ ਵੇਖਣਾ ਚਾਹਵੇ ਤਾਂ ਇਸ ਕਵਿਤਾ ਵਿਚੋਂ ਵੇਖ ਸਕਦਾ ਹੈ। ਪਾਕਿਸਤਾਨੀ ਪੰਜਾਬੀ ਕਵਿਤਾ ਉਨ੍ਹਾਂ ਵਕਤਾਂ ਤੋਂ ਅੱਗੇ ਲੰਘ ਆਈ ਹੈ। ਫਿਰ ਵੀ ਪੋਠੋਹਾਰੀ ਉਚਾਰਨ ਨੂੰ ਰਿਕਾਰਡ ਕਰਨ ਲਈ ਉਸਦੀ ਕਵਿਤਾ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਉਸਤਾਦ ਦਾਮਨ ਦਾ ਨਾਂ ਉਨ੍ਹਾਂ ਸਭਨਾਂ ਲਈ ਡਾਢੀ ਨੇੜ੍ਹਤਾ ਅਤੇ ਅਪਣੱਤ ਦੀ ਭਾਵਨਾ ਜਗਾਉਂਦਾ ਹੈ ਜਿਨ੍ਹਾਂ ਨੂੰ ਦੇਸ਼ ਵੰਡ ਤੋਂ ਪਹਿਲਾਂ ਪੰਜਾਬੀ ਮੁਸ਼ਾਇਰਿਆਂ ਵਿੱਚ ਸੁਣਿਆ ਹੈ। ਉਨ੍ਹਾਂ ਵਕਤਾਂ ਵਿਚ ਅਕਸਰ ਹੀ ਪਬਲਿਕ ਜਲਸਿਆਂ ਵਿਚ ਉਸਦੀ ਕਵਿਤਾ ਸੁਣਨ ਨੂੰ ਮਿਲਦੀ ਸੀ ਤੇ ਲੋਕਾਂ ਵਲੋਂ ਉਸਦੀ ਪੁਰਜ਼ੋਰ ਮੰਗ ਕੀਤੀ ਜਾਂਦੀ ਸੀ। ਉਸਨੇ ਅਮਰੀਕਾ ਪਾਕਿਸਤਾਨ ਫੌਜੀ ਸੰਧੀ ਦਾ ਵਿਰੋਧ ਕੀਤਾ ਤੇ ਨਤੀਜੇ ਵਜੋਂ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਹੁੰਦਲ ਅਨੁਸਾਰ ਫੌਜੀ ਰਾਜ ਦੀ ਵਿਰੋਧਤਾ ਦਾਮਨ ਦੇ ਕਾਵਿ-ਸ਼ਾਸਤਰ ਦਾ ਇਕ ਨਰੋਆ ਪੱਖ ਹੈ। ਜਲੰਧਰ ਵਿਚ ਹੋਏ ਇਕ ਮੁਸ਼ਾਇਰੇ ਵਿਚ ਉਸਦੀ ਇਕ ਕਵਿਤਾ ਬੜੀ ਚਰਚਿਤ ਹੋਈ। ਇਸਦਾ ਇਕ ਸ਼ਿਅਰ ਸੀ -

**ਸਾਡੇ ਦੇਸ਼ 'ਚ ਮੌਜਾਂ ਈ ਮੌਜਾਂ,**
**ਜਿੱਧਰ ਵੇਖੋ, ਫੌਜਾਂ ਈ ਫੌਜਾਂ।**

ਉਹ 1965 ਦੀ ਭਾਰਤ-ਪਾਕਿਸਤਾਨ ਜੰਗ ਵੇਲੇ ਕੌਮੀ ਭਾਵਨਾ ਤੇ ਫ਼ਿਰਕੂ ਜਜ਼ਬੇ ਤੋਂ ਪ੍ਰਭਾਵਿਤ ਹੋ ਗਿਆ ਸੀ। ਉਹ ਕਿਸੇ ਦਾਰਸ਼ਨਿਕ ਸਿਧਾਂਤ ਅਨੁਸਾਰ ਨਹੀਂ ਲਿਖਦਾ ਸੀ, ਸਗੋਂ ਜੀਵਨ ਅਨੁਭਵ ਉੱਤੇ ਨਿਰਭਰ ਕਰਦਾ ਸੀ। ਪਰ ਇਸ ਤਰ੍ਹਾਂ ਦੇ ਰੌਂਅ ਅਧੀਨ ਲਿਖੀ ਕਵਿਤਾ, ਹੁੰਦਲ ਅਨੁਸਾਰ ਉਸਦੇ ਸਮੁੱਚੇ ਕਾਵਿ-ਜਗਤ ਨੂੰ ਰੱਦ ਨਹੀਂ ਕਰ ਸਕਦੀ। ਉਹ ਧਾਰਮਿਕ ਬੰਦਾ ਸੀ ਪਰ ਨਾਲ ਹੀ ਧਾਰਮਿਕ ਪਾਖੰਡ ਦਾ ਵਿਰੋਧੀ ਵੀ ਸੀ। ਮੁਲਾਣਿਆਂ ਵੱਲ ਉਸਦੇ ਵਿਰੋਧ ਦੇ ਪ੍ਰਗਟਾਵੇ ਬੁੱਲ੍ਹੇ ਸ਼ਾਹ ਦੀ ਕਵਿਤਾ ਨਾਲ ਮੇਲ ਖਾਂਦੇ ਹਨ। ਉਸਦੀ ਕਵਿਤਾ ਵਿਚ ਸ਼ਰਾਬ ਦਾ ਜ਼ਿਕਰ ਖੁੱਲ੍ਹ ਕੇ ਕੀਤਾ ਗਿਆ ਹੈ। ਉਸਨੇ ਹੀਰ ਦਾ ਕਿੱਸਾ ਲਿਖਣਾ ਸ਼ੁਰੂ ਕੀਤਾ ਸੀ, ਪਰ ਫ਼ਿਰਕੂ ਜਨੂੰਨੀਆਂ ਵਲੋਂ ਉਸਦਾ ਘਰ ਸਾੜਿਆ ਗਿਆ ਤੇ ਵਿਚੇ ਹੀ ਇਹ ਕਿੱਸਾ ਵੀ ਸੜ ਗਿਆ ਸੀ। ਮੌਜੂਦਾ ਬੰਦ ਜਿਹੜੇ ਉਸਦੇ ਸੰਗ੍ਰਹਿ 'ਦਾਮਨ ਦੇ ਮੋਤੀ' ਵਿਚ ਸ਼ਾਮਿਲ ਕੀਤੇ ਗਏ ਹਨ। ਸੰਪਾਦਕਾਂ ਨੇ ਕੀਤੇ ਹਨ। ਇਹ ਬੰਦ ਹੂ-ਬ-ਹੂ ਵਾਰਿਸ ਸ਼ਾਹ ਦੇ ਅੰਦਾਜ਼ ਵਿਚ ਹਨ। ਹੁੰਦਲ ਨੇ ਮਾਂ ਬੋਲੀ ਪੰਜਾਬੀ ਪ੍ਰਥੀ ਦਾਮਨ ਦੇ ਮੋਹ ਦਾ ਉਚੇਚਾ ਨੋਟਿਸ ਲਿਆ ਹੈ।

ਹੁੰਦਲ ਦੀ ਚੋਣ ਦਾ ਪੰਜਵਾਂ ਕਵੀ ਬਾਬਾ ਨਜ਼ਮੀ ਹੈ। ਉਹ ਹਕੂਮਤ ਵਲੋਂ ਕੀਤੇ ਜਾਂਦੇ ਜਬਰ ਦੀ ਕਿਸੇ ਘਟਨਾ ਬਾਰੇ ਵੀ ਖਾਮੋਸ਼ ਨਹੀਂ ਰਿਹਾ। ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਨੂੰ ਉਸਦਾ ਬਣਦਾ ਹੱਕ ਦਿਵਾਉਣ ਲਈ ਯਤਨਸ਼ੀਲ ਧਿਰਾਂ ਵਿਚ ਬਾਬਾ ਨਜ਼ਮੀ ਮੂਹਰੇ ਹੈ। ਉਸ ਦੇ ਤਿੰਨਾਂ ਕਾਵਿ-ਸੰਗ੍ਰਹਿਆਂ ਵਿਚ ਅਜਿਹੀਆਂ ਨਜ਼ਮਾਂ ਹਨ, ਜਿਨ੍ਹਾਂ ਵਿਚ ਇਸ ਜ਼ੁਬਾਨ ਦੇ ਅਮੀਰ ਵਿਰਸੇ ਦੇ ਹਵਾਲੇ ਨਾਲ ਇਸ ਦੇ ਯੋਗ ਸਥਾਨ ਦੀ ਮੰਗ ਕੀਤੀ ਗਈ ਹੈ। ਉਹ ਸਿਆਸੀ ਸ਼ਾਇਰ ਹੈ ਤੇ ਇਸੇ ਕਾਰਨ ਉਸਨੇ ਫੌਜੀ ਰਾਜ ਸਮੇਂ ਜਮਹੂਰੀ ਆਜ਼ਾਦੀਆਂ ਲਈ ਆਵਾਜ਼ ਉਠਾਈ। ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਤੇ ਉਸਦੇ



ਪਰਿਵਾਰ ਦੀ ਸਿਫ਼ਤ ਵਿਚ ਨਜ਼ਮਾਂ ਲਿਖੀਆਂ। ਪਰ ਜਦੋਂ ਇਸ ਸਰਕਾਰ ਵਲੋਂ ਲੋਕਾਂ ਉੱਤੇ ਜਬਰ ਕੀਤਾ ਗਿਆ, ਬਾਬਾ ਇਸ ਵਿਰੁੱਧ ਲਿਖਣ ਤੋਂ ਝਿਜਕਿਆ ਨਹੀਂ। 'ਬਾਬਰੀ ਮਸਜਿਦ' ਨਾਂ ਦੀ ਨਜ਼ਮ ਵਿਚ ਉਸਨੇ ਮੁਸਲਮਾਨ ਜਨੂੰਨੀਆਂ ਵਿਰੁੱਧ ਆਵਾਜ਼ ਉਠਾਈ। ਵੰਡ ਤੋਂ ਪਹਿਲਾਂ ਵਾਲੇ ਪੰਜਾਬ ਵਿਚ ਚੱਲੀ ਆਜ਼ਾਦੀ ਦੀ ਲਹਿਰ ਬਾਰੇ ਉਸਨੇ 'ਭਗਤ ਸਿੰਘ' ਨਾਮੀਂ ਨਜ਼ਮ ਵਿਚ ਇਉਂ ਲਿਖਿਆ -

ਨੱਚਾਂ ਗਾਵਾਂ
ਭੰਗੜੇ ਪਾਵਾਂ
ਦੇਗਾਂ ਚਾੜ੍ਹਾਂ ਰਾਤ ਦਿਨੇ।
ਮੇਰਾ ਪੁੱਤਰ, ਮੇਰੇ ਵੀਰ ਤੇ
ਆਪਣੇ ਤਾਏ ਭਗਤ ਸਿੰਘ ਦੇ
ਪੈਰਾਂ ਉੱਤੇ ਪੈਰ ਧਰੇ
ਮੇਰੀ ਪੂਰੀ ਆਸ ਕਰੇ।

ਉਸ ਲਹਿਰ ਪ੍ਰਤੀ ਉਸਦੀ ਡੂੰਘੀ ਨਿਸ਼ਠਾ ਦਾ ਇਹ ਇਕ ਪ੍ਰਮਾਣ ਹੈ।

ਹੁੰਦਲ ਨੇ ਇਸ ਮਜਮੂਏ ਵਿਚ ਹਬੀਬ ਜਾਲਿਬ ਨੂੰ ਵੀ ਸ਼ਾਮਿਲ ਕੀਤਾ ਹੈ। ਜਿਸਦੇ ਸੰਗ੍ਰਹਿ 'ਸਰੇ ਮਕਤਲ' ਦੇ ਇਕ ਮਹੀਨੇ ਵਿਚ ਚਾਰ ਐਡੀਸ਼ਨ ਛਪੇ ਸਨ। ਉਹ ਮੁੱਖ ਤੌਰ ਉੱਤੇ ਉਰਦੂ ਦਾ ਸ਼ਾਇਰ ਸੀ। ਪੰਜਾਬੀ ਵਿਚ ਉਸਨੇ ਘੱਟ ਲਿਖਿਆ ਸੀ। ਫਿਰ ਵੀ ਉਸਦੀ ਪੰਜਾਬੀ ਦੀ ਸ਼ਾਇਰੀ ਅਣਗੌਲੀ ਨਹੀਂ ਕੀਤੀ ਜਾ ਸਕਦੀ। ਉਹ ਪਹਿਲੀ ਵਾਰ 1954 ਵਿਚ ਮੁਜ਼ਾਰਾ ਲਹਿਰ ਵਿਚ ਹਿੱਸਾ ਲੈਣ ਕਾਰਨ ਗ੍ਰਿਫ਼ਤਾਰ ਕੀਤਾ ਗਿਆ। ਮਗਰੋਂ ਵੀ ਅਨੇਕਾਂ ਵਾਰ ਜੇਲ੍ਹ ਵਿਚ ਪਾਇਆ ਗਿਆ ਤੇ ਇਹ ਸਿਲਸਿਲਾ ਉਸ ਦੇ ਜੀਵਨ ਦੇ ਅਖ਼ੀਰਲੇ ਦਿਨਾਂ ਤੱਕ ਚਲਿਆ। ਉਹ ਨੈਸ਼ਨਲ ਅਵਾਮੀ ਪਾਰਟੀ ਦਾ ਸਮਰਥਕ ਸੀ ਤੇ ਇਸੇ ਨਾਲ ਉਹ ਨਿਭਿਆ। ਜਦੋਂ ਕਿਤੇ ਹਾਲਾਤ ਸਾਜ਼ਗਾਰ ਹੋਏ, ਉਦੋਂ ਉਸ ਨੂੰ ਉਸ ਵੱਲੋਂ ਲਿਖੇ ਗਏ ਗੀਤਾਂ ਬਦਲੇ ਫਿਲਮੀ ਐਵਾਰਡ ਵੀ ਮਿਲੇ। ਫੌਜੀ ਰਾਜ ਦਾ ਵਿਰੋਧ ਤੇ ਨਾਗਰਿਕ ਹੱਕਾਂ ਦਾ ਸਮਰਥਨ ਉਸਦੀ ਕਵਿਤਾ ਦੇ ਮੂਲ ਵਿਸ਼ੇ ਸਨ। ਔਰਤਾਂ ਦੀ ਗਵਾਹੀ ਨੂੰ ਮਰਦਾਂ ਨਾਲੋਂ ਅੱਧੀ ਕਰਾਰ ਦੇਣ ਦੇ ਕਾਨੂੰਨ ਦਾ ਉਸਨੇ ਵਿਰੋਧ ਕੀਤਾ। ਇਸ ਉੱਤੇ ਪੁਲਿਸ ਨੇ ਉਸਨੂੰ ਕੁੱਟਿਆ। ਇਸ ਵਿਰੁੱਧ ਰੋਸ ਪ੍ਰਗਟ ਕਰਦਿਆਂ ਉਸਨੇ ਕਵਿਤਾ ਵਿਚ ਇਨ੍ਹਾਂ ਸੱਟਾਂ ਨੂੰ 'ਤਗ਼ਮੇ' ਤੇ 'ਵਫ਼ਾ ਦੀ ਦਾਦ' ਕਿਹਾ। ਫੌਜੀ ਰਾਜ ਦਾ ਵਿਰੋਧ ਕਰਦਿਆਂ ਉਸਨੇ ਪੰਜਾਬੀ ਕਵਿਤਾ ਵਿਚ ਉਸ ਨੂੰ 'ਬੂਟਾਂ ਦੀ ਸਰਕਾਰ' ਕਿਹਾ ਤੇ ਇਸ ਹਕੀਕਤ ਨੂੰ ਨੋਟ ਕੀਤਾ ਕਿ ਇਕ ਵਾਰ ਕਾਬਜ਼ ਹੋ ਜਾਣ ਤੋਂ ਬਾਅਦ ਅਜਿਹੀ ਸਰਕਾਰ ਮੁਸ਼ਕਿਲ ਨਾਲ ਹੀ ਲਹਿੰਦੀ ਹੈ। ਹੁੰਦਲ ਦੇ ਮੁਲਾਂਕਣ ਅਨੁਸਾਰ ਜਾਲਿਬ, ਫ਼ੈਜ਼ ਦੀ ਕਾਵਿ-ਪਰੰਪਰਾ ਨੂੰ ਅੱਗੇ ਤੋਰਦਾ ਹੈ ਪਰ ਆਪਣੇ ਨਿਵੇਕਲੇ ਅੰਦਾਜ਼ ਵਿਚ। ਫ਼ੈਜ਼ ਵਿਚ ਸੁਹਜ-ਸਿਰਜਣਾ ਵਧੇਰੇ ਸੀ। ਉਸਨੇ ਗੀਤਾਂ ਤੋਂ ਇਲਾਵਾ ਨਜ਼ਮਾਂ ਵੀ ਲਿਖੀਆਂ ਪਰ ਗ਼ਜ਼ਲ ਵਿਚ ਉਸਦਾ ਸਥਾਨ ਨਿਵੇਕਲਾ ਹੈ।

ਸਾਈਂ ਅਖ਼ਤਰ ਲਾਹੌਰੀ ਬਾਰੇ ਲਿਖਦਿਆਂ ਹੁੰਦਲ ਨੇ ਇਸ ਤੱਥ ਵੱਲ ਧਿਆਨ ਦੁਆਇਆ ਹੈ ਕਿ ਇਕ ਲੋਕ ਕਵੀ ਦੇ ਸਾਹਮਣੇ ਪਾਠਕ ਨਹੀਂ ਹੁੰਦਾ, ਸਰੋਤਾ ਹੁੰਦਾ ਹੈ। ਸਰੋਤੇ ਜਟਿਲ ਕਵਿਤਾ ਨਹੀਂ ਸਮਝ ਸਕਦੇ। ਸਾਈਂ ਦੀ ਕਵਿਤਾ ਵੀ ਸੰਵੇਦਨਸ਼ੀਲ ਸਰੋਤਿਆਂ ਲਈ ਨਹੀਂ ਹੈ। ਉਸਦੀ ਨਜ਼ਮ 'ਅੱਲਾ ਮੀਆਂ ਥੱਲੇ ਆ' ਬਹੁਤ ਪ੍ਰਸਿੱਧ ਹੋਈ ਹੈ। ਇਸ ਵਿਚ ਕਵੀ ਨੇ ਸਮਾਜ ਦੀਆਂ ਪ੍ਰਚਲਿਤ ਬੁਰਾਈਆਂ ਰਿਸ਼ਵਤਖੋਰੀ

ਤੇ ਸੰਪਤੀ ਦੀ ਅਸਾਵੀਂ ਵੰਡ ਜਿਹੇ ਵਰਤਾਰਿਆਂ ਦਾ ਜ਼ਿਕਰ ਕਰਕੇ ਖ਼ੁਦਾ ਦਾ ਧਿਆਨ ਇਨ੍ਹਾਂ ਵੱਲ ਦੁਆਉਣ ਦਾ ਯਤਨ ਕੀਤਾ ਹੈ। ਹੁੰਦਲ ਅਨੁਸਾਰ ਉਹ ਕਲਾ ਨੂੰ ਇਕ ਵਿਧੀ ਵਜੋਂ ਵਰਤਦਾ ਹੈ ਕਿਉਂਕਿ ਇਨ੍ਹਾਂ ਬੁਰਾਈਆਂ ਦਾ ਇਲਾਜ ਕੇਵਲ ਸਾਂਝੇ ਜਨਤਕ ਯਤਨਾਂ ਨਾਲ ਹੀ ਹੋ ਸਕਦਾ ਹੈ। ਸਾਈਂ ਨੇ ਭਾਵੇਂ ਨਿੱਕੀਆਂ ਕਵਿਤਾਵਾਂ ਤੇ ਦੋ-ਦੋ, ਚਾਰ-ਚਾਰ ਪੰਕਤੀਆਂ ਵਾਲੇ ਬੈਂਤ ਵੀ ਲਿਖੇ ਹਨ ਪਰ ਉਸਦੀ ਕਵਿਤਾ ਦਾ ਅਸਲ ਰੰਗ ਲੰਮੀ ਕਵਿਤਾ ਵਿਚ ਹੀ ਉਘੜਦਾ ਹੈ। ਹੁੰਦਲ ਅਨੁਸਾਰ ਪੰਜਾਬੀ ਕਵੀਆਂ ਦੀ ਘਾਲਣਾ ਕਾਰਨ ਹੁਣ ਕਿਸੇ ਲੋਕ ਕਵੀ ਲਈ ਇਹ ਇਕ ਪੈਮਾਨਾ ਬਣ ਚੁੱਕਾ ਹੈ ਕਿ ਉਸਨੇ ਮੁੱਲਾਂ, ਮੌਲਾਣਿਆਂ, ਜਗੀਰਦਾਰਾਂ, ਪੂੰਜੀਪਤੀਆਂ, ਫੌਜੀ ਹਾਕਮਾਂ ਤੇ ਅਮਰੀਕੀ ਸਾਮਰਾਜੀਆਂ ਦਾ ਕਿੰਨਾ ਵਿਰੋਧ ਕੀਤਾ ਹੈ। ਸਾਈਂ ਨੇ ਪੰਜਾਬੀ ਬੋਲੀ ਨੂੰ ਉਸ ਦਾ ਯੋਗ ਸਥਾਨ ਦਿਵਾਉਣ ਲਈ ਵੀ ਕਵਿਤਾ ਰਾਹੀਂ ਆਵਾਜ਼ ਉਠਾਈ ਹੈ। ਹੁੰਦਲ ਨੇ ਇਹ ਨੁਕਤਾ ਵੀ ਪੇਸ਼ ਕੀਤਾ ਹੈ ਕਿ ਵਾਹਗੇ ਪਾਰ ਦੀ ਪੰਜਾਬੀ ਕਵਿਤਾ ਦੀ ਇਧਰਲੀ ਪੰਜਾਬੀ ਕਵਿਤਾ ਨਾਲ ਤੁਲਨਾ ਕਰਨੀ ਯੋਗ ਨਹੀਂ। ਉਪਰੰਤ ਲੋਕ ਕਵਿਤਾ ਨੂੰ ਪਰਖਣ ਲਈ ਨਵੇਂ ਮਾਪਦੰਡਾਂ ਦਾ ਨਿਰਮਾਣ ਕਰਨਾ ਪਵੇਗਾ।

ਸਲੀਮ ਜਹਾਂਗੀਰ ਬਾਰੇ ਲਿਖਦਿਆਂ ਹੁੰਦਲ ਨੇ ਉਸ ਨੂੰ 'ਮੁਖ ਰੂਪ ਵਿਚ' ਇਕ ਇਨਕਲਾਬੀ ਕਵੀ ਕਿਹਾ ਹੈ। ਬਹੁਤ ਵਾਰ ਅਜਿਹੀ ਕਵਿਤਾ ਰਾਜਸੀ ਪ੍ਰਚਾਰ ਦਾ ਰੂਪ ਧਾਰ ਲੈਂਦੀ ਹੈ। ਭਾਵੇਂ ਇਹ ਕਿਹਾ ਗਿਆ ਹੈ ਕਿ ਰਾਜਸੀ ਕਵਿਤਾ ਸਦੀਵੀਂ ਨਹੀਂ ਹੁੰਦੀ ਤੇ ਕੇਵਲ ਪਿਆਰ ਦੀ ਕਵਿਤਾ ਹੀ ਸਦੀਵੀਂ ਹੁੰਦੀ ਹੈ। ਪਰ ਅਸਲ ਗੱਲ ਏਡੀ ਸਿੱਧੀ-ਸਾਦੀ ਨਹੀਂ ਹੈ। ਅਸਲ ਸਵਾਲ ਇਹ ਹੈ ਕਿ ਰਾਜਸੀ ਪਹੁੰਚ ਰੱਖਣ ਵਾਲਾ ਕਵੀ ਆਪਣੇ ਰਾਜਸੀ ਅਨੁਭਵ ਨੂੰ ਕਿੰਨੀ ਗਹਿਰਾਈ ਨਾਲ ਤੇ ਕਿੰਨੀ ਕਲਾਤਮਿਕਤਾ ਨਾਲ ਪੇਸ਼ ਕਰਦਾ ਹੈ। ਸਲੀਮ ਨੇ ਪਾਕਿਸਤਾਨੀ ਅਵਾਮ ਦੀ ਬੇਬਸੀ ਦਾ ਨੋਟਿਸ ਲਿਆ ਤੇ ਜੁਝਾਰੂ ਆਗੂਆਂ ਦੀ ਸੂਰਮਗਤੀ ਦੇ ਗੀਤ ਗਾਏ। ਉਸਨੇ ਪਾਕਿਸਤਾਨ ਵਿਚ ਪ੍ਰਚਲਿਤ ਸਾਰੇ ਕਾਵਿ-ਰੂਪਾਂ ਦੀ ਵਰਤੋਂ ਕੀਤੀ ਤੇ ਬਹੁਤ ਹੱਦ ਤੱਕ ਸਿੱਧਾ ਪ੍ਰਚਾਰ ਕਰਨ ਤੋਂ ਸੰਕੋਚ ਕੀਤਾ ਤੇ ਛੰਦ-ਰਹਿਤ ਨਜ਼ਮਾਂ ਵੀ ਲਿਖੀਆਂ ਪਰ ਇਨ੍ਹਾਂ ਵਿਚ ਲੈਅ ਤੇ ਤਾਲ ਨੂੰ ਨਿਭਾਇਆ। ਉਸਨੇ ਗ਼ਜ਼ਲਾਂ ਵੀ ਲਿਖੀਆਂ ਪਰ ਹੁੰਦਲ ਅਨੁਸਾਰ ਉਨ੍ਹਾਂ ਵਿਚ ਤਗ਼ਜ਼ਲ ਦਾ ਰੰਗ ਗਾਇਬ ਹੈ। ਇਨ੍ਹਾਂ ਵਿਚ ਗ਼ਜ਼ਲ ਵਰਗੀ ਚੁਸਤੀ ਤੇ ਨਜ਼ਾਕਤ ਨਹੀਂ ਤੇ ਵਜ਼ਨ ਦੀ ਬੇਕਾਇਦਗੀ ਵੀ ਖਟਕਦੀ ਹੈ। ਉਸਨੇ ਗੀਤ ਵੀ ਲਿਖੇ ਹਨ ਪਰ ਇਹ ਰਾਜਸੀ ਪ੍ਰਚਾਰ ਹੀ ਪ੍ਰਤੀਤ ਹੁੰਦੇ ਹਨ। ਹੁੰਦਲ ਦੀ ਰਾਏ ਵਿਚ ਗੀਤ ਜਜ਼ਬਿਆਂ ਨੂੰ ਪ੍ਰਗਟ ਕਰਦਾ ਹੈ, ਵਿਚਾਰਾਂ ਤੇ ਤਰਕ ਨੂੰ ਨਹੀਂ। ਇਹ ਫ਼ਲਸਫ਼ੇ ਦਾ ਭਾਰ ਚੁੱਕਣ ਤੇ ਸਮਰੱਥ ਨਹੀਂ ਹੁੰਦਾ।

ਪ੍ਰਸਿੱਧ ਸ਼ਾਇਰ ਨਜ਼ਮ ਹੁਸੈਨ ਸੱਯਦ ਬਾਰੇ ਲਿਖਦਿਆਂ ਹੁੰਦਲ ਨੇ ਉਸਦੇ ਪਹਿਲੇ ਕਾਵਿ-ਸੰਗ੍ਰਹਿ 'ਕਾਫ਼ੀਆਂ' ਦਾ ਜ਼ਿਕਰ ਕੀਤਾ ਹੈ। ਇਸ ਦੀ ਪਹਿਲੀ ਕਵਿਤਾ 'ਗ਼ਜ਼ਲ' ਸਿਰਲੇਖ ਥੱਲੇ ਹੈ। ਇਸ ਵਿਚ ਇਕ-ਦੋ ਥਾਈਂ ਬੈਂਤ ਛੰਦ ਦੀਆਂ ਪੰਗਤੀਆਂ ਹਨ। ਪਰ ਨਾ ਰਦੀਫ਼, ਨਾ ਮਕਤਾ, ਨਾ ਮਤਲਾ, ਭਾਵ ਗ਼ਜ਼ਲ ਵਾਲਾ ਕੁਝ ਵੀ ਨਹੀਂ। ਫਿਰ ਵੀ ਇਸ ਸੰਗ੍ਰਹਿ ਵਿਚ ਬਹੁਤ ਕੁਝ ਐਸਾ ਹੈ ਜੋ ਸਾਡਾ ਧਿਆਨ ਖਿੱਚਦਾ ਹੈ। ਉਸਦਾ ਇਹ ਪਹਿਲਾ ਸੰਗ੍ਰਹਿ ਹੋਣ ਕਾਰਨ ਉਸ ਵਲੋਂ ਲਿਖੀਆਂ ਗਈਆਂ ਖੁੱਲ੍ਹਾਂ ਅਣਡਿੱਠ ਕੀਤੀਆਂ ਜਾ ਸਕਦੀਆਂ ਹਨ। ਉਸਦੇ ਦੂਜੇ ਸੰਗ੍ਰਹਿ 'ਚੰਦਨ ਰੁਖ਼ ਤੇ ਵਿਹੜਾ' ਵਿਚ ਪੇਸ਼ 'ਜੰਗਨਾਮਾ' ਬਾਰੇ ਹੁੰਦਲ ਦਾ ਕਹਿਣਾ ਹੈ ਕਿ ਉਹ ਇਸ ਨੂੰ ਸਮਝ ਨਹੀਂ ਸਕਿਆ। ਤੀਜਾ ਕਾਵਿ-ਸੰਗ੍ਰਹਿ 'ਬਾਰ ਦੀ ਵਾਰ' ਹੈ। ਇਸ ਵਿਚਲੀਆਂ ਕਵਿਤਾਵਾਂ ਦਾ ਹਵਾਲਾ ਦੇ ਕੇ ਹੁੰਦਲ ਨੇ ਇਹ ਪ੍ਰਮਾਣਿਤ ਕੀਤਾ ਹੈ ਕਿ ਸਮਕਾਲੀ ਪਾਕਿਸਤਾਨ ਵਿਚਲੇ ਲੋਟੂ ਜਮਾਤਾਂ ਦੇ ਗ਼ਲਬੇ ਬਾਰੇ ਨਜ਼ਮ ਹੁਸੈਨ ਕੇਵਲ ਧੁੰਦਲਾ ਜਿਹਾ ਸੰਕੇਤ ਹੀ ਦਿੰਦਾ



ਹੈ ਅਤੇ ਗੱਲ ਨੂੰ ਅਧੂਰੀ ਹੀ ਛੱਡ ਦਿੰਦਾ ਹੈ। ਇਹ ਸ਼ਾਇਦ ਇਸ ਕਾਰਨ ਹੈ ਕਿ ਉਹ ਇਕ ਸਰਕਾਰੀ ਅਹੁਦੇ ਉੱਤੇ ਲੱਗਾ ਰਿਹਾ ਹੈ। 'ਮੁਲਤਾਨ ਸ਼ਹਿਰ ਦੀ ਵਾਰ' ਨਾਮੀ ਕਵਿਤਾ ਨੂੰ ਸਮਝਣ ਵਿਚ ਵੀ ਹੁੰਦਲ ਆਪਣੀ ਅਸਮਰੱਥਾ ਪ੍ਰਗਟ ਕਰਦਾ ਹੈ। ਕਵੀ ਦੇ ਚੌਥੇ ਕਾਵਿ-ਸੰਗ੍ਰਹਿ 'ਰੁੱਤ ਦੇ ਕੰਮ' ਦੇ ਗੀਤਾਂ ਵਿਚ ਹੁੰਦਲ ਅਨੁਸਾਰ 'ਮਨਮਰਜ਼ੀ ਦੀਆਂ ਤਕਨੀਕੀ ਖੁੱਲ੍ਹਾਂ' ਲਈਆਂ ਗਈਆਂ ਹਨ। ਉਸਦੇ ਪੰਜਵੇਂ ਕਾਵਿ-ਸੰਗ੍ਰਹਿ 'ਖੱਪੇ' ਵਿਚਲੇ ਗੀਤਾਂ ਵਿਚ ਤਾਲ ਤੇ ਛੰਦ ਦਾ ਕਾਫ਼ੀ ਹੱਦ ਤੱਕ ਖ਼ਿਆਲ ਰੱਖਿਆ ਗਿਆ ਹੈ ਭਾਵੇਂ ਪੂਰਾ-ਪੂਰਾ ਨਹੀਂ। ਛੇਵੇਂ ਸੰਗ੍ਰਹਿ 'ਸ਼ੀਸ਼ ਮਹੱਲ ਦੀ ਵਾਰ' ਵਿਚ ਕਵੀ ਨੇ ਇਹ ਪ੍ਰਣਾਮ ਤਾਂ ਦਿੱਤਾ ਹੈ ਕਿ ਛੰਦ-ਬੱਧ ਰਚਨਾ ਕਰਨੀ ਔਖੀ ਨਹੀਂ ਪਰ ਫਿਰ ਵੀ ਸਮੁੱਚੇ ਤੌਰ ਤੇ ਇਹ ਸੰਗ੍ਰਹਿ ਕਮਜ਼ੋਰ ਹੈ। ਸਤਵੇਂ ਸੰਗ੍ਰਹਿ 'ਆਮ ਦਿਨਾਂ ਦੇ ਨਾਂਅ' ਵਿਚ ਵਾਰ ਦੇ ਤੌਰ ਉੱਤੇ ਸ਼ਾਮਿਲ ਕੀਤੀ ਗਈ ਕਵਿਤਾ ਵਾਰ ਅਖਵਾਉਣ ਦੇ ਬਿਲਕੁਲ ਕਾਬਿਲ ਨਹੀਂ। ਫਿਰ ਵੀ ਇਹ ਸ਼ਾਇਰ ਦੀ ਸਿਫ਼ਤ ਹੈ ਕਿ ਉਹ ਅਣਗੌਲੇ ਵਿਸ਼ਿਆਂ ਉੱਤੇ ਲਿਖਦੇ ਹਨ। ਅੱਠਵਾਂ ਕਾਵਿ-ਸੰਗ੍ਰਹਿ 'ਕਾਲ ਥਾਲ' ਹੈ। ਇਸ ਤੋਂ ਉਸਦੇ ਕਵੀ ਵਜੋਂ ਵਿਕਾਸ ਦੇ ਸੰਕੇਤ ਨਹੀਂ ਮਿਲਦੇ। ਉਦਾਹਰਣ ਦੇ ਤੌਰ ਉੱਤੇ ਹੁੰਦਲ ਨੇ ਉਸਦੇ ਇਕ ਗੀਤ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਬਨੇਰਿਆਂ ਉੱਤੇ ਕੱਖ ਬਾਲਣ ਦਾ ਜ਼ਿਕਰ ਹੈ। ਹੁੰਦਲ ਦਾ ਇਤਰਾਜ਼ ਇਹ ਹੈ ਕਿ ਬਨੇਰੇ ਉੱਤੇ ਦੀਵਾ ਤਾਂ ਬਾਲ ਕੇ ਧਰੀਦਾ ਹੈ ਪਰ ਕੱਖ ਨਹੀਂ।

ਪੰਜਾਬ ਵਿਚ ਸਭ ਤੋਂ ਵੱਧ ਚਰਚਿਤ ਪਾਕਿਸਤਾਨੀ ਕਵੀ ਫ਼ਖ਼ਰ ਜ਼ਮਾਨ ਦਾ ਜ਼ਿਕਰ ਕਰਦਿਆਂ ਹੁੰਦਲ ਨੇ ਲਿਖਿਆ ਹੈ ਕਿ ਉਸ ਦੀ ਪ੍ਰਤਿਭਾ ਦਾ ਅਸਲ ਪ੍ਰਗਟਾਵਾ ਉਸ ਦੇ ਨਾਵਲਾਂ ਵਿਚ ਹੋਇਆ ਹੈ। ਉਹ ਇਕ ਸਰਬ-ਪੱਖੀ ਅਦੀਬ ਹੈ। ਉਹ ਹਰ ਖੇਤਰ ਵਿਚ ਤਜ਼ਰਬਿਆਂ ਦਾ ਹਾਮੀ ਹੈ। ਉਹ ਪ੍ਰਗਤੀਵਾਦੀ ਵੀ ਹੈ ਤੇ ਪ੍ਰਯੋਗਵਾਦੀ ਵੀ। ਉਸ ਦੀਆਂ ਗਾਲਪਨਿਕ ਲਿਖਤਾਂ ਤੇ ਨਜ਼ਮਾਂ ਨੂੰ ਪਾਕਿਸਤਾਨ ਦੀਆਂ ਠੋਸ ਹਾਲਤਾਂ ਦੇ ਪ੍ਰਸੰਗ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਹੁੰਦਲ ਅਨੁਸਾਰ ਉਸ ਦੀਆਂ ਗ਼ਜ਼ਲਾਂ ਵਿਚ ਅਨੁਭਵ ਨਰੋਏ ਤੇ ਅਲੋਕਾਰ ਹਨ ਪਰ ਤੱਗ਼ਜ਼ਲ ਕਮਜ਼ੋਰ ਹੈ ਜਾਂ ਬਿਲਕੁਲ ਅਲੋਪ ਹੈ। ਕਾਫ਼ੀਏ ਤੇ ਰਦੀਫ਼ ਵੀ ਖਿੱਚ ਧਰੂਹ ਕੇ ਮੇਲਣ ਦਾ ਯਤਨ ਕੀਤਾ ਗਿਆ ਹੈ। ਫਿਰ ਵੀ ਉਸ ਦੀ ਹਮਦਰਦੀ ਲੋਕਾਂ ਨਾਲ ਹੈ ਪਰ ਜੇ ਉਹ ਲੋਕਾਂ ਦਾ ਕਾਵਿ-ਮੁਹਾਵਰਾ ਗ੍ਰਹਿਣ ਕਰ ਲਵੇ ਤਾਂ ਲੋਕ ਉਸਨੂੰ ਹੱਥਾਂ ਉੱਤੇ ਚੁੱਕ ਲੈਣਗੇ। ਇਸ ਰਾਹੇ ਪੈਣ ਤੋਂ ਉਸਦੀਆਂ ਸ਼੍ਰੇਣਕ ਮਜਬੂਰੀਆਂ ਰੋਕਦੀਆਂ ਹਨ।

ਹੁੰਦਲ ਨੇ ਇਸ ਸੰਗ੍ਰਹਿ ਵਿਚ ਤਨਵੀਰ ਬੁਖ਼ਾਰੀ, ਜ਼ਫਰ ਇਕਬਾਲ, ਬਿਸਮਿਲ, ਸ਼ਾਇਸਤਾ ਹਬੀਬ, ਜਾਵੇਦ ਜ਼ੱਕੀ, ਨਸਰੀਨ ਅੰਜ਼ਮ ਭੱਟੀ, ਰਫ਼ਾਕਤ ਹੁਸੈਨ ਮੁਮਤਾਜ਼ ਤੇ ਹਸਨ ਇਰਾਫ਼ੀ ਨੂੰ ਵੀ ਸ਼ਾਮਿਲ ਕੀਤਾ ਹੈ। ਇਨ੍ਹਾਂ ਬਾਰੇ ਲਿਖਦਿਆਂ ਉਸਨੇ ਉਹੋ ਪੈਮਾਨਾ ਵਰਤਿਆ ਹੈ ਜਿਹੜਾ ਉਪਰੋਕਤ ਵਿਚਾਰੇ ਗਏ ਦਸ ਕਵੀਆਂ ਦੇ ਮਾਮਲੇ ਵਿਚ ਵਰਤਿਆ ਗਿਆ ਹੈ।

ਹੁੰਦਲ ਦੇ ਇਸ ਕਥਨ ਨੂੰ ਮੰਨਣ ਵਿਚ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿ ਉਸਨੇ ਆਪਣੀ ਰਾਏ ਪ੍ਰਗਟ ਕਰਨ ਸਮੇਂ ਸੁਹਜ-ਸ਼ਾਸਤਰੀ ਨੇਮਾਂ ਨੂੰ ਸਾਹਮਣੇ ਰੱਖਿਆ ਹੈ ਤੇ ਇਨ੍ਹਾਂ ਕਵੀਆਂ ਦੇ ਰਾਜਸੀ ਤੇ ਸਮਾਜਿਕ ਪ੍ਰਸੰਗਾਂ ਵਿਚ ਉਨ੍ਹਾਂ ਦੀ ਜੋਖ-ਪਰਖ ਕੀਤੀ ਹੈ।

ਪੁਸਤਕ ਦਾ ਸੰਪਾਦਨ ਹੁੰਦਲ ਦੇ ਸਪੁੱਤਰ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਡਾਢੀ ਯੋਗਤਾ ਨਾਲ ਕੀਤਾ ਹੈ। ਉਸਦਾ ਇਹ ਅਹਿਸਾਸ ਕੁਦਰਤੀ ਹੈ ਕਿ ਇਸ ਪੁਸਤਕ ਨਾਲ ਉਸ ਨੇ ਦੋਹਾਂ ਪੰਜਾਬਾਂ ਵਿਚ ਇਕ ਸਾਹਿਤਕ ਪੁਲ ਉਸਾਰ ਦਿੱਤਾ ਹੈ। •

**ਪੰਜਾਬੀ ਕਹਾਣੀ**

# ਇਲਾਹੀ ਮੋਹਰ

ਅਫ਼ਜ਼ਲ ਅਹਿਸਨ ਰੰਧਾਵਾ

ਗੱਲ ਸੁਨਾਉਣ ਵਾਲਾ, ਨਾਲ ਦੇ ਹੁੰਗਲਾਉਂਦੇ ਨੂੰ ਪਿਆਰ ਨਾਲ ਹੁੱਝ ਮਾਰਕੇ ਬੋਲਿਆ, 'ਕਾਇਮ ਹੋ ਭਾਈ, ਤੇਰੀ ਵਾਰੀ।'

ਅਗਲੇ ਨੇ ਹਨ੍ਹੇਰੇ ਤੋਂ ਲੋਅ ਵਿਚ ਹੋ ਕੇ ਆਪਣੀ ਗੱਲ ਛੋਹੀ, 'ਕਰੀਬ ਕਰੀਬ ਪੰਜ ਸੌ ਵਰ੍ਹੇ ਪੁਰਾਣਾ ਸੱਚ, ਕੱਲ ਦਾ ਸੱਚ ਹੀ ਨਹੀਂ, ਅੱਜ ਦਾ ਵੀ ਸੱਚ ਏ. . . ਮੈਂ ਅੱਗੇ ਕਿਤੇ ਆਖ ਬੈਠਾ ਆਂ ਜੇ ਸੱਚ ਕਦੇ ਪੁਰਾਣਾ ਨਹੀਂ ਹੁੰਦਾ. . . ਸੱਚ ਕਦੇ ਬੁੱਢਾ ਨਹੀਂ ਹੁੰਦਾ. . . ਸੱਚ ਕਦੇ ਮਰਦਾ ਨਹੀਂ। ਸੋ ਇਹ ਆਖਣਾ ਵਧੇਰੇ ਠੀਕ ਹੋਵੇਗਾ ਜੇ ਘਰ ਵਾਲੀਆਂ ਨਿਰੇ ਭਰਾਵਾਂ ਨੂੰ ਹੀ ਜੋੜਦੀਆਂ ਤੋੜਦੀਆਂ ਨਹੀਂ ਸਗੋਂ ਮਾਪੇ, ਭਾਈ ਭੈਣਾਂ, ਸਾਕ-ਅੰਗਾਂ ਨੂੰ ਜੋੜਨ ਤੋੜਨ ਵਿਚ ਵੀ ਘਰ ਵਾਲੀਆਂ ਦਾ ਹੱਥ ਹੁੰਦਾ ਏ। ਗੱਲ ਹੋਰ ਅਗਾਂਹ ਏ ਤੇ ਇਹ ਆਖਣਾ ਜ਼ਿਆਦਾ ਸਹੀ ਹੋਵੇਗਾ ਜੇ ਘਰਾਂ ਨੂੰ ਘਰ ਦੀਆਂ ਘਰ ਵਾਲੀਆਂ ਬਣਾਉਂਦੀਆਂ ਨੇ ਤੇ ਘਰਾਂ ਦਾ ਥੇਹ ਵੀ ਘਰ ਵਾਲੀਆਂ ਹੀ ਕਰਦੀਆਂ ਨੇ। ਸੋ ਸੈਂਕੜੇ ਕਹਾਣੀਆਂ ਟੁਰੀਆਂ ਫਿਰਦੀਆਂ ਨੇ ਜਿੱਥੇ ਘਰ ਦੀਆਂ ਘਰਾਂ ਨੂੰ ਜ਼ਮੀਨ ਤੋਂ ਚੁੱਕ ਕੇ ਅਸਮਾਨੇ ਚਾੜ੍ਹ ਦਿੱਤਾ ਤੇ ਹਜ਼ਾਰ ਹਾ ਕਹਾਣੀਆਂ ਟੁਰੀਆਂ ਫਿਰਦੀਆਂ ਨੇ ਜਿੱਥੇ ਘਰਦੀਆਂ ਨੇ ਵਸਦੇ ਰਸਦੇ ਘਰਾਂ ਨੂੰ ਉਜਾੜ ਦਿੱਤਾ. . . ਭੋਏਂ ਨਾਲ ਲਾ ਦਿੱਤਾ. . . ਘੱਟੇ ਮਿੱਟੀ ਵਿਚ ਰੋਲ ਦਿੱਤਾ। ਕਿਥੋਂ ਤੀਕ ਸੁਣਾਵਾਂ ਤੁਹਾਨੂੰ? ਮੇਰੀ ਉਮਰ ਸੁਣਾਉਂਦਿਆਂ ਤੇ ਤੁਹਾਡੀਆਂ ਉਮਰਾਂ ਸੁਣਦਿਆਂ ਮੁੱਕ ਜਾਣ ਪਰ ਕਹਾਣੀਆਂ ਮੁੱਕਣ ਨਾ. . . ਮੈਂ ਤੁਹਾਨੂੰ ਦੁਖੀ ਵੀ ਬਹੁਤਾ ਨਹੀਂ ਕਰਨਾ ਚਾਹੁੰਦਾ, ਬਹੁਤੇ ਦੁੱਖਾਂ ਵਾਲੀਆਂ ਕਹਾਣੀਆਂ ਸੁਣਾ ਕੇ, ਕਿਉਂ ਜੇ ਦੁੱਖਾਂ ਨਾਲ ਤੇ ਤੁਸੀਂ ਅੱਗੇ ਈ ਪੱਛੋ ਪੱਛ ਹੋਏ ਪਏ ਓ. . . ਦੂਜੇ ਗੱਲ ਮੁੱਕਣ ਵਲੀ ਕਰੀਏ। ਗੱਲ ਕਦੇ ਨਾ ਮੁੱਕਣ ਵਾਲੀ ਵੀ ਮੇਰੇ ਕੋਲ ਹੈ ਏ ਪਰ ਤੁਹਾਡੇ ਕੋਲ ਐਨਾ ਵਕਤ ਤੇ ਸਮਾਂ ਨਹੀਂ ਹੋਣ ਲੱਗਾ। ਕਿਸੇ ਦੇਗ ਚੋਂ ਚੌਲਾਂ ਦਾ ਇਕ ਦਾਣਾ ਕੱਢ ਕੇ, ਟੋਹ ਕੇ ਵੇਖ ਨਹੀਂ ਲਈਦਾ ਭਈ ਦੇਗ ਕਿਥੇ ਖਲੋਤੀ ਏ? ਵੇਖੀਏ ਨਾ ਦੇਗਾਂ ਚੋਂ ਇਕ ਦੇਗ ਦਾ ਇਕ ਦਾਣਾ. . .।

'ਵੱਡੇ ਲੌਢੇ ਵੇਲੇ ਨਾਲ ਕੰਮ ਕਰਨ ਵਾਲਿਆਂ ਨੇ ਕਣਕ ਦੇ ਦੋਵੇਂ ਬੋਹਲ ਬਣਾ ਲਏ ਸਨ। ਹੱਥਾਂ ਦੀਆਂ ਤਲੀਆਂ ਨਾਲ ਰੋਲ ਰੋਲ ਕੇ, ਛੱਜਾਂ ਦੀਆਂ ਕੰਘੀਆਂ ਨਾਲ ਪੋਲੇ ਪੋਲੇ ਥਪ ਥਪ ਕੇ ਬੋਹਲ ਸਵਾਰੇ ਕੀਤੇ। ਦੋਵਾਂ ਬੋਹਲਾਂ ਨੂੰ ਖੇਸਾਂ ਨਾਲ ਚੁਫੇਰਿਓਂ ਤੇ ਉਤੋਂ ਢੱਕਿਆ ਤੇ ਕੰਮ ਪੂਰਾ ਕਰਕੇ, ਅਗਲੇ ਦਿਨ ਹਾੜਣ ਜੋਖਣ ਤੇ ਢੋਣ ਦੀ ਸਲਾਹ ਪੱਕੀ ਕਰਕੇ, ਛੱਜ ਤੇ ਬਹੁਕਰਾਂ ਫੜ ਕੇ ਪਿੰਡ ਨੂੰ ਟੁਰ ਪਏ। ਸੂਰਜ ਅਜੇ ਉਸ ਵੇਲੇ ਟਿੱਕੀ ਜ਼ਮੀਨ ਤੋਂ ਸਵਾ ਨੇਜ਼ਾ ਉਤਾਂਹ ਸੀ। ਪਿਛਾਂਹ ਬੋਹਲਾਂ ਕੋਲ ਦੋ ਅੱਧਖੜ ਉਮਰਾਂ ਦੇ ਜਣੇ ਰਹਿ ਗਏ, ਜੋ ਕੰਮ ਕਰਵਾ ਰਹੇ ਸਨ ਤੇ ਮਾਲਕ ਜਾਪਦੇ ਸਨ। ਇਹ ਦੋਵੇਂ ਚੰਗੇ ਤਗੜੇ, ਭਾਰੇ ਇਕ ਦੂਜੇ ਤੋਂ ਥੋੜ੍ਹੀ ਹੀ ਵਿਥ ਤੇ ਕੋਈ ਤਿੰਨ ਚਾਰ ਵਿੱਘੇ ਥਾਂ ਜੋ ਗਾਹੀਆਂ, ਉਡਾਈਆਂ ਤੇ ਹੂੰਝਣ ਨਾਲ ਸਾਫ਼ ਰੜੀ ਜੇਹੀ ਬਣੀ ਹੋਈ ਸੀ, ਵਿਚ ਪਿੰਡੋਂ ਲਹਿੰਦੇ ਵੱਲ ਬੈਠੇ ਸਨ। ਉਥੋਂ ਚੜ੍ਹਦੇ ਪਿੰਡ ਵਾਲੇ ਪਾਸੇ, ਕੋਈ ਅੱਠ ਦਸ ਪੈਲੀਆਂ ਹਟਵਾਂ, ਤੂਤਾਂ, ਨਿੰਮਾਂ ਤੇ ਕੇਲਿਆਂ ਦੀ ਝੰਗੀ ਵਿਚ ਖਲੋਤਾ ਸੀ। ਇਕ ਖੂਹ, ਜੋ ਉਸ ਸਮੇਂ ਵਗਦਾ ਨਹੀਂ ?ੀ ਪਿਆ। ਬੋਹਲ ਤੋਂ ਦੋ ਕੁ ਪੈਲੀਆਂ ਲਹਿੰਦੇ ਵਲ, ਰਾਹ ਵਾਲੇ ਪਹੇ ਕੰਢੇ ਇਕ ਵੱਡੀ



ਟਾਹਲੀ ਥੱਲੇ, ਤਿੰਨ ਮੁਸਾਫਿਰ ਬੈਠੇ ਸਨ, ਜੋ ਖ਼ਬਰੇ ਧੁੱਪ, ਥਕੇਵੇਂ ਦੇ ਫੰਡੇ ਕੁੱਟੇ ਹੋਏ ਦਮ ਮਾਰਨ ਨੂੰ ਕਿਸੇ ਵੇਲੇ ਉਥੇ ਆਣ ਬੈਠੇ ਸਨ।

ਇਹ ਤਿੰਨੇ ਮੁਸਾਫ਼ਿਰ ਲੰਮੀਆਂ ਦਾਹੜੀਆਂ, ਲੰਮੇ ਪਟਿਆਂ ਵਾਲੇ ਅਧਖੜ ਉਮਰ ਨੂੰ ਟੱਪ ਰਹੇ ਸਨ। ਜੋ ਰਾਵੀ ਦਰਿਆ ਦੇ ਚੜ੍ਹਦੇ ਬੰਨਿਓਂ ਲਹਿੰਦੇ ਕੰਢੇ ਵੱਲ ਆਣ ਉੱਤਰੇ ਸਨ, ਕਿਸੇ ਵੇਲੇ ਤੇ ਉਥੇ ਫਿਰਦੇ ਫਰਾਉਂਦੇ ਦੋਵੇਂ ਪਿੰਡ ਤੋਂ ਲਹਿੰਦੇ ਵੱਲ ਏਸ ਟਾਹਲੀ ਥੱਲੇ ਆ ਬੈਠੇ ਜੋ ਪੱਖੋ ਕੇ ਤੇ ਦੋਦੇ ਵਿਚਕਾਰ ਵਗਦੇ ਰਾਹ ਤੋਂ ਜ਼ਰਾ ਹਟ ਕੇ, ਦੋਹਾਂ ਪਿੰਡਾਂ ਵਿਚਕਾਰ ਖਲੋਤੀ ਸੀ। ਬਾਬੇ ਰਾਹ, ਸਫ਼ਰ ਦੇ ਘੱਟੇ ਮਿੱਟੀ ਵਿਚ ਅੱਟੇ ਪਏ ਸਨ। ਉਨ੍ਹਾਂ ਉਥੇ ਆਉਂਦਿਆਂ ਹੀ ਛਾਂ ਵਿਚ ਘਾਹ ਦੀ ਇਕ ਥੋੜੀ ਵੇਖ ਕੇ ਮੋਢੇ ਵਾਲੀ ਚਾਦਰ ਵਿਛਾਈ ਸੀ ਪਰ ਪਹਿਲੋਂ ਦੋਹਾਂ ਨੇ ਤੀਸਰੇ ਵੱਡੇ ਬਾਬੇ ਦਾ ਮੂੰਹ ਸਿਰ, ਲੱਤਾਂ ਬਾਹਵਾਂ ਤੇ ਪੈਰ ਪਰਨਿਆਂ ਨਾਲ, ਬੜੀ ਪਰੀਤ ਨਾਲ ਝਾੜੇ। ਬਾਬੇ ਨੂੰ ਚਾਦਰ ਤੇ ਬਿਠਾਇਆ। ਇਕ ਜਣਾ (ਬਾਬਾ) ਗੜਵਾ ਫੜਕੇ ਖੂਹ ਵਲ ਵਧਿਆ। ਪਾਣੀ ਲਿਆ ਕੇ ਉਸ ਵੱਡੇ ਬਾਬੇ ਦਾ ਮੂੰਹ ਹੱਥ ਧਵਾਇਆ ਤੇ ਪੈਰ ਆਪ ਮਲਮਲ ਕੇ ਧੋਤੇ। ਝੋਲੇ ਵਿਚੋਂ ਇਕ ਛੰਨੀ ਕੱਢੀ, ਧੋਤੀ ਤੇ ਭਰਕੇ ਬਾਬੇ ਨੂੰ ਪਾਣੀ ਪਿਆਇਆ। ਫੇਰ ਆਪ ਦੋਹਾਂ ਨੇ ਠੰਢਾ ਪਾਣੀ ਪੀਤਾ। ਇਕ ਨੇ ਪਰਨਾ ਫੜਿਆ ਤੇ ਬਾਬੇ ਦੇ ਪਿੱਛੇ ਖਲੋ ਕੇ ਪਰਨੇ ਦੀ ਝੱਲ ਮਾਰਨ ਲੱਗ ਪਿਆ। ਦੂਜਾ ਨਾਲ ਹੀ ਪਰਾਂਹ ਬਾਬੇ ਦੇ ਪੈਰਾਂ ਵਿਚ ਜ਼ਮੀਨ ਤੇ ਬਹਿ ਗਿਆ। ਜਿ.ਵੇਂ ਦਮ ਮਾਰਨ ਡਹਿ ਪਿਆ ਹੋਵੇ। ਬੋਹਲਾਂ ਦੇ ਬਣਨ ਦਾ ਕੰਮ ਉਨ੍ਹਾਂ ਪੂਰਾ ਹੁੰਦਾ ਵੇਖਿਆ ਸੀ ਤੇ ਕੰਮ ਕਰਨ ਵਾਲਿਆਂ ਨੂੰ ਕੰਮ ਮੁਕਾ ਕੇ ਪਿੰਡ ਨੂੰ ਜਾਂਦਿਆਂ ਵੀ ਡਿੱਠਾ ਸੀ ਤੇ ਪਿਛਾਂਹ ਰਹਿ ਗਏ ਦੋਵੇਂ ਜਣੇ ਬੋਹਲਾਂ ਲਾਗੇ ਇਕ ਅੰਬ ਦੇ ਬੂਟੇ ਥੱਲੇ ਬੈਠੇ, ਉਨ੍ਹਾਂ ਨੂੰ ਸਾਫ਼ ਨਜ਼ਰੀਂ ਪਏ ਆਉਂਦੇ ਸਨ।

ਕੁਝ ਚਿਰ ਪਿੱਛੋਂ ਬੋਹਲਾਂ ਕੋਲ ਬੈਠੇ ਦੋਹਾਂ ਬੰਦਿਆਂ 'ਚੋਂ ਇਕ ਬੰਦਾ ਲਗਦਾ, ਪਿੰਡ ਨੂੰ ਟੁਰ ਪਿਆ। ਜਦ ਪਿੰਡ ਜਾਣ ਵਾਲਾ ਕਾਫ਼ੀ ਦੂਰ ਜਾ ਕੇ ਨਜ਼ਰਾਂ ਤੋਂ ਗ਼ਾਇਬ ਹੋ ਗਿਆ ਤੇ ਪਿਛੇ ਰਹਿ ਗਿਆ ਬੰਦਾ ਉੱਠਿਆ। ਉਹ ਮੋਢੇ ਵਾਲੀ ਚਾਦਰ ਦੀਆਂ ਝੋਲੀਆਂ ਭਰ-ਭਰ ਕੇ ਇਕ ਬੋਹਲ ਤੋਂ ਦੂਜੇ ਬੋਹਲ ਉੱਤੇ ਕਣਕ ਪਾਉਣ ਲੱਗ ਪਿਆ। ਵਾਹਵਾ ਫੁਰਤੀ ਤੇ ਕਾਹਲ ਨਾਲ ਉਸ ਪੰਜ ਛੇ ਵੀਹਾਂ ਝੋਲੀਆਂ ਭਰਕੇ ਪਾ ਹੀ ਲਈਆਂ ਹੋਣਗੀਆਂ। ਫੇਰ ਉਸ ਦੋਵੇਂ ਬੋਹਲ, ਜਿੱਥੋਂ ਕਣਕ ਚੁੱਕੀ ਸੀ ਤੇ ਜਿੱਥੇ ਪਾਈ ਸੀ, ਬੜੇ ਬਣਾ ਸੰਵਾਰ ਕੇ ਸਿੱਧੇ ਪਧਰੇ ਕੀਤੇ। ਉੱਤੇ ਉਂਜ ਹੀ ਖੇਸ ਪਾਏ, ਜਿਵੇਂ ਪਹਿਲੋਂ ਪਏ ਸਨ ਤੇ ਦਮ ਮਾਰਨ ਫੇਰ ਅੰਬ ਥੱਲੇ ਵਿੱਛੀ ਚਾਦਰ ਤੇ ਜਾ ਬੈਠਾ।

ਪਰਾਂਹ ਟਾਹਲੀ ਹੇਠ ਬੈਠਿਆਂ ਰਾਹੀਆਂ ਇਹ ਸਾਰਾ ਕੁਝ ਖੁੱਲ੍ਹੀ ਅੱਖੀਂ ਵੇਖਿਆ। ਇਕ ਬਾਬਾ ਹੱਥ ਜੋੜ ਕੇ ਵੱਡੇ ਬਾਬੇ ਅੱਗੇ ਖਲੋਤਾ ਤੇ ਆਖਣ ਲੱਗਾ, 'ਬਾਬਾ! ਚਲ ਏਥੋਂ ਅਗਾਂਹ ਕਿਤੇ, ਕਿਸੇ ਚੰਗੇ ਬਾਹਰੇ ਵਿਚ ਚਲ ਬਹੀਏ... ਇਹ ਤੇ ਚੋਰਾਂ ਦਾ ਮੁਲਖ ਲਗਦਾ ਏ... ਚਿੱਟੇ ਦਿਨ ਚੋਰੀਆਂ ਕਰਦੇ ਨੇ... ਵੇਖਿਆ ਨਹੀਓਂ ਆਪਣੀ ਅੱਖੀਂ...।'

ਬਾਬੇ ਸੱਜਾ ਹੱਥ ਖੜ੍ਹਾ ਕੀਤਾ। ਤਸੱਲੀ ਨਾਲ ਆਪਣੇ ਨਾਲ ਦੇ ਨੂੰ ਜਵਾਬ ਦਿੱਤਾ, 'ਭਾਈ! ਕਾਹਲੇ ਨਹੀਂ ਪਈਦਾ। ਭੇਤ ਹੈ ਕੀ? ਪੂਰੀ ਗੱਲ ਤੇ ਜਾਣ ਲਈਏ।'

'ਜੇ ਤੇਰੀ ਮਰਜ਼ੀ ਬਾਬਾ! ਜੋ ਤੇਰਾ ਹੁਕਮ।'

ਐਨੇ ਚਿਰ ਵਿਚ ਪਿੰਡ ਜਾਣ ਵਾਲਾ ਜਣਾ ਪਰਤ ਆਇਆ ਤੇ ਆ ਕੇ ਉਸ ਅੰਬ ਥੱਲੇ, ਉਸ ਚਾਦਰ ਤੇ ਹੀ ਬਹਿ ਗਿਆ। ਤਦ ਦੂਸਰਾ ਉੱਠ ਕੇ ਪਿੰਡ ਨੂੰ ਟੁਰ ਪਿਆ। ਜਦ ਪਿੰਡ ਜਾਣ ਵਾਲਾ ਨਜ਼ਰਾਂ

ਤੋਂ ਓਹਲੇ ਹੋ ਗਿਆ ਤੇ ਦੂਸਰਾ ਉੱਠਿਆ ਤੇ ਉਹ ਵੀ ਮੋਢੇ ਵਾਲੀ ਚਾਦਰ ਦੀਆਂ ਝੋਲੀਆਂ ਭਰ ਭਰਕੇ ਕਣਕ ਦੇ ਇਕ ਬੋਹਲ ਤੋਂ ਦੂਸਰੇ ਬੋਹਲ ਉੱਤੇ ਪਾਉਣ ਲੱਗ ਪਿਆ ਪਰ ਉਸ ਬੋਹਲ ਤੋਂ ਜਿਸ ਬੋਹਲ ਉੱਤੇ ਪਹਿਲੇ ਨੇ ਕਣਕ ਪਾਈ ਸੀ। ਉਹ ਕਣਕ ਉਸ ਬੋਹਲ ਤੇ ਪਾਈ ਜਾਂਦਾ, ਜਿਸ ਬੋਹਲ 'ਚੋਂ ਪਹਿਲੇ ਨੇ ਕਣਕ ਚੁੱਕੀ ਸੀ। ਦਿਨ ਤਦ ਤਕ ਡੁੱਬਿਆ ਨਹੀਂ ਸੀ। ਕਣਕ ਦੂਜੇ ਵੀ ਕਰੀਬ ਕਰੀਬ ਓਨੀ ਹੀ ਬਦਲੀ, ਜਿੰਨੀ ਪਹਿਲੇ ਨੇ ਬਦਲੀ ਸੀ।

ਰਾਹੀ ਖੁੱਲ੍ਹੀ ਅੱਖੀਂ ਇਹ ਦੂਜੀ ਚੋਰੀ ਵੀ ਵੇਖਣ ਡਹੇ ਸਨ। ਤਦ ਬਾਬੇ ਨੇ ਨਾਲ ਦਿਆਂ ਨੂੰ ਪੁੱਛਿਆ, 'ਵੇਖਿਆ ਜੇ? ਕੁਝ ਆਈ ਜੇ ਸਮਝ ਵੀ ਗੱਲੇ... ਜਾਂ ਨਹੀਂ?'

'ਨਹੀਂ ਬਾਬਾ! ਤੂੰ ਵੀ ਸਾਰੇ ਭੇਤ ਜਾਣਦੇ ਏਂ। ਸਾਡੇ ਪੱਲੇ ਤੇ ਕੋਈ ਗੱਲ ਨਹੀਂ ਪਈ।'

ਦੋਵਾਂ ਹੱਥ ਬੰਨ੍ਹ ਕੇ ਬਾਬੇ ਨੂੰ ਬੇਬਸੀ ਨਾਲ ਜਵਾਬ ਦਿੱਤਾ।

'ਹੱਛਾ!' ਬਾਬੇ ਆਖਿਆ, 'ਇਨ੍ਹਾਂ ਦੋਹਾਂ ਨੂੰ ਸਦ ਲਿਆਓ ਸਾਡੇ ਕੋਲ।' ਉਦੋਂ ਤੱਕ ਪਿੰਡ ਜਾਣ ਵਾਲਾ ਦੂਜਾ ਬੰਦਾ ਪਰਤ ਕੇ ਆ ਗਿਆ ਹੋਇਆ ਸੀ। ਬਾਬੇ ਦਾ ਸਾਥੀ ਬੋਹਲ ਵਾਲਿਆਂ ਤੱਕ ਅੱਪੜਿਆ ਤੇ ਬੋਲਿਆ, 'ਚੌਧਰੀਓ! ਉਹ ਰਾਹ ਦੇ ਨਾਲ ਟਾਹਲੀ ਥੱਲੇ, ਇਕ ਬੜੀ ਕਰਨੀ ਵਾਲਾ ਬਾਬਾ ਆਇਆ ਬੈਠਾ ਏ, ਤੁਹਾਨੂੰ ਯਾਦ ਕਰਦਾ ਏ।'

'ਕੌਣ ਏ ਬਾਬਾ?' ਵਿਚੋਂ ਇਕ ਨੇ ਪੁੱਛਿਆ।

'ਬਾਬਾ ਨਾਨਕ ਸ਼ਾਹ ਫ਼ਕੀਰ
ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।'

ਆਉਣ ਵਾਲੇ ਜਵਾਬ ਦਿੱਤਾ।

ਦੋਵੇਂ ਉੱਠੇ ਤੇ ਸੁਨੇਹਾ ਲਿਆਉਣ ਵਾਲੇ ਨਾਲ ਕਾਹਲੇ ਕਾਹਲੇ ਟੁਰਦੇ ਉਸ ਟਾਹਲੀ ਵਲ ਟੁਰ ਪਏ ਜਿੱਥੇ ਬਾਬਾ ਬੈਠਾ ਸੀ।

ਦੋਵਾਂ ਹੱਥ ਬੰਨ੍ਹ ਕੇ ਬਾਬੇ ਨੂੰ ਪਰਨਾਮ ਕੀਤਾ, ਰਾਮ ਰਾਮ ਬੁਲਾਈ। ਵਿਚੋਂ ਇਕ ਬੋਲਿਆ, ਜੋ ਪਹਿਲੋਂ ਪਿੰਡ ਵਲ ਗਿਆ ਸੀ, 'ਬਾਬਾ ਜੀ! ਧੰਨ ਭਾਗ ਸਾਡੀ ਏਸ ਜੂਹ ਦੇ, ਜਿੱਥੇ ਤੁਹਾਡੇ ਸ਼ੁਭ ਕਦਮ ਪਏ। ਇਹ ਨਾਲ ਪਰਾਂਹ ਸਾਡਾ ਮਾੜਾ ਜੇਹਾ ਪਿੰਡ ਏ ਦੋਦੇ... ਉਥੇ ਚੱਲ ਬਿਸ਼ਰਾਮ ਕਰੋ, ਸਾਡੇ ਕੋਲ... ਸਾਡੇ ਭਾਗ ਜਾਗ ਪੈਣਗੇ।

'ਭਾਗ ਤੇ ਤੁਹਾਡੇ ਜਾਗਦੇ ਪਏ ਨੇ ਭਾਈ! ਚੰਗੀ ਭਾਈ ਭੌਂ... ਪਾਣੀ ਮਿੱਠਾ ਤੇ ਨੇੜੇ... ਘਿਉ ਦੀ ਤਾਸੀਰ ਵਾਲਾ... ਚੰਗੀ ਵਹੀ... ਚੰਗੀ ਹਾੜੀ... ਘਰ ਅਪੜਣ ਵਾਲੀ... ਏਦੋਂ ਵਧ ਚੰਗੇ ਭਾਗ ਕੀ ਹੁੰਦੇ ਨੇ ਜੱਟ ਦੇ ... ਏਥੇ ਆਓ! ਬੈਠੋ ਮੇਰੇ ਕੋਲ ਚਾਦਰ ਉੱਤੇ... ਤੇ ਮੇਰੇ ਭਾਈਆਂ ਨੂੰ ਇਹ ਭੇਤ ਖੋਲ੍ਹ ਕੇ ਦੱਸੋ।'

ਬਾਬੇ ਨੇ ਪਿਆਰ ਨਾਲ ਦੋਹਾਂ ਜੱਟਾਂ ਨੂੰ ਕੋਲ ਬਿਠਾਇਆ। ਨਾਲ ਹੀ ਬਾਬਾ ਹੌਲੀ ਜੇਹੀ ਬੋਲਿਆ ਮੂੰਹ ਵਿਚ ਬੋਲਿਆ, 'ਰੰਨਾ ਤੇ ਧਾਵੇ ਕਰਨ ਵਾਲੇ... ਰੰਨੇ... ਧਾਵੇ।'

'ਜੀ ਮਹਾਰਾਜ!' ਉਹ ਬੋਲਿਆ ਜੋ ਪਹਿਲੋਂ ਪਿੰਡੋਂ ਆਇਆ ਸੀ। 'ਜੀ ਆਹੋ ਮਹਾਰਾਜ ਅਸੀਂ ਰੰਧਾਵੇ ਜੱਟ ਆਂ। ਤੁਸਾਂ ਠੀਕ ਆਖਿਆ। ਦਰਿਆ ਦੇ ਏਧਰ ਓਧਰ ਸਾਡੇ ਕਾਫ਼ੀ ਸਾਰੇ ਪਿੰਡ ਨੇ।'

'ਸਾਨੂੰ ਪਤਾ ਏ!' ਬਾਬੇ ਕਿਹਾ, 'ਹੁਣ ਉਹ ਦੱਸੋ ਜੋ ਅਸਾਂ ਪੁੱਛਿਆ ਏ।'



ਉਹ ਬੋਲਿਆ, 'ਭੇਤ ਤੇ ਸਾਡੇ ਕੋਲ ਹੈ ਕੋਈ ਨਹੀਂ ਸਰਕਾਰ। ਅਸੀਂ ਤੇ ਮਾੜੇ ਜੇਹੇ ਜੱਟ ਆਂ ਸਿੱਧੇ ਸਾਦੇ। ਦੋਵੇਂ ਭਰਾ ਆਂ। ਬਾਪੂ ਸਵਰਗਾਂ ਨੂੰ ਚਲਾਣਾ ਕਰਨ ਤੋਂ ਪਹਿਲੋਂ ਸਾਡੇ ਦੋਵਾਂ ਵਿਚ ਭੋਏਂ ਵੰਡ ਗਿਆ... ਅੱਧੀ ਅੱਧੀ। ਵਾਹੀ ਭਾਵੇਂ ਸਾਡੀ ਵੱਖਰੀ-ਵੱਖਰੀ ਏ ਪਰ ਘਰ ਬੂਹਾ ਇਕੱਠਾ ਏ। ਕਬੀਲਦਾਰ ਆਂ ਦੋਵੇਂ। ਪ੍ਰਮਾਤਮਾ ਨੇ ਪੁੱਤਰ ਧੀਆਂ ਵੀ ਦਿੱਤੇ। ਘਰ ਪ੍ਰਮਾਤਮਾ ਦੀ ਮਿਹਰ ਨਾਲ ਭਰੇ ਹੋਏ ਨੇ। ਘਰ ਵਾਲੀਆਂ ਤੇ ਔਲਾਦ ਦਾ ਆਪਸ ਵਿਚ ਬੜਾ ਇਕੱਠ ਏ... ਮੈਂ ਵੱਡਾ ਆਂ। ਪੰਜ ਖੂਹਾਂ ਦੀ ਵਾਹੀ ਏ ਏਸ ਘੜੀ ਸਾਡੀ ਪਰ ਪਿੰਡ ਦੇ ਆਲੇ ਦਵਾਲੇ। ਪੱਖੋ ਕੇ ਵਾਲੇ ਯਕ ਜੱਦੀ ਨੇ ਸਾਡੇ... ਤੇ ਸਾਂਝੀ ਮਾਲਕੀ ਵਾਲੇ... ਸਾਡੇ ਬਹੁਤ ਚੰਗੇ ਭਾਗ ਹੋਣ ਜੇ ਤੁਸੀਂ ਸਦਾ ਲਈ ਸਾਡੇ ਕੋਲ ਹੀ ਬਹਿ ਜਾਓ... ਜੇਹੜੀ ਬਾਹੀਓਂ, ਜਿੰਨੀ ਭੋਏਂ ਤੁਹਾਨੂੰ ਚਾਹੀਦੀ ਹੋਵੇ, ਸਾਡੇ ਵੱਲੋਂ ਭੇਂਟ ਲਓ... ਸਣੇ ਖੂਹ... ਰਹੀ ਤੁਹਾਡੀ ਭੇਤ ਵਾਲੀ ਅਟਕਲ, ਸਾਡੀ ਤੇ ਸਮਝ ਵਿਚ ਨਹੀਂ ਆਈ... ਤੁਹਾਡੀ ਏਹ ਸੈਨਤ ਕਿਧਰ ਏ? ਮਿਹਰ ਕਰੋ, ਗੱਲ ਖੋਲ੍ਹੋ।'

ਬਾਬੇ ਗੱਲ ਸੁਣੀ ਤਸੱਲੀ ਨਾਲ ਪਰ ਜਵਾਬ ਕੋਈ ਨਾ ਦਿੱਤਾ। ਹਾਂ ਨਿੱਕੇ ਭਰਾ ਨੂੰ, ਜਿਹੜਾ ਵੱਡੇ ਦੇ ਦੱਸਣ ਤੇ ਬਾਬਿਆਂ ਨੂੰ ਪਤਾ ਲੱਗਾ, ਜੇ ਨਿੱਕਾ ਭਰਾ ਇਹ ਏ, ਜਿੰਨ੍ਹੇ ਪਹਿਲੋਂ ਇਕ ਬੋਹਲ ਤੋਂ ਕਣਕ ਦੂਜੇ ਬੋਹਲ ਉੱਤੇ ਪਾਈ ਸੀ, ਕਿਹਾ, 'ਭਲਿਆ! ਤੂੰ ਦਸ, ਤੂੰ ਇਕ ਬੋਹਲ ਤੋਂ ਕਣਕ ਦੂਜੇ ਬੋਹਲ ਉੱਤੇ, ਕਿਉਂ ਪਾਈ? ਆਪਣੇ ਭਰਾ ਦੇ ਪਿੰਡ ਜਾਣ ਤੋਂ ਪਿੱਛੋਂ... ਉਹਦੇ ਤੋਂ ਲੁਕਾ ਕੇ।'

ਬਾਬਾ ਜੀ! ਆਪ ਇਹ ਗੱਲ ਲੁਕੀ ਹੀ ਰਹਿਣ ਦੇਂਦੇ ਤੇ ਆਪ ਦੀ ਬੜੀ ਕ੍ਰਿਪਾ ਹੁੰਦੀ ਪਰ ਜੇਕਰ ਆਪ ਜਾਨਣਾ ਹੀ ਚਾਹਨਾ ਏਂ ਤੇ ਗੱਲ ਏਵੇਂ ਏ ਭਈ ਜੇਹੜੇ ਬੋਹਲ ਤੋਂ ਮੈਂ ਕਣਕ ਚੁੱਕੀ ਉਹ ਬੋਹਲ ਮੇਰਾ ਸੀ ਤੇ ਜਿਸ ਬੋਹਲ ਉੱਤੇ ਮੈਂ ਕਣਕ ਪਾਈ, ਉਹ ਮੇਰੇ ਵੱਡੇ ਭਰਾ ਦਾ ਏ। ਵਾਹੀ ਸਾਡੀ ਇਕੋ ਜੇਹੀ ਏ, ਕਣਕ ਵੀ ਅਸਾਂ ਇਕੋ ਜਿੰਨੀ ਬੀਜੀ... ਫ਼ਸਲ ਵੀ ਇਕੋ ਜਿਹੀ ਸੀ ਤੇ ਝਾੜ ਵੀ ਇਕੋ ਜੇਹਾ ਹੋਇਆ ਮੇਰੀ ਜਾਚੇ। ਕਿਉਂ ਪਾਈ, ਮੈਂ ਆਪਣੇ ਬੋਹਲ ਤੋਂ ਉਹਦੇ ਬੋਹਲ ਤੇ, ਦਾ ਸਿੱਧਾ ਜਵਾਬ ਤੇ ਇਹ ਏ ਜੇ ਸਾਰੀ ਡੇਰਾ ਦਾਰੀ ਦੇ ਖਰਚੇ... ਸਾਕਾਂ ਅੰਗਾਂ ਨਾਲ ਵਰਤਨ ਵਿਹਾਰ... ਮਿਲਣ ਮਿਲਾਪ ਵਿਚ ਖਰਚੇ ਤੇ ਲੈਣ ਦੇਣ... ਸਾਰੇ ਉਹਦੇ ਸਿਰ ਨੇ। ਸਾਡੇ ਮੁਨਸ਼ੀ ਹਿਸਾਬ ਵੀ ਬੜਾ ਠੀਕ ਠਾਕ ਰੱਖਦੇ ਨੇ। ਜੋ ਦਸਦੇ ਨੇ ਜੇ ਮੇਰੇ ਵੱਡੇ ਭਰਾ ਦੇ ਖਰਚੇ ਢੇਰ ਚੋਖੀ ਨੇ। ਉਂਜ ਮੈਂ ਕੁਝ ਦੇਵਾਂ ਤੇ ਉਹ ਲਵੇ ਨਾ ਉੱਕਾ... ਮੈਂ ਆਪਣੀ ਸਮਝ ਮੂਜਬ ਕੁਝ ਦਾਣੇ, ਉਹਦੇ ਵਲ ਲੁਕਾ ਲਕੂ ਕੇ ਪਾ ਦੇਨਾਂ... ਉਹਦਾ ਘਾਟਾ ਪੂਰਾ ਕਰਨ ਲਈ ਘੱਟ ਤੇ ਆਪਣੀ ਤਸੱਲੀ ਲਈ ਬਹੁਤੇ... ਬਸ ਐਨੀ, ਗੱਲ ਏ। ਤੁਸਾਂ ਵੇਖ ਲਈ ਤੇ ਗੱਲ ਫੜੀ ਗਈ। ਨਹੀਂ ਤੇ ਲੁਕੀ ਰਹਿੰਦੀ।'

'ਸ਼ਾਵਾ!' ਬਾਬੇ ਨਿੱਕੇ ਨੂੰ ਪਿਆਰ ਨਾਲ ਥਾਪੜਾ ਦਿੱਤਾ। ਫੇਰ ਵੱਡੇ ਨੂੰ ਆਖਿਆ, 'ਹੁਣ ਭਈ ਭਲਿਆ ਤੂੰ ਦਸ... ਤੂੰ ਨਿੱਕੇ ਭਰਾ ਦੇ ਬੋਹਲ ਉੱਤੇ ਦਾਣੇ ਕਿਉਂ ਪਾਏ?'

ਵੱਡੇ ਭਰਾ ਦੇ ਚਿਹਰੇ ਤੋਂ ਇਕ ਰੰਗ ਉੱਡ ਕੇ ਲੰਘ ਗਿਆ। ਬੋਲਿਆ, 'ਬਾਬਾ ਜੀ! ਤੇਰੇ ਕੋਲੋਂ ਕਿਹੜੀ ਗੱਲ ਲੁਕੀ ਹੋਈ ਏ। ਬਸ ਐਨੀ ਗੱਲ ਏ ਜਿਵੇਂ ਮੇਰੇ ਨਿੱਕੇ ਵੀਰ ਦੱਸਿਆ ਏ। ਸਾਡੀ ਇਕੋ ਜੇਹੀ ਭੋਏਂ। ਇਕੋ ਜਿੰਨੀ ਅੱਗੋਂ ਹਾੜੀ ਹੋਈ ਪਰ ਬਾਬਿਓ! ਨਿੱਕਾ ਭਰਾ ਪੁੱਤਰਾਂ ਬਜਾ ਹੁੰਦਾ ਏ। ਉਹ ਮੈਨੂੰ ਪ੍ਰਮਾਤਮਾ ਜਾਣਦਾ ਏ। ਉਹ ਮੈਨੂੰ ਆਪਣੇ ਪੁੱਤਰਾਂ ਵਾਂਗ ਈ ਏ... ਦੂਜੇ ਉਹਦੇ ਖਰਚੇ ਢੇਰ ਵਾਧੂ ਨੇ। ਉਹ ਚੰਗੀਆਂ, ਭਾਰੇ ਮੁੱਲਾਂ ਵਾਲੀਆਂ ਘੋੜੀਆਂ... ਚੰਗੀਆਂ ਮੱਝਾਂ... ਚੰਗੀਆਂ ਗਾਈਆਂ... ਸੁਥਰੇ ਤੇ ਚੰਗੇ

ਬੌਲਦ। ਜਿੰਜ ਦੇ ਸਾਰੇ ਬਾਹਰੇ ਵਿਚ ਕਿਸੇ ਕੋਲ ਨਹੀਂ ... ਰੱਖਣ ਦਾ ਸ਼ੌਕੀ ਏ। ਕਬੀਲਦਾਰੀ ਉਹਦੀ ਵੀ ਮੇਰੇ ਜਿੰਨੀ ਈ ਏ ਪਰ ਮੇਲਿਆਂ ਠੇਲਿਆਂ ਦਾ ਬੜਾ ਠਰਕੀ ਏ। ਉਹਦੇ ਮੁਨਸ਼ੀ ਦਸਦੇ ਨੇ ਜੇ ਉਹਦੇ ਹੱਥਾਂ ਵਿਚ ਮੋਰੀਆਂ ਨੇ। ਰੁਪਈਆ ਪੈਸਾ ਧੱਕੇ ਨਾਲ ਵਗ ਜਾਂਦਾ ਏ। ਏਸ ਲਈ ਮੈਂ ਏਦਾ ਦੀ ਉਹਦੇ ਨਾਲ ਪੰਜ ਸਤ ਕਰਦਾ ਰਹਿਨਾ ਆਂ... ਜੇ ਕਦੀ ਹੱਥੀਂ ਦੇਣ ਦਾ ਚਾਰਾ ਕਰਨਾ ਆਂ, ਉਹ ਲੈਂਦਾ ਨਹੀਂ ਮੇਰੇ ਕੋਲੋਂ ਕੁਝ।'

'ਸ਼ਾਵਾ!' ਬਾਬੇ ਏਸ ਵਾਰ ਵੱਡੇ ਭਰਾ ਨੂੰ ਆਖਿਆ। ਫੇਰ ਸੰਗੀਆਂ ਨੂੰ ਆਖਣ ਲੱਗਾ, 'ਕਿਉਂ ਵਈ ਭਾਈਓ! ਹੁਣ ਦੱਸੋ। ਤੁਸੀਂ ਚੋਰਾਂ ਨਾਲ ਭਰਿਆ ਬਾਹਰਾ ਆਖਦੇ ਸੋ, ਏਸ ਜੂਹ ਨੂੰ।'

'ਅਸੀਂ ਭੁਲਣਹਾਰ ਆਂ ਬਾਬਾ! ਤੂੰ ਹਰ ਸ਼ੈਅ, ਹਰ ਭੇਤ ਜਾਣਦਾ ਏਂ। ਸਾਡੀਆਂ ਮਾੜੀਆਂ ਅੱਖਾਂ ਉਥੋਂ ਤੱਕ ਨਹੀਂ ਵੇਖ ਸਕਦੀਆਂ, ਜਿੱਥੋਂ ਤੱਕ ਤੂੰ ਵੇਖ ਸਕਨਾ ਏਂ। ਏਸ ਜੂਹ ਨੂੰ ਚੋਰਾਂ ਦੀ ਜੂਹ ਆਖਣਾ ਸਾਡੀ ਭੁੱਲ ਸੀ। ਇਹ ਤੇ ਸਾਧ ਨੇ... ਬੀਬੇ... ਅਸੀਲ ਸਾਊ ਲੋਕ। ਪੀਰਾਂ ਫ਼ਕੀਰਾਂ ਨੂੰ ਮੰਨਣ ਵਾਲੇ ਵੀ ਜਾਪਦੇ ਨੇ ... ਅਸੀਂ ਤੇ ਅਰਜੋਈ ਆਂ ਬਾਬਾ! ਏਥੇ ਹੀ ਟਿਕ ਜਾਈਏ। ਦਰਿਆ ਵੀ ਨਾਲ ਖੜਾ ਏ...' ਭਾਈ ਬਾਲਾ ਤੇ ਭਾਈ ਮਰਦਾਨਾ ਇਕੱਠੇ ਹੀ ਜਿਵੇਂ ਵਿਲਕ ਪਏ।

ਬਾਬੇ ਦੇ ਚਿਹਰੇ ਉੱਤੇ ਇਕ ਨਿੱਘ ਤੇ ਸ਼ਾਂਤੀ ਭਰੀ, ਮੁਸਕਾਨ ਆਈ, 'ਸਬਰ ਕਰੋ ਭਾਈ ਮੈਨੂੰ ਗੱਲ ਤੇ ਪੂਰੀ ਕਰ ਲੈਣ ਦਿਓ।'

ਫੇਰ ਬਾਬੇ ਨੇ ਦੋਵਾਂ ਭਰਾਵਾਂ ਨੂੰ ਪਿਆਰ ਨਾਲ ਵੇਖਿਆ ਤੇ ਆਖਿਆ, 'ਅਜਿਹੇ ਚੰਗੇ ਅਮਲਾਂ ਨਾਲ ਕਿਸੇ ਨੂੰ ਘਾਟਾ ਨਹੀਂ ਆਉਂਦਾ ਸਗੋਂ ਬਰਕਤ ਪੈਂਦੀ ਏ। ਕਰਤਾਰ ਰਾਜ਼ੀ ਹੁੰਦਾ ਏ... ਆਪਣੀ ਏਸ ਗੱਲ ਵੱਲ ਹੀ ਵੇਖ ਲਓ ਜੇ ਤੁਹਾਡੇ ਚੰਗੇ ਅਮਲ ਸਨ ਤੇ ਦੋਵਾਂ ਦੇ ਦਾਣੇ ਓਨੇ ਹੀ ਰਹੇ, ਜਿੰਨੇ ਹੈ ਸਨ। ਭਾਵੇਂ ਜੀਕਰ ਤੁਸਾਂ ਦੋਹਾਂ ਇਕ ਦੂਜੇ ਨੂੰ ਦਿੱਤੇ ਵੀ। ਪਰ ਤੁਹਾਡੇ ਚੋਂ ਕਿਸੇ ਦੇ ਦਾਣੇ ਘਟੇ ਤੇ ਨਾ।'

ਬਾਬੇ ਕੋਲ ਬੈਠੇ ਚੌਹਾਂ ਬੰਦਿਆਂ ਸਿਰ ਹਿਲਾਏ।

'ਹੁਣ ਮੈਂ ਤੁਹਾਨੂੰ ਇਕ ਹੋਰ ਸੱਚ ਦੱਸਾਂ, ਜੋ ਤੁਹਾਡੇ ਸਾਹਮਣੇ ਏ ਪਰ ਤੁਸੀਂ ਇਸ ਨੂੰ ਖ਼ਬਰੇ ਜਾਚਦੇ ਨਹੀਂ... ਉਹ ਸੱਚ ਇਹ ਏ ਜੇ ਤੁਹਾਨੂੰ ਇਕ ਦੂਜੇ ਨਾਲ ਬੰਨ੍ਹੀ, ਜੂੜੀ ਰੱਖਣ ਵਿਚ ਕਰਤਾਰ ਦੇ ਨਾਲ ਤੁਹਾਡੀਆਂ ਘਰ ਵਾਲੀਆਂ ਦਾ ਹੱਥ ਏ। ਕਿਉਂ ਜੇ ਘਰਦੀਆਂ ਹੀ, ਏਥੇ ਅੱਪੜ ਕੇ, ਕਬੀਲਦਾਰੀਆਂ ਨਾਲ, ਭਰਾਵਾਂ ਨਾਲ ਜੋੜਦੀਆਂ ਨੇ ਤੇ ਘਰਦੀਆਂ ਈ ਭਰਾਵਾਂ ਨੂੰ ਤੋੜਦੀਆਂ ਨੇ... ਘਰਾਂ ਨੂੰ ਸਵਰਗ ਜਾਂ ਨਰਕ ਬਣਾਉਂਦੀਆਂ ਨੇ... ਸ਼ਾਵੇ ਸ਼ੈ ਆਖੋ, ਤੁਹਾਡੀਆਂ ਘਰਦੀਆਂ ਨੂੰ... ਕਰਤਾਰ, ਅਕਾਲਪੁਰਖ ਕਰੇ, ਤੁਹਾਡਾ ਭਾਈ- ਚਾਰਾ, ਭਰੱਪਨ ਏਦਾਂ ਈ ਬਣਿਆ ਰਹੇ।' ਬਾਬੇ ਵਿੱਡੋਂ ਦੁਆ ਦਿੱਤੀ।

ਤਦ ਤੱਕ ਪੱਖੋਂ ਕਿਆਂ ਤੋਂ ਦੋਦੇ ਜਾਂਦੇ ਕੁਝ ਬੰਦੇ ਉਥੇ ਆ ਖਲੋਤੇ ਸਨ।

ਵੱਡੇ ਦੱਸਦੇ ਨੇ ਕਰਤਾਰਪੁਰ ਨਾਂ ਦਾ ਪਿੰਡ ਉਥੇ ਪੈਣ ਦਾ ਮੁੱਢ ਉਨ੍ਹਾਂ ਦੋਹਾਂ ਬੋਹਲਾਂ ਤੋਂ ਬੱਝਦਾ ਏ।

ਕਹਾਣੀ ਤੇ ਅੱਗੇ ਵੀ ਚਲਦੀ ਏ ਪਰ ਇਕ ਤੇ ਕਹਾਣੀ ਦੇ ਕੁਝ ਅਗਲੇ ਹਿੱਸੇ ਲਿਖਤ ਪੜ੍ਹਤ ਵਿਚ ਆ ਕੇ ਲੋਕਾਈ ਤੀਕ ਅਪੜ ਚੁੱਕੇ ਨੇ। ਦੂਜੇ ਉਹ ਸਾਡੀ ਕਹਾਣੀ ਦੇ ਫੇਰ ਤੋਂ ਬਾਹਰ ਨੇ... ਜੇਹੜੀ ਤੇ ਜਿੰਨੀ ਕਹਾਣੀ ਮੈਂ ਤੁਹਾਨੂੰ ਸੁਣਾਈ ਏ, ਕਦੇ ਕਿਸੇ ਲਿਖਤ ਪੜ੍ਹਤ ਵਿਚ ਨਹੀਂ ਆਈ। ਮੇਰੀ ਜਾਚੇ... ਇਹ ਪੀੜ੍ਹੀਓ ਪੀੜ੍ਹੀ ਅੱਪੜੀ ਏ ਮੇਰੇ ਤੱਕ। ਜੋ ਮੇਰੇ ਪਾਸ ਤੁਹਾਡੀ ਅਮਾਨਤ ਸੀ... ਅਮਾਨਤ... ਇਲਾਹੀ ਮੋਹਰ... ਜੋ ਤੁਹਾਨੂੰ ਪਿਆ ਮੋੜਨਾ ਆਂ ਮੈਂ। •

ਲਿਪੀਅੰਤਰ- ਪਾਲ ਸਿੰਘ ਵੱਲਾ



ਰੀਵੀਊ

# 'ਅੱਕ ਫੰਬੇ' ਦੀ ਸ਼ਾਇਰੀ

ਕਵਿਤਾ ਲਿਖਣਾ ਅਪ੍ਰਗਟ ਨੂੰ ਪ੍ਰਗਟ ਕਰਨਾ ਅਤੇ ਅਦ੍ਰਿਸ਼ ਨੂੰ ਦ੍ਰਿਸ਼ ਵਿਚ ਮੂਰਤੀਮਾਨ ਕਰਨ ਦਾ ਹੁਨਰ ਹੈ। ਸਾਡੇ ਆਲੇ ਦੁਆਲੇ ਖਾਮੋਸ਼ ਚੀਜ਼ਾਂ ਸਾਡੇ ਵੱਲ ਵੇਖਦੀਆਂ ਹਨ ਤੇ ਸਾਥੋਂ ਆਸ ਰੱਖਦੀਆਂ ਹਨ ਕਿ ਅਸੀਂ ਉਨ੍ਹਾਂ ਨੂੰ ਆਪਣੀ ਆਵਾਜ਼ ਦੇਈਏ।

ਸ਼ਾਇਰ ਕਰਨੈਲ ਸਿੰਘ ਨੇਕਨਾਮਾ ਦੇ ਪਲੇਠੇ ਕਾਵਿ ਸੰਗ੍ਰਹਿ 'ਅੱਕ ਫੰਬੇ' ਦੀਆਂ ਗ਼ਜ਼ਲਾਂ, ਗੀਤਾਂ ਤੇ ਕਵਿਤਾਵਾਂ ਨੂੰ ਪੜ੍ਹਦਿਆਂ ਇਹ ਕਹਿਣਾ ਬਹੁਤ ਹੀ ਔਖਾ ਹੈ ਕਿ ਇਹ ਕਵੀ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਸੰਗ੍ਰਹਿ ਦੀਆਂ ਰਚਨਾਵਾਂ ਲੰਮੇ ਅਨੁਭਵ, ਰਿਆਜ਼ ਤੇ ਸ਼ਾਇਰੀ ਦੇ ਵਿਆਕਰਣ ਪੱਖੋਂ ਇੰਨੀਆਂ ਪਰਪੱਕ ਤੇ ਪ੍ਰਭਾਵਸ਼ਾਲੀ ਹਨ ਕਿ ਪਾਠਕ ਦਾ ਇਨ੍ਹਾਂ ਗ਼ਜ਼ਲਾਂ, ਗੀਤਾਂ ਤੇ ਕਵਿਤਾਵਾਂ ਤੋਂ ਪਿੱਛਾ ਛੁਡਾਉਣਾ ਔਖਾ ਹੋ ਜਾਂਦਾ ਹੈ।

ਹਿੰਦੀ ਦੇ ਨਾਮਵਰ ਸਾਹਿਤਕਾਰ ਰਜਿੰਦਰ ਯਾਦਵ ਅਨੁਸਾਰ ਜਿਹੜੀ ਰਚਨਾ ਸਿਰਫ ਯਥਾਰਥ ਦਾ ਵੇਰਵਾ ਦਿੰਦੀ ਹੈ ਜਾਂ ਜਾਣਕਾਰੀ ਪ੍ਰਦਾਨ ਕਰਦੀ ਹੈ ਉਹ ਔਸਤ ਪੱਧਰ ਦੀ ਹੁੰਦੀ ਹੈ। ਜਿਹੜੀ ਯਥਾਰਥ ਨੂੰ ਪ੍ਰੀਭਾਸ਼ਤ ਕਰਦੀ ਹੈ, ਉਹ ਚੰਗੀ ਰਚਨਾ ਹੁੰਦੀ ਹੈ ਤੇ ਜਿਹੜੀ ਰਚਨਾ ਯਥਾਰਥ ਨੂੰ ਤਰਕ ਦੇ ਆਧਾਰ ਤੇ ਤੋੜਦੀ ਹੈ ਤੇ ਪਾਠਕ/ਸ਼ਰੋਤਾ ਉਸ ਤੇ ਵਿਸ਼ਵਾਸ ਕਰ ਲੈਂਦਾ ਹੈ ਤੇ ਧੁਰ ਅੰਦਰ ਤੀਕ ਟੁੰਬਿਆ ਜਾਂਦਾ ਹੈ, ਉਹ ਰਚਨਾ ਉੱਤਮ ਕਹੀ ਜਾ ਸਕਦੀ ਹੈ। ਇਸ ਆਧਾਰ ਤੇ ਜਦੋਂ ਸੰਗ੍ਰਹਿ ਦੀਆਂ ਰਚਨਾਵਾਂ ਨੂੰ ਪਰਖਿਆ ਤਾਂ ਵਧੇਰੀਆਂ ਰਚਨਾਵਾਂ ਪਹਿਲੇ ਦੋ ਪੈਮਾਨਿਆਂ ਤੇ ਖਰੀਆਂ ਉੱਤਰਦੀਆਂ ਹਨ। ਯਥਾਰਥ ਦੇ ਵੇਰਵੇ ਦੀ ਵੰਨਗੀ—

ਇਹ ਕੇਹੀ ਦੋਗਲੀ ਨੀਤੀ ਕਹੇ ਜੋ ਜਾਗਦੇ ਰਹਿਣਾ
ਤੇ ਚੋਰਾਂ ਡਾਕੂਆਂ ਨੂੰ ਵੀ ਇਹ ਖੁਦ ਸ਼ਾਬਾਸ਼ ਦਿੰਦੀ ਹੈ।

ਯਥਾਰਥ ਦੀ ਪਰਿਭਾਸ਼ਾ—

ਸਿਆਸਤ ਅੱਜ ਦੀ ਰਮਾਇਣ ਦੀ ਪਾਤਰ ਹੈ, ਕੇਕੇਈ
ਭਰਤ ਨੂੰ ਰਾਜਗੱਦੀ ਰਾਮ ਨੂੰ ਬਨਵਾਸ ਦਿੰਦੀ ਹੈ

ਯਥਾਰਥ ਨੂੰ ਤੋੜਦਾ ਸ਼ਿਅਰ-(ਸਾਗਰ ਦੀ ਵਿਸ਼ਾਲਤਾ ਨੂੰ ਤੋੜਦਾ ਸ਼ਿਅਰ ਹੈ)।

ਸਾਗਰ ਨੂੰ ਮਾਣ ਸੀ ਕਿ ਮੈਂ ਹੀ ਵਿਸ਼ਾਲ ਹਾਂ ਪਰ
ਮਸਲੇ ਅਨੇਕ ਇਸ ਤੋਂ ਵੀ ਹਨ ਵਿਸ਼ਾਲ ਅੱਜਕੱਲ੍ਹ।

ਸੰਗ੍ਰਹਿ ਵਿਚ ਯਥਾਰਥ ਨੂੰ ਤੋੜਦੀਆਂ ਰਚਨਾਵਾਂ ਹਨ ਪਰ ਘੱਟ ਹਨ।

ਇੰਜ ਹੀ ਹੇਠਲੇ ਸ਼ਿਅਰ ਕਵੀ ਦੀ ਲੰਮੀ ਸਾਧਨਾ ਤੇ ਅਨੁਭਵਾਂ ਦੇ ਲੰਮੇਰੇ ਸਫਰ ਦੀ ਨਿਸ਼ਾਨਦੇਹੀ ਕਰਦਾ ਹੈ—

ਬੜਾ ਹੀ ਚਿਰ ਘੁੰਮਦੀ ਹੈ ਮੌਣ ਤੇ ਰੱਸੀ ਤਾਂ ਪੈਂਦੀ ਲੀਕ ਉਸ ਉੱਤੇ
ਯੁੱਗਾਂ ਤੀਕਰ ਸਿਆਣਪ ਪਰਖ ਹੋ ਕੇ ਹੀ ਕਹਾਵਤ ਜਨਮ ਲੈਂਦੀ ਹੈ।

ਅਜਿਹੇ ਸ਼ਿਅਰਾਂ ਵਿਚ ਕਵੀ ਕਰਨੈਲ ਸਿੰਘ ਦੀ ਜ਼ਿੰਦਗੀ ਦਾ ਡੂੰਘਾ ਤਜ਼ਰਬਾ ਸਮੋਇਆ ਹੈ।

ਕਵੀ ਨੇ ਸ਼ਿਅਰਾਂ ਰਾਹੀਂ ਅਜੋਕੀ ਭ੍ਰਿਸ਼ਟ ਵਿਵਸਥਾ ਅਤੇ ਗੰਧਲੀ ਰਾਜਨੀਤੀ ਤੇ ਰਾਜਨੇਤਾਵਾਂ ਦੇ ਦੋਗਲੇ ਚਰਿੱਤਰਾਂ ਨੂੰ ਵੀ ਉਘਾੜਿਆ ਹੈ। ਕਵੀ ਸਿਰਫ ਸਮਾਜ ਨੂੰ ਹੀ ਨਹੀਂ, ਪੂਰੀ ਵਿਵਸਥਾ ਨੂੰ

ਬਦਲਣ ਦਾ ਚਾਹਵਾਨ ਹੈ।

"ਚੋਰ ਉੱਚਕੇ ਬਣੇ ਚੌਧਰੀ ਠੱਗਾਂ ਹੱਥ ਸਰਦਾਰੀ
ਉੱਲੂ ਮਾਲਕ ਏਸ ਬਾਹ ਦੇ ਤੇ ਗਾਲ੍ਹੜ ਪਟਵਾਰੀ।

ਕਵੀ ਮਨੁੱਖ ਵਿਚਲੀ ਨਿਘਰੀ ਹੋਈ ਨੈਤਿਕਤਾ ਅਤੇ ਗੁਆਚੀ ਜਾਂਦੀ ਸੰਵੇਦਨਸ਼ੀਲਤਾ ਪ੍ਰਤੀ ਚਿੰਤਨ ਹੈ —

"ਸਿਮਟ ਕੇ ਬਿੰਦੂ ਬਣੇ ਜਾਂ ਫੈਲ ਕੇ ਸਾਗਰ ਬਣੇ
ਮੈਂ ਨਹੀਂ ਚਾਹੁੰਦਾ ਨਿਮਨ ਇਹ ਅਧ ਭਰੀ ਗਾਗਰ ਬਣੇ।"

ਕਵੀ ਸਾਫ ਸੁਥਰੇ ਤੇ ਖੁਸ਼ਹਾਲ ਸਮਾਜ ਦੀ ਕਾਮਨਾ ਕਰਦਾ ਹੋਇਆ ਕਹਿੰਦਾ ਹੈ—

"ਖਿੜੇ ਹਰ ਫੁੱਲ ਬਗੀਚੇ ਵਿਚ ਘਰੀਂ ਕਿਲਕਾਰੀਆਂ ਗੂੰਜਣ
ਘਟਾ ਵਰਸੇ ਇਹ ਰਹਿਮਤ ਦੀ ਮਿਰਾ ਮਨ ਮੋਰ ਚਾਹੁੰਦਾ ਹੈ।"

ਇਸ ਤਰ੍ਹਾਂ ਦੇ ਬਾਕਮਾਲ ਤੇ ਜ਼ਿੰਦਗੀ ਦੇ ਫਲਸਫੇ ਨਾਲ ਭਰਪੂਰ ਸ਼ਿਅਰਾਂ ਦੇ ਨਾਲ-ਨਾਲ ਗੀਤਾਂ ਤੇ ਕਵਿਤਾਵਾਂ ਦੀ ਸੁਰ ਵਿਛੋੜੇ ਦੀ ਤੜਪ, ਤੇ ਮਿਲਨ ਦੀ ਆਸ ਵਾਲੀ ਹੈ। ਇਹ ਗੀਤਾਂ, ਕਵਿਤਾਵਾਂ ਵਿਚਲੀ ਰਵਾਨੀ ਨਿਵੇਕਲੇ ਪ੍ਰਤੀਕਾਂ ਬਿੰਬਾਂ ਦਾ ਪ੍ਰਯੋਗ ਉਨ੍ਹਾਂ ਨੂੰ ਜਿੱਥੇ ਰਵਾਨੀ ਬਖਸ਼ਦਾ ਹੈ ਉਥੇ ਮਨਾਂ 'ਚ ਭਾਵੁਕਤਾ ਪੈਦਾ ਕਰਦਾ ਹੈ। ਕਵੀ ਨੇ ਕੁਝ ਪ੍ਰਤੀਕਾਂ ਦੀ ਵਰਤੋਂ ਬਹੁਤ ਹੀ ਢੁੱਕਵੇਂ ਤੇ ਸੁਚੱਜੇ ਢੰਗ ਨਾਲ ਕੀਤੀ ਹੈ, ਮਸਲਨ ਚੁੱਪ ਦਾ ਚਿੱਟਾ ਕੱਫਣ, ਖੁਦਕੁਸ਼ੀਆਂ ਦੀ ਰੁਤ, ਮਾਯੂਸੀ ਦੀ ਝਾਂਜਰ, ਹੌਕਿਆਂ ਦੀ ਡਾਰ, ਹੰਝੂਆਂ ਦੀ ਝੁਕਾਂ, ਹੰਝੂਆਂ ਦੇ ਛੰਭ, ਹਉਂਕਿਆਂ ਦੇ ਸੂਰਜਾਂ, ਵਸਲਾਂ ਦੀ ਬਾਉਲੀ, ਗ਼ਮ ਦ ਘੋਗੇ, ਸੋਨੇ ਦਾ ਹਰਨ ਕਾਫ਼ਲਾ ਬਾਹੁਕਰ ਬਣੇ। ਪੱਥਰ ਦੀ ਪੋੜੀ, ਅੱਕ ਫੰਬੇ, ਘੁੱਟੀ ਇਸ਼ਕੇ ਦੀ ਆਦਿ। ਇੰਜ ਹੀ ਕਵੀ ਨੇ ਈਸਾ ਸੁਕਰਾਤ, ਰਾਧਾ, ਮੀਰਾ, ਅਹਿਲਿਆ ਤੇ ਸੱਸੀ ਅਤੇ ਹੀਰ ਵਰਗੇ ਇਤਿਹਾਸਕ ਮਿਥੀਹਾਸਕ ਪਾਤਰਾਂ ਦੀ ਅਜੋਕੇ ਸੰਦਰਭਾਂ ਵਿਚ ਢੁੱਕਵੀਂ ਵਰਤੋਂ ਕਰਕੇ ਕਾਵਿਕਤਾ ਪ੍ਰਦਾਨ ਕੀਤੀ ਹੈ। ਕਵੀ ਕਰਨੈਲ ਦੀ ਪਲੇਠੀ ਪੁਸਤਕ ਕਾਵਿਕਤਾ, ਰਵਾਨੀ ਪਰਪੱਕ ਰੂਪ ਤੇ ਵਿਸ਼ਿਆਂ ਦੀ ਵੰਨ-ਸੁਵੰਨਤਾ ਕਰਕੇ ਨਿਸ਼ਚਤ ਤੌਰ ਤੇ ਪਸੰਦ ਕੀਤੀ ਜਾਵੇਗੀ। ਇਸ ਉਪਲਬਧੀ ਲਈ ਕਵੀ ਵਧਾਈ ਦਾ ਪਾਤਰ ਹੈ ਤੇ ਪੰਜਾਬੀ ਕਾਵਿ ਜਗਤ ਵਿਚ ਕਵੀ ਕਰਨੈਲ ਸਿੰਘ ਦੇ ਪੁਖਤਾ ਕਦਮੀ ਪ੍ਰਵੇਸ਼ ਨੂੰ ਜੀ ਆਇਆਂ ਕਹਿਣਾ ਬਣਦਾ ਹੈ। •

- ਧਰਮਪਾਲ ਸਾਹਿਲ, 09876156964

**ਰੀਵੀਊ**

## ਪਹਿਲੀ ਬਾਰਿਸ਼ (ਤਰਸੇਮ ਨੂਰ)

ਤਰਸੇਮ ਨੂਰ ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ ' ਪਹਿਲੀ ਬਾਰਸ਼ਿ' ਨਾਲ ਪੰਜਾਬੀ ਗ਼ਜ਼ਲ ਦੇ ਪਾਠਕਾਂ ਸਾਹਮਣੇ ਪੂਰੇ ਜਲੌਅ ਨਾਲ ਹਾਜ਼ਰ ਹੈ। ਤਰਸੇਮ ਨੂਰ ਦਾ ਪਹਿਲਾ ਪਲੇਠਾ ਗ਼ਜ਼ਲ ਸੰਗ੍ਰਹਿ ਪਹਿਲਾ ਨਹੀਂ ਲਗਦਾ। ਤਰਸੇਮ ਨੇ ਗ਼ਜ਼ਲ ਖੇਤਰ ਵਿਚ ਸਾਧਨਾ ਕੀਤੀ ਹੈ, ਤਪੱਸਿਆ ਦੇ ਨਾਲ ਨਾਲ ਰਿਆਜ਼ ਕੀਤਾ ਹੈ। ਇਹ ਸਮਰੱਥ ਅਤੇ ਸਹਿਰਦ ਪਾਠਕਾਂ ਦੀ ਕਚਹਿਰੀ ਵਿਚ ਇਮਾਨਦਾਰੀ ਨਾਲ ਪੇਸ਼ ਹੋਇਆ ਹੈ। ਲੰਮੀ ਸਾਧਨਾ ਪਿੱਛੋਂ ਇਸਦਾ ਹਥਲਾ ਗ਼ਜ਼ਲ ਸੰਗ੍ਰਹਿ ਪੰਜਾਬੀ ਗ਼ਜ਼ਲ ਦਾ ਮਾਣ ਬਣਿਆ



ਹੈ। ਜਿਵੇਂ ਜੇਠ ਹਾੜ ਦੀ ਔੜ ਮਗਰੋਂ ਸਾਵਣ ਦੀ ਪਹਿਲੀ ਬਾਰਸ਼ ਨੇ ਸਾਰਾ ਕੁਛ .... ਤਨ, ਮਨ, ਰੂਹ ਸਰਸ਼ਾਰ ਕਰ ਦਿੱਤਾ ਹੋਵੇ।

ਨੂਰ ਦੀ ਗ਼ਜ਼ਲ ਰਵਾਇਤ ਦੀ ਜੜ੍ਹ ਉੱਤੇ ਖੜੀ ਹੈ ਪਰ ਇਸ ਨੇ ਆਧੁਨਿਕ ਭਾਵ ਬੋਧ ਦੀ ਪੇਂਦ ਕਰ ਦਿੱਤੀ ਹੈ। ਇਹ ਸ਼ਿਅਰ ਪੇਸ਼ ਨਹੀਂ ਕਰਦਾ ਸਗੋਂ ਪੰਜਾਬੀਆਂ ਦੇ ਸਨਮੁੱਖ ਮਸਲਿਆਂ ਦੀ ਪੇਸ਼ਕਾਰੀ ਕਰਦਾ ਹੈ। ਏਸਦਾ ਵਿਅੰਗ, ਰੰਗ ਇਕ ਡਾਕਟਰ ਦੇ ਨਸ਼ਤਰ ਵਰਗਾ ਹੈ। ਨੂਰ ਕੋਲ ਭਾਸ਼ਾ ਦੀ ਅਮੀਰੀ ਹੈ ਤੇ ਸਹਿਜ ਦੀ ਫ਼ਕੀਰੀ ਵੀ। ਉਹ ਬੜੇ ਸਹਿਜ ਤੇ ਸੁਹਜ ਨਾਲ ਵੱਡੇ ਮਸਲਿਆਂ ਨੂੰ ਮਾਚਿਸ ਦੀ ਤੀਲੀ ਬਾਲਣ ਵਾਂਗ ਪੇਸ਼ ਕਰ ਜਾਂਦਾ ਹੈ। ਇਹ ਔਖੇ ਤੇ ਬੋਝਲ ਸ਼ਬਦਾਂ ਨਾਲ ਮਹਾਨ ਨਹੀਂ ਬਣਦਾ ਸਗੋਂ ਸਰਲਤਾ ਨਾਲ ਗੱਲ ਕਰਨ ਵਿਚ ਵਡਿਆਈ ਦੀ ਭਾਲ ਕਰਦਾ ਹੈ। ਇਹ ਨਵੇਂ ਦੌਰ ਦੇ ਨਵੇਂ ਸ਼ਿਅਰਕਾਰਾਂ ਵਿਚ ਆਪਣੀ ਵੱਖਰੀ ਗ਼ਜ਼ਲੀ ਪਛਾਣ ਬਣਾਉਣ ਵਿਚ ਸਫਲ ਹੋਇਆ ਹੈ। ਲੀਹੋਂ ਲੱਥੀ ਰਾਜਨੀਤੀ, ਕਾਣੀ ਵੰਡ ਅਤੇ ਸਮਾਜਿਕ ਅਵਸਥਾ ਦੀ ਵਿਡੰਬਨੀ ਸਥਿਤੀ ਪ੍ਰਤੀ ਇਹ ਗੰਭੀਰ ਸ਼ਿਅਰ ਕਹਿੰਦਾ ਹੈ। ਇਹ ਐਨੇ ਸਹਿਜ ਨਾਲ ਸ਼ਿਅਰ ਕਹਿ ਜਾਂਦਾ ਹੈ ਕਿ ਪਾਠਕ ਸਰੋਤੇ ਨੂੰ ਬਿਨਾਂ ਖ਼ਬਰ ਕੀਤਿਆਂ ਸ਼ਿਅਰ ਮਨ ਮਸਤਕ ਵਿਚ ਜਗ ਜਾਂਦਾ ਹੈ। ਤਰਸੇਮ ਪਿੰਡਾਂ ਦਾ ਸ਼ਾਇਰ ਹੈ ਇਸਦੇ ਬਿੰਬਾਂ ਤੇ ਚਿਹਨਾਂ ਵਿਚ ਪਿੰਡਾਂ ਦੀ ਜ਼ਮੀਨ-ਜੂਹ ਦੀ ਖੁਸ਼ਬੂ ਹੈ। ਇਸਦੇ ਨਿੱਕੇ ਬਹਿਰ ਛੰਦ ਦੇ ਸ਼ਿਅਰ ਕਾਬਲੇ ਦਾਦ ਹਨ ਤੇ ਕਾਬਲੇ ਸਾਂਭ ਸੰਭਾਲ ਵੀ। ਇਸ ਪੁਸਤਕ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਅਲਬੱਤਾ ਮੈਂ ਪੰਜਾਬੀ ਗ਼ਜ਼ਲ ਦੇ ਆਸ਼ਕਾਂ ਨੂੰ 'ਪਹਿਲੀ ਬਾਰਿਸ਼' ਦੀ ਮਾਸ਼ੂਕ ਹੀਰ ਦੀ ਦੱਸ ਪਾਉਂਦਾ ਹਾਂ। ਕੁਝ ਸ਼ਿਆਰ ਪੜ੍ਹੋ -

ਪਤਾ ਲੱਗਿਆ ਜਦੋਂ ਖਾਮੋਸ਼ ਹੋਇਆ
ਮੈਂ ਚੁੱਪ ਰਹਿ ਕੇ ਵੀ ਕਿੰਨਾ ਬੋਲਦਾ ਹਾਂ

ਹਾਂ ਕਦੇ ਪਿੰਡਾਂ 'ਚੋਂ ਆਉਣਾ ਠੀਕ ਸੀ
'ਨੂਰ' ਹੁਣ ਸ਼ਹਿਰਾਂ ਚੋਂ ਜਾਣਾ ਠੀਕ ਹੈ

'ਨੂਰ' ਅਜੇ ਵੀ ਪਿੰਡ ਦੇ ਬੱਚੇ
ਚੋਰ ਸਿਪਾਹੀ ਖੇਲ ਰਹੇ ਨੇ

ਸਿਰ ਤੋਂ ਪਗੜੀ ਲਹਿ ਜਾਵੇਗੀ
ਸਿਰ ਨੂੰ ਹੋਰ ਝੁਕਾਂਦੇ ਕਿਉਂ ਹੋ

ਪੂਜਣ ਵਾਲੇ ਹਿੰਮਤ ਰੱਖਣ
ਦੁਨੀਆਂ ਵਿਚ ਭਗਵਾਨ ਬੜੇ ਨੇਂ •

- ਸੁਲੱਖਣ ਸਰਹੱਦੀ

# ਪਹਿਲੀ ਮੁਹੱਬਤ - ਸੁਰਜੀਤ ਗਿੱਲ

ਆਮ ਤੌਰ ਉੱਤੇ ਸਮਝਿਆ ਜਾਂਦਾ ਹੈ ਕਿ ਪਿਆਰ ਵੀ ਜ਼ੁਕਾਮ ਵਾਂਗ ਹਰ ਕਿਸੇ ਨੂੰ ਲੱਗ ਜਾਂਦਾ ਹੈ। ਸੰਸਾਰ ਪ੍ਰਸਿੱਧ ਮਨੋਵਿਗਿਆਨਕ ਫਰਾਇਡ ਵੀ ਕਹਿੰਦਾ ਹੈ ਕਿ ਬੱਚੇ ਦੇ ਆਪਣੀ ਮਾਂ ਨਾਲ ਪਿਆਰ ਪਿੱਛੇ ਕਾਮ-ਭਾਵਨਾ ਹੁੰਦੀ ਹੈ। ਆਮ ਮਰਦ ਥੋੜ੍ਹੀ ਜਿਹੀ ਹੋਸ਼ ਆਉਣ ਉੱਤੇ ਕਿਸੇ ਕੁੜੀ ਨਾਲ ਪਿਆਰ ਹੋਣ ਦੀ ਇੱਛਾ ਰੱਖਦਾ ਹੈ। ਪਰ ਮੇਰੇ ਮਨ ਵਿਚ ਅਜਿਹੀ ਭਾਵਨਾ ਕਾਫੀ ਵੱਡੀ ਉਮਰ ਤੱਕ ਜਾਗ੍ਰਿਤ ਨਹੀਂ ਹੋਈ। ਮੈਂ ਵੀ ਅਜਿਹੀ ਭਾਵਨਾ ਦੀ ਅਣਹੋਂਦ ਦਾ ਕਾਰਨ ਆਪਣੇ ਆਪ ਵਿਚ ਕਿਸੇ ਘਾਟ ਦਾ ਹੋਣਾ ਸਮਝਦਾ ਸੀ। ਉਂਝ ਬਚਪਨ ਵਿਚ ਮਾਂ ਮਹਿੱਟਰ ਹੋ ਜਾਣਾ, ਕਈ ਵਰ੍ਹੇ ਯਤੀਮਾਂ ਵਾਂਗ ਜੀਵਨ ਜਿਊਣ, ਪਿੱਛੋਂ ਇਕ ਵਿਦਵਾਨ ਸਿੱਖ ਕਥਾਵਾਚਕ ਦੀ ਨੇੜਤਾ ਅਤੇ ਇਸ ਵਲੋਂ ਦਿੱਤੀ ਸਿੱਖਿਆ ਵੀ ਇਸ ਦਾ ਕਾਰਨ ਸੀ। ਪਿੱਛੋਂ ਕਮਿਊਨਿਸਟ ਲਹਿਰ ਵਿਚ ਆਉਣ ਅਤੇ ਲਹਿਰ ਦੇ ਮਫ਼ਰੂਰ ਲੀਡਰਾਂ ਦੀ ਨੇੜਤਾ ਵੀ ਇਸਦਾ ਕਾਰਣ ਹੋ ਸਕਦੇ ਹਨ। ਮੇਰੇ ਵਰਗਾ ਨੰਗੇ ਪੈਰੀਂ ਅਤੇ ਪਜਾਮੇ ਤੋਂ ਬਿਨਾਂ ਸਕੂਲ ਜਾਣ ਵਾਲਾ ਮੁੰਡਾ ਤੇ ਜੂੰਆਂ ਵਾਲਾ ਹੋਣ ਦੀ ਸ਼ੋਹਰਤ ਰੱਖਣ ਵਾਲਾ ਨਾਦਾਰ ਬੰਦਾ ਪਿਆਰ ਵਰਗੀ ਮਹਿੰਗੀ ਚੀਜ਼ ਦੀ ਪ੍ਰਾਪਤੀ ਬਾਰੇ ਸੋਚ ਵੀ ਕਿਵੇਂ ਸਕਦਾ ਸੀ? ਇਹ ਠੀਕ ਹੈ ਕਿ ਮੇਰੇ ਅੰਦਰ ਪਿਆਰ ਦੀ ਇੱਛਾ ਸੀ। ਉਹ ਕਿਸੇ ਪਰਾਈ ਕੁੜੀ ਨਹੀਂ ਬਲਕਿ ਮਾਂ ਨਾਲ, ਵੱਡੀ ਭੈਣ ਨਾਲ ਤੇ ਪਿਉ ਨਾਲ। ਪਰ ਬਦਕਿਸਮਤੀ ਨਾਲ ਮਾਂ ਮਰ ਚੁੱਕੀ ਸੀ, ਭੈਣ ਵੱਡੀ ਕੋਈ ਹੈ ਹੀ ਨਹੀਂ ਸੀ, ਪਿਉ ਮਤਰੇਈ ਮਾਂ ਪਿੱਛੇ ਲੱਗ ਕੇ ਪਰਾਇਆ ਹੋ ਗਿਆ ਸੀ। ਹੋਰ ਕਿਸੇ ਰਿਸ਼ਤੇਦਾਰ ਨੇ ਕੋਈ ਸਾਰ ਨਾ ਲਈ। ਨਾਨਕੇ ਮਾਂ ਦੇ ਮਰਨ ਨਾਲ ਹੀ ਟੁੱਟ ਗਏ ਸਨ। ਅਜਿਹੀ ਸਥਿਤੀ ਵਿਚ ਮੇਰੇ ਵਰਗਾ ਭਾਵੁਕ ਵਿਅਕਤੀ ਕਮਿਊਨਿਸਟ ਲਹਿਰ ਵਿਚ ਸ਼ਾਮਲ ਨਾ ਹੋਵੇ ਤਾਂ ਕੀ ਕਰੇ? ਲਹਿਰ ਨੇ ਸਭ ਕੁਝ ਦਿੱਤਾ ਜਿਸਦੀ ਮੈਨੂੰ ਇੱਛਾ ਸੀ। ਸਾਥੀਆਂ ਦੀਆਂ ਮਾਵਾਂ, ਭੈਣਾਂ ਰੱਜ ਕੇ ਪਿਆਰ ਦਿੱਤਾ। ਪਾਰਟੀ ਆਗੂ ਪਿਉ ਬਣੇ। ਜੀਵਨ ਨੂੰ ਕੇਵਲ ਆਪਣੇ ਲਈ ਜਿਊਣ ਦੀ ਥਾਂ ਲੋਕਾਂ ਲਈ ਜਿਊਣ ਦੀ ਦ੍ਰਿਸ਼ਟੀ ਮਿਲੀ। ਚਿੰਤਨ ਨੇ ਜੀਵਨ ਨਾਲ ਮੋਹ ਪੁਆਇਆ ਤੇ ਵਿਚਾਰਾਂ ਵਿਚ ਗੰਭੀਰਤਾ ਲਿਆਂਦੀ।

1954 ਵਿਚ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਪੁਰਤਗੇਜ਼ੀ ਸਮਰਾਜ ਤੋਂ ਗੋਆ ਨੂੰ ਮੁਕਤ ਕਰਾਉਣ ਲਈ ਸੰਘਰਸ਼ ਆਰੰਭ ਕੀਤਾ। ਕਰਨੈਲ ਸਿੰਘ ਈਸੜੂ ਦੀ ਪਰਤਗੇਜ਼ੀਆਂ ਹੱਥੋਂ ਹੋਈ ਸ਼ਹੀਦੀ ਪਿੱਛੋਂ ਪੰਜਾਬ ਤੋਂ ਇਕ ਜੱਥਾ ਲੈ ਕੇ ਗੋਆ ਪੁੱਜਿਆ। ਗੋਆ ਦੀ ਹੱਦ ਅੰਦਰ ਦਾਖਲ ਹੋਣ ਉੱਤੇ ਪੁਰਤਗੇਜ਼ੀਆਂ ਨੇ ਜੱਥੇ ਨੂੰ ਕੁੱਟ-ਮਾਰ ਕੇ ਆਪਣੀ ਹੱਦੋਂ ਬਾਹਰ ਕੱਢ ਦਿੱਤਾ। ਜੱਥੇ ਦਾ ਆਗੂ ਹੋਣ ਕਾਰਣ ਅਤੇ ਦਾਹੜੀ-ਕੇਸਾਂ ਕਾਰਨ ਕੁੱਟ ਕੁਝ ਵੱਧ



ਹੀ ਪੈ ਗਈ। ਜੱਥੇ ਵਾਲਿਆਂ ਨੇ ਸਾਰੀ ਖ਼ਬਰ ਮੇਰੇ ਸ਼ਹਿਰ ਜੱਥਾ ਭੇਜਣ ਵਾਲੀ ਕਮੇਟੀ ਨੂੰ ਭੇਜ ਦਿੱਤੀ ਅਤੇ ਮੇਰੇ ਵੱਜੀਆਂ ਸੱਟਾਂ ਦੀ ਖਬਰ ਅਖ਼ਬਾਰਾਂ ਵਿਚ ਵੀ ਛਪ ਗਈ। ਪਾਰਟੀ ਸਾਥੀਆਂ ਨੇ ਵੀ ਚੰਗਾ ਪ੍ਰਚਾਰ ਕੀਤਾ। ਗੋਆ ਜਾਣ ਤੋਂ ਪਹਿਲਾਂ ਮੈਂ ਕਈ ਹੋਰ ਇਮਤਿਹਾਨ ਵੀ ਪਾਸ ਕਰ ਲਏ ਸਨ। ਮੈਂ ਵੱਡੇ ਪਾਰਟੀ ਆਗੂਆਂ ਨਾਲ ਗੁਪਤ ਵਿਚਰ ਚੁੱਕਿਆ ਸੀ। ਪੁਲਸ ਦੀ ਕੁੱਟ ਖਾ ਕੇ ਵੀ ਆਪਣਾ ਨਾਂ ਨਹੀਂ ਦੱਸਿਆ ਸੀ। ਜੇਲ੍ਹ ਵਿਚ ਜਾ ਕੇ ਬਾ-ਮੁਸ਼ੱਕਤ ਕੈਦੀ ਹੋਣ ਉੱਤੇ ਵੀ ਮੁਸ਼ੱਕਤ ਨਹੀਂ ਕੀਤੀ ਸੀ। ਕਾਲ-ਕੋਠੜੀ ਵਿਚ ਬੰਦ ਰਿਹਾ ਸੀ ਪਰ ਡੋਲਿਆ ਨਹੀਂ ਸੀ। ਕੈਦ ਦੇ ਆਖ਼ਰੀ ਦਿਨ ਜੇਲ੍ਹ ਵਿਚ ਜੇਤੂਆਂ ਵਾਂਗ ਗੇੜੇ ਦਿੱਤੇ ਸਨ। ਇਸ ਤਰ੍ਹਾਂ ਲਹਿਰ ਵਿਚ ਅਤੇ ਹੋਰ ਮਿੱਤਰਾਂ ਵਿਚ ਆਪਣਾ ਥਾਂ ਬਣਾ ਲਿਆ ਸੀ। ਇਸ ਤਰ੍ਹਾਂ ਆਤਮ-ਵਿਸ਼ਵਾਸ ਬਹੁਤ ਵੱਧ ਗਿਆ ਸੀ ਅਤੇ ਮੈਂ ਆਪਣੇ ਆਪ ਨੂੰ ਇਕ ਇਨਕਲਾਬੀ ਸਮਝਣ ਲੱਗ ਪਿਆ ਸੀ।

ਜਦੋਂ ਮੈਂ ਆਪਣੇ ਸ਼ਹਿਰ ਪੁੱਜਿਆ ਤਾਂ ਮੇਰੇ ਸਿਰ ਅਤੇ ਬਾਂਹ ਉੱਤੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਸ਼ਹਿਰ ਦੇ ਚੌਂਕ ਨੇੜੇ ਮੇਰਾ ਇਕ ਮਿੱਤਰ ਅਤੇ ਉਹਦੀ ਬੁੱਢੀ ਮਾਂ ਰਹਿੰਦੀ ਸੀ, ਜਿਹੜੀ ਮੈਨੂੰ ਮਾਂ ਵਾਂਗ ਪਿਆਰ ਕਰਦੀ ਸੀ। ਮਿੱਤਰ ਮੈਨੂੰ ਬਾਜ਼ਾਰ ਵਿਚ ਹੀ ਮਿਲ ਪਿਆ ਅਤੇ ਘਰ ਲੈ ਗਿਆ। ਥੋੜ੍ਹੇ ਸਮੇਂ ਵਿਚ ਹੀ ਮੇਰੇ ਪੁੱਜਣ ਦੀ ਖਬਰ ਸਾਰੇ ਮੁਹੱਲੇ ਵਿਚ ਪੁੱਜ ਗਈ। ਮੁਹੱਲੇ ਦੀਆਂ ਇਸਤਰੀਆਂ, ਕੁੜੀਆਂ ਅਤੇ ਬੱਚੇ ਮੇਰੇ ਮਿੱਤਰ ਦੇ ਘਰ ਆ ਜੁੜੇ। ਬੁੱਢੀ ਮਾਂ ਰੋਟੀ ਪਕਾਉਂਦੀ ਉੱਠੀ ਅਤੇ ਮੈਨੂੰ ਘੁੱਟ ਕੇ ਮਿਲੀ। ਰੋਟੀ ਪਕਾਉਣ ਦਾ ਕੰਮ ਇਕ ਮੁਸ਼ਕੀ ਜਿਹੇ ਰੰਗ ਅਤੇ ਤਿੱਖੇ ਨਕਸ਼ਾਂ ਵਾਲੀ ਕੁੜੀ ਨੇ ਸਾਂਭ ਲਿਆ। ਉਹ ਬਹੁਤ ਦੀ ਸਲੀਕੇ ਨਾਲ ਪਰਾਉਂਠੇ ਪਕਾਉਣ ਲੱਗੀ। ਮੈਂ ਗੋਆ ਜਾਣ ਅਤੇ ਕੁੱਟੇ ਜਾਣ ਬਾਰੇ ਵਿਸਥਾਰ ਨਾਲ ਦੱਸਣ ਲੱਗ ਪਿਆ। ਹੋਰਨਾਂ ਦੇ ਨਾਲ ਉਹ ਕੁੜੀ ਵੀ ਗਹੁ ਨਾਲ ਮੇਰੀਆਂ ਗੱਲਾਂ ਸੁਣਦੀ ਹੀ। ਵਿਚ-ਵਿਚ ਰੋਟੀ ਪਕਾਉਣੀ ਛੱਡ ਕੇ ਗੱਲ ਸੁਣਨ ਲੱਗ ਜਾਂਦੀ। ਇਕ-ਦੋ ਵਾਰ ਉਹਦੀਆਂ ਨਜ਼ਰਾਂ ਮੇਰੇ ਨਾਲ ਵੀ ਮਿਲੀਆਂ।

ਮੈਂ ਕਿਸੇ ਕੁੜੀ ਦੀਆਂ ਅੱਖਾਂ ਵੱਲ ਜ਼ਿੰਦਗੀ ਵਿਚ ਪਹਿਲੀ ਵੇਰ ਤੱਕਿਆ ਸੀ। ਇਹ ਕੁਝ ਚੰਗਾ ਜਿਹਾ ਲੱਗਿਆ। ਕੁਝ ਸਮੇਂ ਉਪਰੰਤ ਇਕੱਠ ਵਿਛੜਨ ਲੱਗਿਆ। ਕੁੜੀ ਨੇ ਆਪਣੇ ਠੇਠ ਪੋਠੋਹਾਰੀ ਲਹਿਜ਼ੇ ਵਿਚ ਮਾਂ ਨੂੰ ਕਿਹਾ, "ਬੇ ਰੋਟੀ ਪੱਕ ਗਈ ਏ"। ਬੁੱਢੀ ਮਾਂ ਪਟੜੀ ਉੱਤੇ ਮੇਰੇ ਵੱਲ ਮੂੰਹ ਕਰਕੇ ਬੈਠੀ ਸੀ ਅਤੇ ਕੁੜੀ ਵੱਲ ਪਿੱਠ ਸੀ। ਕੁੜੀ ਵੱਲ ਮੂੰਹ ਮੋੜ ਕੇ ਕਹਿਣ ਲੱਗੀ, "ਭਰਾਊਆਂ ਦੇ ਛੱਡ ਨਾ।" ਕੁੜੀ ਉੱਠੀ ਅਤੇ ਸਟੀਲ ਦੀ ਪਲੇਟ ਵਿਚ ਦੋ ਪਰਾਉਂਠੇ ਅਤੇ ਅੰਬ ਦਾ ਅਚਾਰ ਰੱਖ ਕੇ ਤਿਰਪਾਈ ਉੱਤੇ ਰੱਖ ਗਈ। ਚੀਨੀ ਦੀ ਇਕ ਪਲੇਟ ਵਿਚ ਦਹੀਂ ਰੱਖ ਗਈ। ਆਪ ਮੁੜ ਚੁੱਲ੍ਹੇ ਕੋਲ ਜਾ ਬੈਠੀ। ਮੈਂ ਰੋਟੀ ਖਾਂਦੇ ਨੇ ਇਕ-ਦੋ ਵਾਰ ਉਹਦੇ ਵੱਲ ਤੱਕਿਆ। ਉਹਦੀਆਂ ਸੁਰਮੇ ਵਾਲੀਆਂ ਅੱਖਾਂ ਵਿਚ ਵਿਸ਼ੇਸ਼

ਖਿੱਚ ਸੀ। ਮੈਂ ਦੋਨੋਂ ਪਰਾਉਂਠੇ ਖਾ ਲਏ। ਉਹ ਪਲੇਟ ਵਿਚ ਰੱਖ ਕੇ ਦੋ ਹੋਰ ਲੈ ਆਈ। ਮੈਂ ਦੂਰੋਂ ਹੀ ਹੱਥ ਨਾਲ ਨਾਂਹ ਕਰ ਦਿੱਤੀ। ਉਹ ਨੇੜੇ ਆ ਕੇ ਬੋਲੀ, 'ਇਕ ਤੇ ਹੋਰ ਲਉ, ਖਬਰੇ ਕਦੋਂ ਦੇ ਭੁੱਖੇ ਹੋਸੋ?' ਮੈਂ ਹੱਸ ਕੇ ਉੱਤਰ ਦਿੱਤਾ "ਭੁੱਖੇ ਤਾਂ ਅਸੀਂ ਕਾਮਰੇਡ ਕਈ ਜਨਮਾਂ ਦੇ ਹੁੰਦੇ ਹਾਂ, ਪਰ ਇਹਨਾਂ ਰੋਟੀਆਂ ਨਾਲ ਨਹੀਂ ਰੱਜਦੇ।" ਉਹਨੇ ਫਿਰ ਕਿਹਾ, "ਹੋਰ ਕਿੰਜ ਰੱਜਸੋ?" "ਜਿਵੇਂ ਸੀਤਾ ਨੇ ਲੰਕਾ ਵਿਚ ਹਨੂੰਮਾਨ ਨੂੰ ਰਜਾਇਆ ਸੀ, ਉਵੇਂ ਸ਼ਾਇਦ ਰੱਜ ਜਾਈਏ।" ਉਹ ਹੱਸ ਕੇ ਕਹਿਣ ਲੱਗੀ, ਤੁਸੀਂ ਹਨੂੰਮਾਨ ਥੋੜ੍ਹੇ ਹੋ ਤੁਸੀਂ ਤੇ ਚੰਗੇ ਭਲੇ ਮਾਨੁਸ ਹੋ। ਇਸ ਗੱਲ ਉੱਤੇ ਚੰਗੀ ਹਾਸੜ ਪਈ। ਕੁਝ ਸਮੇਂ ਉਪਰੰਤ ਜਾਣ ਸਮੇਂ ਮੈਂ ਮਾਂ ਦੇ ਪੈਰੀਂ ਹੱਥ ਲਾਏ। ਉਹਨੇ ਪਿਆਰ ਦਿੱਤਾ ਅਤੇ ਅਸੀਸ ਦਿੱਤੀ। ਕੁੜੀ ਨੇ ਵੀ ਦੋਨੋਂ ਹੱਥ ਜੋੜ ਕੇ ਸਤਿ-ਸ੍ਰੀ-ਅਕਾਲ ਬੁਲਾਈ। ਇਹ ਪਹਿਲੀ ਮਿਲਣੀ ਸੀ।

ਅਗਲੇ ਦਿਨ ਸਵੇਰੇ ਹੀ ਉਹ ਸਕੂਲ ਜਾਂਦੀ ਮੈਨੂੰ ਫਿਰ ਮਿਲੀ। ਚਿੱਟੀ ਵਰਦੀ ਵਿਚ ਉਹ ਕੱਲ ਨਾਲੋਂ ਨਿੱਖਰੀ ਹੋਈ ਕੁਝ ਵੱਡੀ ਲੱਗੀ। ਉਹਨੇ ਸਤਿ-ਸ੍ਰੀ-ਅਕਾਲ ਬੁਲਾਈ, ਮੈਂ ਮੁਸਕਰਾ ਕੇ ਉੱਤਰ ਦਿੱਤਾ। ਫਿਰ ਮੈਂ ਪਾਰਟੀ ਦੇ ਕੰਮ ਸ਼ਹਿਰੋਂ ਬਾਹਰ ਚਲਿਆ ਗਿਆ ਅਤੇ ਕਾਫੀ ਸਮੇਂ ਪਿੱਛੋਂ ਮੁੜਿਆ। ਮੈਂ ਆਪਣੇ ਮਿੱਤਰ ਨੂੰ ਮਿਲਣ ਉਹਦੇ ਕਮਰੇ ਵਿਚ ਗਿਆ ਜਿਹੜਾ ਗਲੀ ਦੇ ਮੁੱਢ ਵਿਚ ਸੀ। ਕਮਰਾ ਖੁੱਲ੍ਹਾ ਸੀ, ਪਰ ਮੇਰਾ ਮਿੱਤਰ ਉੱਥੇ ਨਹੀਂ ਸੀ। ਮੈਂ ਕੁਰਸੀ ਉੱਤੇ ਬਹਿ ਕੇ ਉਹਦਾ ਇੰਤਜ਼ਾਰ ਕਰਨ ਲੱਗਾ। ਮੇਜ਼ ਤੋਂ ਰਸਾਲਾ ਚੁੱਕ ਕੇ ਵਰਕਗਰਦਾਨੀ ਕਰਨ ਲੱਗ ਪਿਆ। ਕੁਝ ਸਮੇਂ ਉਪਰੰਤ ਹੀ ਉਹ ਕਿਤਾਬਾਂ ਚੁੱਕੀ ਕਮਰੇ ਮੂਹਰੋਂ ਲੰਘੀ। ਸਾਡੀਆਂ ਅੱਖਾਂ ਫਿਰ ਮਿਲੀਆਂ। ਘਰ ਜਾ ਕੇ ਉਹਨੇ ਇਕ ਛੋਟੀ ਕੁੜੀ ਦੇ ਹੱਥ ਪਲੇਟ ਉੱਤੇ ਰੱਖ ਕੇ ਇਕ ਚਾਹ ਦੀ ਪਿਆਲੀ ਭੇਜੀ। ਮੈਂ ਪੁੱਛਿਆ, 'ਇਹ ਕਿਸ ਲਈ ਹੈ?' ਕੁੜੀ ਦੇ ਜਵਾਬ ਦੇਣ ਤੋਂ ਪਹਿਲਾਂ ਉਹਨੇ ਬਾਹਰ ਖੜ੍ਹੀ ਨੇ ਉੱਤਰ ਦਿੱਤਾ, ਤੁਹਾਡੇ ਲਈ ਹੈ। ਮੈਂ ਫਿਰ ਕਿਹਾ, ਇਸ ਦੀ ਕੀ ਲੋੜ ਸੀ। ਉਹਨੇ ਖੜ੍ਹੀ ਨੇ ਹੀ ਫਿਰ ਉੱਤਰ ਦਿੱਤਾ, "ਪੀਓ ਫਿਰ ਚੰਗੀ ਤਰ੍ਹਾਂ ਬੋਲੋਗੇ।' ਮੇਰੇ ਅਤੇ ਮੇਰੇ ਮਿੱਤਰ ਦੀ ਗੱਲਬਾਤ ਅਤੇ ਬਹਿਸ ਸਾਰੇ ਮੁਹੱਲੇ ਵਿਚ ਮਸ਼ਹੂਰ ਸੀ।

ਕੁਝ ਚਿਰ ਪਿੱਛੋਂ ਮੇਰਾ ਮਿੱਤਰ ਆ ਗਿਆ। ਅਸੀਂ ਗੱਲਾਂ ਕਰਦੇ-ਕਰਦੇ ਬਹਿਸਣ ਲੱਗ ਪਏ ਅਤੇ ਕਾਫ਼ੀ ਸਮਾਂ ਬਹਿਸਦੇ ਰਹੇ। ਉਹ ਬਾਹਰ ਖੜ੍ਹੀ ਸਾਡੀਆਂ ਗੱਲਾਂ ਸੁਣਦੀ ਰਹੀ। ਇਸ ਤਰ੍ਹਾਂ ਮੁੜ-ਮੁੜ ਉਹ ਕੁੜੀ ਮਿਲਦੀ ਰਹੀ। ਮੈਂ ਇਸ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ, ਸਾਧਾਰਨ ਹੀ ਸਮਝਦਾ ਰਿਹਾ। ਉਹ ਮੈਨੂੰ ਆਪਣੇ ਤੋਂ ਛੋਟੀ ਲੱਗੀ। ਮੈਂ ਆਪਣੇ ਆਪ ਨੂੰ ਇਕ ਗੰਭੀਰ ਕਾਮਰੇਡ ਸਮਝਦਾ ਸੀ। ਪਰ ਉਹਦੀ ਨੇੜਤਾ ਹੋਰ ਵੱਧਦੀ ਗਈ। ਕਦੇ ਕਿਸੇ ਥਾਂ ਮਿਲ ਪੈਂਦੀ। ਕਦੇ ਕਿਸੇ ਬਹਾਨੇ ਬੁਲਾ ਲੈਂਦੀ। ਗੱਲ ਵੱਧਦੀ ਵੇਖ ਕੇ ਇਕ ਦਿਨ ਮੈਂ ਇਸ ਨੂੰ ਖ਼ਤਮ ਕਰਨ ਦਾ ਫੈਸਲਾ ਕਰ ਲਿਆ। ਮੈਂ ਉਹਨੂੰ ਕਹਿਣ ਵਾਲੇ



ਸ਼ਬਦ ਵੀ ਸੋਚ ਲਏ ਅਤੇ ਸਮਝਿਆ, ਮੇਰੇ ਇਸ ਭਾਸ਼ਨ ਉਪਰੰਤ ਉਹ ਸਮਝ ਜਾਵੇਗੀ। ਇਕ ਦਿਨ ਮੈਂ ਸ਼ਾਮ ਦੇ ਘੁੱਸਮੁਸੇ ਵਿਚ ਪਾਰਕ ਦੇ ਇਕ ਬੈਂਚ ਉੱਤੇ ਬੈਠਾ ਸੀ। ਪਾਰਕ ਵਿਚ ਟਾਵਾਂ-ਟਾਵਾਂ ਵਿਅਕਤੀ ਸੀ। ਗੁਰਦੁਆਰੇ ਵਿਚ ਭਾਈ ਜੀ ਰਹਿਰਾਸ ਪੜ੍ਹ ਰਿਹਾ ਸੀ। ਮੈਂ ਉੱਠਣ ਬਾਰੇ ਸੋਚ ਹੀ ਰਿਹਾ ਸੀ ਕਿ ਕਿਸੇ ਨੇ ਪਿੱਛੋਂ ਆ ਕੇ ਮੇਰੇ ਮੋਢੇ ਉੱਤੇ ਹੱਥ ਧਰ ਦਿੱਤਾ। ਜਦੋਂ ਮੈਂ ਮੁੜ ਕੇ ਦੇਖਿਆ ਤਾਂ ਉਹ ਸੀ। ਮੈਂ ਉੱਠ ਕੇ ਖੜ੍ਹਾ ਹੋ ਗਿਆ। ਉਹਦਾ ਹੱਥ ਫੜਿਆ ਅਤੇ ਪਾਰਕ ਦੇ ਕਨੇਰਾਂ ਦੇ ਬੂਟਿਆਂ ਵੱਲ ਹੋ ਤੁਰਿਆ। ਉਥੇ ਜਾ ਕੇ ਉਹਨੂੰ ਡੌਲਿਆਂ ਤੋਂ ਫੜ ਕੇ ਕਿਹਾ, ਦੇਖ ਜਿਸ ਰਾਹ ਤੂੰ ਤੁਰੀ ਏਂ, ਉਹ ਬਹੁਤ ਹੀ ਬਿਖੜਾ ਹੈ। ਤੇਰੇ ਮਲੂਕ ਪੈਰ ਇਸ ਰਾਹ ਨਹੀਂ ਤੁਰ ਸਕਣਗੇ। ਦੂਜੇ ਮੇਰੇ ਦਿਲ ਨੂੰ ਵੀ ਲੋਹੇ ਦੇ ਦਰਵਾਜ਼ੇ ਲੱਗੇ ਹੋਏ ਨੇ। ਇਹ ਤੈਥੋਂ ਟੁੱਟਣੇ ਨਹੀਂ। ਇਸ ਲਈ ਇਥੋਂ ਹੀ ਵਾਪਿਸ ਮੁੜ ਜਾ।" ਉਹਨੇ ਮੇਰੀ ਗੱਲ ਸੁਣੀ ਅਤੇ ਇਕ ਵੇਗ ਵਿਚ ਆ ਕੇ ਮੈਨੂੰ ਜੱਫੀ ਪਾ ਲਈ ਅਤੇ ਕੜਕ ਕੇ ਬੋਲੀ, "ਮੈਂ ਇਹਨਾਂ ਬੂਹਿਆਂ ਨੂੰ ਭੰਨ ਛੱਡਸਾਂ। ਇਹ ਮੇਰੇ ਸਾਹਮਣੇ ਟਿਕਣ ਨਹੀਂ ਲੱਗੇ।" ਮੈਂ ਸਹਿਜ ਨਾਲ ਉਹਦਾ ਸਿਰ ਪਲੋਸ ਕੇ ਕਿਹਾ, ਨਹੀਂ ਤੈਥੋਂ ਇਹ ਕੁਝ ਨਹੀਂ ਹੋਣਾ। ਤੂੰ ਬਹੁਤ ਕਮਜ਼ੋਰ ਏ। ਦੂਰੋਂ ਕਿਸੇ ਦੇ ਆਉਣ ਦੀ ਬਿੜਕ ਸੁਣ ਕੇ ਉਹ ਤਰੁੰਤ ਅੱਡ ਹੋਈ ਅਤੇ ਕਨੇਰ ਦੇ ਓਹਲੇ ਹੋ ਗਈ। ਤੇ ਨਹੀਂ... ਨਹੀਂ.... ਕਹਿੰਦੀ ਅਲੋਪ ਹੋ ਗਈ। ਉਹਦੀ ਗੱਲ ਠੀਕ ਨਿਕਲੀ। ਉਹਨੇ ਲੋਹੇ ਦੇ ਬੂਹੇ ਭੰਨ ਸੁੱਟੇ ਅਤੇ ਪੂਰੀ ਤਰ੍ਹਾਂ ਮੇਰੇ ਉੱਤੇ ਕਾਬਜ਼ ਹੋ ਗਈ। ਕੁਝ ਸਮੇਂ ਪਿੱਛੋਂ ਮੈਂ ਮਹਿਸੂਸ ਕੀਤਾ ਕਿ ਸੰਸਾਰਕ ਗੱਲਾਂ ਵਿਚ ਉਹ ਮੇਰੇ ਨਾਲੋਂ ਵੱਧ ਸਿਆਣੀ ਅਤੇ ਸਮਝਦਾਰ ਸੀ। ਉਹਨੇ ਦੱਸਿਆ, ਕਿਵੇਂ ਰਹਿਣਾ ਹੈ। ਕਿਵੇਂ ਕੱਪੜੇ ਪਾਉਣੇ ਹਨ। ਕਿਵੇਂ ਸਫਾਈ ਰੱਖਣੀ ਹੈ। ਕਿਵੇਂ ਕੱਪੜੇ ਧੋਣੇ ਹਨ। ਮੈਂ ਚੰਗੇ ਸ਼ਿਸ਼ ਵਾਂਗ ਸਭ ਕੁਝ ਗ੍ਰਹਿਣ ਕਰਦਾ ਰਿਹਾ।

ਇਕ ਵਾਰ ਉਹ ਕਮਰੇ ਵਿਚ ਆਈ। ਸਾਰੇ ਪਾਸੇ ਦੇਖਿਆ, ਕਮਰਾ ਸੰਭਰੇ ਨੂੰ ਕਈ ਦਿਨ ਹੋ ਗਏ ਸਨ। ਛੱਤ ਉੱਤੇ ਜਾਲੇ ਸਨ, ਕਿਤਾਬਾਂ ਉੱਤੇ ਗਰਦ ਸੀ। ਕੱਪੜੇ ਮੰਜੇ ਉੱਤੇ ਪਏ ਸਨ। ਉਹਨੇ ਨੱਕ ਚੜ੍ਹਾਉਂਦਿਆਂ ਮੈਨੂੰ ਕਮਰੇ ਵਿਚੋਂ ਬਾਹਰ ਕੱਢ ਦਿੱਤਾ ਅਤੇ ਅੰਦਰੋਂ ਕੁੰਡਾ ਲਾ ਲਿਆ। ਕੁਝ ਸਮੇਂ ਉਪਰੰਤ ਮੈਂ ਦਰਵਾੜੇ ਦੀ ਝੀਥ ਥਾਣੀਂ ਇਹ ਦੇਖਣ ਲਈ ਝਾਕਿਆ ਕਿ ਉਹ ਕੀ ਕਰ ਰਹੀ ਹੈ, ਮੈਂ ਸਾਰਾ ਹੀ ਹਲੂਣਿਆ ਗਿਆ। ਉਹ ਕੇਵਲ ਕੱਛੀ ਵਿਚ ਕਮਰਾ ਸੰਭਰ ਰਹੀ ਸੀ। ਉਹਦੇ ਚਿੱਟੇ ਕੱਪੜੇ ਤੌਲੀਏ ਵਿਚ ਲਪੇਟੇ ਬਾਹਰ ਕੁਰਸੀ ਉੱਤੇ ਪਏ ਸਨ। ਉਹ ਜਦੋਂ ਮੇਰੇ ਕਮਰੇ ਵਿਚ ਆਉਂਦੀ ਤਾਂ ਦਰਵਾਜ਼ਾ ਚੁਪੱਟ ਖੋਲ੍ਹ ਦਿੰਦੀ ਅਤੇ ਬਾਰੀਆਂ ਵੀ ਖੋਲ੍ਹ ਦਿੰਦੀ। ਇਕ ਵਿੱਥ ਉੱਤੇ ਕੁਰਸੀ ਉੱਤੇ ਬਹਿ ਕੇ ਗੱਲਾਂ ਕਰਦੀ।

ਇਕ ਵੇਰ ਸਰਦੀਆਂ ਦਾ ਮੁੱਢ ਸੀ। ਸਰਦੀ ਵੱਧ ਰਹੀ ਸੀ। ਉਹ ਮੇਰੇ ਕਮਰੇ ਵਿਚ ਆਈ। ਮੈਂ ਮੰਜੇ ਉੱਤੇ ਬੈਠਾ ਅਖਬਾਰ ਪੜ੍ਹ ਰਿਹਾ ਸੀ। ਉਹ ਆ ਕੇ ਮੇਰੇ ਬਰਾਬਰ ਬਹਿ ਗਈ। ਕੁਝ ਸਮੇਂ ਉਪਰੰਤ ਉਹਨੇ ਆਪਣਾ ਸਿਰ ਮੇਰੀ ਝੋਲੀ ਵਿਚ ਰੱਖ ਦਿੱਤਾ ਅਤੇ ਗੱਲਾਂ ਕਰਨ ਲੱਗ ਪਈ। ਗੱਲ ਕਿਸੇ ਨਵੇਂ ਪੜ੍ਹੇ ਨਾਵਲ ਬਾਰੇ ਸੀ। ਮੇਰੇ ਮਰਦ ਮਨ ਨੇ ਉਸਦੀ

ਇਸ ਹਰਕਤ ਦੇ ਆਪਣੇ ਅਰਥ ਕੱਢ ਲਏ ਅਤੇ ਆਪਣਾ ਹੱਥ ਗਲਤ ਪਾਸੇ ਵੱਲ ਚੁੱਕਿਆ। ਉਹਨੇ ਕੋਈ ਵਿਰੋਧ ਨਾ ਕੀਤਾ ਅਤੇ ਸਹਿਜ ਨਾਲ ਮੇਰਾ ਹੱਥ ਫੜ ਲਿਆ। ਹੌਲੀ-ਹੌਲੀ ਉਹਨੂੰ ਪਲੋਸਦੀ ਆਪਣੇ ਮੂੰਹ ਤੱਕ ਲੈ ਆਈ। ਫਿਰ ਇਕ ਲੰਮਾ ਚੁੰਮਣ ਅਤੇ ਅਚਾਨਕ ਸਾਰੇ ਜ਼ੋਰ ਨਾਲ ਉਸ ਉੱਤੇ ਦੰਦੀ ਵੱਢ ਦਿੱਤੀ। ਇਨਕਲਾਬੀ ਦੀ ਚੀਕ ਨਿਕਲ ਗਈ। ਉਹ ਬਿੱਲੀ ਵਾਂਗ ਉੱਠੀ ਅਤੇ ਮੈਨੂੰ ਠੁੱਠ ਦਿਖਾ ਕੇ ਔਹ ਗਈ। ਮੇਰੇ ਹੱਥ ਵਿਚੋਂ ਲਹੂ ਨਿਕਲ ਆਇਆ ਅਤੇ ਕਾਫੀ ਦਰਦ ਹੋਇਆ। ਕਈ ਦਿਨ ਦਵਾਈ ਲਵਾਉਣੀ ਅਤੇ ਪੱਟੀ ਬੰਨ੍ਹਣੀ ਪਈ।

ਕੁਝ ਦਿਨਾਂ ਪਿੱਛੋਂ ਮੈਂ ਫਿਰ ਬਾਹਰ ਚਲਾ ਗਿਆ ਅਤੇ ਕਾਫੀ ਦਿਨ ਨਾ ਮੁੜਿਆ। ਜਦੋਂ ਮੈਂ ਵਾਪਸ ਆ ਕੇ ਦਰਵਾਜ਼ਾ ਖੋਲ੍ਹਿਆ ਤਾਂ ਦਰਵਾਜ਼ੇ ਉੱਤੇ ਚਾਕ ਨਾਲ ਕਈ ਤਰੀਕਾਂ ਲਿਖੀਆਂ ਹੋਈਆਂ ਸਨ। ਮੈਂ ਕਮਰਾ ਸੰਭਰਿਆ, ਕੱਪੜੇ ਧੋਤੇ, ਨਾਹ ਕੇ ਚਾਹ ਬਣਾਈ ਅਤੇ ਪੀਣ ਬਹਿ ਗਿਆ। ਨਾਲ ਹੀ ਨਵਾਂ ਅਖ਼ਬਾਰ ਪੜ੍ਹਨ ਲੱਗ ਪਿਆ। ਉਹ ਆਈ ਅਤੇ ਇਕੱਠੇ ਹੀ ਕਈ ਸਵਾਲ ਕਰ ਦਿੱਤੇ। ਮੈਂ ਚੁੱਪ ਰਿਹਾ। ਮੈਂ ਚਾਹ ਪੀ ਕੇ ਪਿਆਲੀ ਰੱਖ ਦਿੱਤੀ। ਉਹਨੇ ਧੋ ਕੇ ਟਿਕਾਣੇ ਰੱਖ ਦਿੱਤੀ। ਤਣੀ ਉੱਤੇ ਪਾਏ ਕੱਪੜੇ ਉਲਟਾਏ ਅਤੇ ਹੋਰ ਵੀ ਛੋਟੇ-ਛੋਟੇ ਕੰਮ ਕੀਤੇ। ਫਿਰ ਉਹ ਮੇਰੇ ਸਾਹਮਣੇ ਕੁਰਸੀ ਉੱਤੇ ਬਹਿ ਗਈ। ਮੈਂ ਫਿਰ ਵੀ ਚੁੱਪ ਰਿਹਾ ਅਤੇ ਬੂਥਾ ਸੁਜਾਈ ਬੈਠਾ ਰਿਹਾ। ਉਹ ਮੇਰਾ ਹੱਥ ਫੜ ਕੇ ਦੇਖਿਆ। ਜ਼ਖ਼ਮ ਠੀਕ ਹੋ ਗਏ ਸਨ, ਨਿਸ਼ਾਨ ਬਾਕੀ ਸਨ। ਮੈਂ ਹੱਥ ਖਿੱਚ ਲਿਆ। ਫਿਰ ਉਹ ਅਚਾਨਕ ਉੱਠੀ ਤੇ ਬੋਲੀ, ਹੂੰ..... ਮੇਰਾ ਪ੍ਰੀਤਮ ਉਸ ਦਿਨ ਦੀ ਗੱਲ ਕਰਕੇ ਨਾਰਾਜ਼ ਏ.... ਹੂੰ....। ਉਹਨੇ ਛੇਤੀ ਦੇ ਕੇ ਦਰਵਾਜ਼ਾ ਬੰਦ ਕੀਤਾ, ਆਸੇ-ਪਾਸੇ ਝਾਕੀ ਅਤੇ ਇਕ-ਇਕ ਕਰਕੇ ਨਿਰਵਸਤਰ ਹੋਣ ਲੱਗੀ। ਮੇਰੇ ਸਰੀਰ ਵਿਚੋਂ ਇਕ ਅਜੀਬ ਲਹਿਰ ਉੱਠੀ ਅਤੇ ਮੈਂ ਅੱਖਾਂ ਉੱਤੇ ਦੋਨੋਂ ਹੱਥ ਰੱਖ ਲਏ। ਉਹਨੇ ਮੇਰੇ ਦੋਨੋਂ ਹੱਥ ਖਿੱਚਣ ਦਾ ਯਤਨ ਕੀਤਾ ਪਰ ਮੈਂ ਨਾ ਚੁੱਕੇ। ਕੁਝ ਸਮੇਂ ਉਪਰੰਤ ਉਹਨੇ ਕੱਪੜੇ ਪਾਏ ਅਤੇ ਆ ਕੇ ਮੇਰੇ ਸਿਰ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। ਤਰਿੱਪ-ਤਰਿੱਪ ਕਰਕੇ ਹੰਝੂ ਉਹਦੀਆਂ ਅੱਖਾਂ ਵਿਚੋਂ ਡਿੱਗ ਕੇ ਮੇਰੇ ਮੱਥੇ ਉੱਤੇ ਪੈਂਦੇ ਰਹੇ। ਮੈਂ ਉੱਠ ਕੇ ਦਰਵਾਜ਼ਾ ਖੋਲ੍ਹਿਆ ਅਤੇ ਉਹਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ। ਮੈਂ ਮੱਥੇ ਉੱਤੇ ਇਕ ਲੰਮਾ ਚੁੰਮਣ ਦਿੱਤਾ। ਉਹ ਚਲੀ ਗਈ।

ਇਕ ਵੇਰ ਉਹ ਅਤੇ ਮੈਂ ਇਕੱਠੇ ਸੂਏ ਦੇ ਕਿਨਾਰੇ ਜਾ ਰਹੇ ਸੀ, ਤਾਂ ਇਕ ਸੋਹਣਾ ਜਿਹਾ ਮੁੰਡਾ ਸਾਹਮਣੇ ਘਰ ਵਿਚੋਂ ਨਿਕਲਿਆ। ਮੈਂ ਉਹਦਾ ਨਾਂ ਲੈ ਕੇ ਕਿਹਾ, "ਤੇਰਾ ਬੱਚਾ ਇਹੋ ਜਿਹਾ ਹੋਵੇਗਾ।" ਉਹਨੇ ਸਿਰ ਹਿਲਾਇਆ ਅਤੇ ਨਾਂਹ ਕਰਕੇ ਦੋ ਉਂਗਲਾਂ ਖੜ੍ਹੀਆਂ ਕਰ ਕੇ ਕਹਿਣ ਲੱਗੀ, "ਮੇਰੇ ਤੇ ਦੋ ਕੁੜੀਆਂ ਹੋਸਣ।" ਫਿਰ ਇਕ ਵੇਰ ਮੈਂ ਇਕ ਘਰ ਵੱਲ ਉਂਗਲ ਕਰਕੇ ਕਿਹਾ, "ਤੇਰਾ ਘਰ ਇਹੋ ਜਿਹਾ ਹੋਵੇਗਾ।" ਉਹਨੇ ਸਿਰ ਹਿਲਾ ਕੇ ਨਾਂਹ ਕੀਤੀ ਅਤੇ ਆਪਣੇ ਘਰ ਦੀ ਪੂਰੀ ਤਸਵੀਰ ਦੱਸੀ।

ਮੈਨੂੰ ਪਾਰਟੀ ਨੇ ਅਖ਼ਬਾਰ ਵਿਚ ਕੰਮ ਕਰਨ ਲਈ ਜਲੰਧਰ ਭੇਜ ਦਿੱਤਾ। ਜਾਣ ਤੋਂ



ਪਹਿਲਾਂ ਬਹੁਤ ਗੱਲਾਂ ਹੋਈਆਂ। ਉਹ ਮੈਨੂੰ ਬੱਸ ਅੱਡੇ ਤੱਕ ਛੱਡ ਕੇ ਆਈ। ਚਿੱਠੀਆਂ ਬਾਰੇ ਮੈਂ ਉਹਨੂੰ ਦੱਸ ਦਿੱਤਾ ਕਿ ਇਹਨਾਂ ਕਾਰਨ ਗਲਤਫਹਿਮੀ ਵੱਧਦੀ ਹੈ। ਇਸ ਲਈ ਨਹੀਂ ਲਿਖਣੀਆਂ। ਪਰ ਉਹਨੇ ਫਿਰ ਵੀ ਇਕ ਚਿੱਠੀ ਲਿਖ ਹੀ ਦਿੱਤੀ, ਜਿਹੜੀ ਅਖ਼ਬਾਰ ਦ ਮੈਨੇਜਰ ਦੇ ਹੱਥ ਆ ਗਈ। ਉਸਨੇ ਖੋਲ੍ਹ ਕੇ ਪੜ੍ਹੀ ਅਤੇ ਸਾਰਿਆਂ ਨੂੰ ਸੁਣਾਈ ਅਤੇ ਮੇਰੇ ਇਨਕਲਾਬੀ ਹੋਣ ਦਾ ਖ਼ੂਬ ਮਖੌਲ ਉਡਾਇਆ। ਹੁਣ ਰਿਸ਼ਤਾ ਅਜਿਹੀ ਥਾਂ ਪੁੱਜ ਗਿਆ ਸੀ ਜਿਥੇ ਦੋ ਰਾਹ ਆ ਗਏ ਸਨ, ਜਾਂ ਤਾਂ ਸਦਾ ਲਈ ਇਕ ਹੋਣ ਲਈ ਵਿਆਹ ਜਾਂ ਸਦਾ ਲਈ ਨਿਖੇੜਾ। ਇਹ ਰਿਸ਼ਤਾ ਪਹਿਲਾ ਵਾਂਗ ਨਹੀਂ ਚੱਲ ਸਕਦਾ ਸੀ। ਉਸਨੇ ਦਸਵੀਂ ਪਾਸ ਕਰ ਲਈ ਸੀ। ਮੈਂ ਸਾਰੇ ਪਾਸੇ ਵਿਚਾਰ ਕੀਤੀ। ਅੰਤ ਵਿਚ ਦੂਜੇ ਪਾਸੇ ਦਾ ਫੈਸਲਾ ਕਰ ਲਿਆ ਅਤੇ ਉਸਨੂੰ ਸਦਾ ਲਈ ਭੁੱਲਣ ਦਾ ਮਨ ਬਣਾ ਲਿਆ। ਮੈਂ ਮੌਕਾ ਮਿਲਣ ਉੱਤੇ ਵੀ ਆਪਣੇ ਸ਼ਹਿਰ ਨਾ ਗਿਆ। ਉਸਨੇ ਕਈ ਸੁਨੇਹੇ ਭੇਜੇ। ਮੈਂ ਅਣਗੌਲੇ ਕਰ ਦਿੱਤੇ। ਲੰਮੇ ਅਰਸੇ ਮਗਰੋਂ ਮੈਂ ਆਪਣੇ ਸ਼ਹਿਰ ਗਿਆ। ਆਪਣੇ ਮਿੱਤਰ ਦੇ ਘਰ ਗਿਆ। ਉਸ ਕੁੜੀ ਨੂੰ ਮਿਲਿਆ। ਉਸਨੇ ਕਿਸੇ ਥਾਂ ਬੈਠ ਕੇ ਕੁਝ ਗੱਲਾਂ ਕਰਨ ਲਈ ਕਿਹਾ। ਅਸੀਂ ਸ਼ਹਿਰ ਦੇ ਮਸ਼ਹੂਰ ਬਾਗ ਵਿਚ ਮਿਲੇ। ਉਹਨੇ ਆਪਣੀ ਗੱਲ ਕਹੀ। ਮੈਂ ਉਹਨੂੰ ਸਪੱਸ਼ਟ ਦੱਸਿਆ ਕਿ ਉਹ ਮੇਰੇ ਨਾਲ ਵਿਆਹ ਕਰਵਾ ਕੇ ਦੁੱਖ ਭੋਗੇਗੀ। ਮੈਂ ਜੀਵਨ ਵਿਚ ਉਹਨੂੰ ਕੋਈ ਸੰਸਾਰਕ ਸੁੱਖ ਨਹੀਂ ਦੇ ਸਕਾਂਗਾ। ਸੰਸਾਰ ਵਿਚ ਮੇਰਾ ਕੋਈ ਨਹੀਂ ਹੈ। ਉਹਨੇ ਮੈਨੂੰ ਹੋਰ ਸੋਚਣ ਅਤੇ ਅਗਲੇ ਦਿਨ ਫਿਰ ਮਿਲਣ ਲਈ ਕਿਹਾ।

ਅਗਲੇ ਦਿਨ ਉਹ ਨਵੇਂ ਕੱਪੜੇ ਪਾ ਕੇ, ਪਰਸ ਲੈ ਕੇ ਅਤੇ ਕੁਝ ਕਾਗਜ਼ ਲੈ ਕੇ ਮੇਰੇ ਕਮਰੇ ਸਾਹਮਣੇ ਰਿਕਸ਼ੇ ਤੋਂ ਉੱਤਰੀ। ਗੱਲਬਾਤ ਪਿੱਛੋਂ ਉਹਨੇ ਕਿਹਾ, "ਉਠੋ ਗੁਰਦੁਆਰੇ ਚੱਲ ਕੇ ਅਨੰਦ ਪੜ੍ਹਾਈਏ। ਭਾਈ ਜੀ ਨੂੰ ਦੇਣ ਜੋਗੇ ਪੈਸੇ ਮੇਰੇ ਕੋਲ ਨੇ। ਮੈਂ ਹੁਣ ਬਾਲਗ ਹਾਂ।" ਉਹਨੇ ਦਸਵੀਂ ਦੀ ਸਨਦ ਕੱਢ ਕੇ ਦਿਖਾਈ। ਉਹਦੀ ਉਮਰ ਅਠਾਰਾਂ ਸਾਲ ਅਤੇ ਤਿੰਨ ਮਹੀਨੇ ਸੀ। ਮੈਂ ਉਹਨੂੰ ਫਿਰ ਭਾਸ਼ਣ ਦੇਣ ਲੱਗਿਆ। ਉਹ ਉੱਠੀ ਅਤੇ ਆਪਣਾ ਪਰਸ ਖੋਲ੍ਹ ਕੇ ਚੂੜੀਆਂ, ਲਿਪਸਟਿਕ ਅਤੇ ਸੰਧੂਰ ਦੀ ਪੁੜੀ ਨਾਲੀ ਵਿਚ ਸੁੱਟ ਦਿੱਤੀ। ਮੈਂ ਚੱਲੀ ਹਾਂ। ਤੁਸੀਂ ਸਾਰੀ ਜ਼ਿੰਦਗੀ ਪਛਤਾਓਗੇ, ਰੋਵੋਗੇ, ਦੁੱਖ ਭੋਗੋਗੇ। ਇਹ ਸਮਾਂ ਮੁੜ ਹੱਥ ਨਹੀਂ ਆਉਣਾ?" ਉਹ ਚਲੀ ਗਈ। ਫਿਰ ਮੁੜ ਕੇ ਗਲ ਭਰ ਕੇ ਕਹਿਣ ਲੱਗੀ, ਜੇ ਕਦੇ ਲੋੜ ਪਏ ਤਾਂ ਯਾਦ ਕਰਿਉ। ਮੈਂ ਆਵਾਂਗੀ।" ਮੈਂ ਪੱਥਰ ਵਾਂਗ ਬੈਠਾ ਸੀ। ਜ਼ਿੰਦਗੀ ਨੇ ਮੇਰੇ ਬੂਹੇ ਉੱਤੇ ਦਸਤਕ ਦਿੱਤੀ ਸੀ। ਮੈਂ ਬੂਹਾ ਨਾ ਖੋਲ੍ਹਿਆ ਅਤੇ ਜ਼ਿੰਦਗੀ ਸਦਾ ਲਈ ਮੇਰੇ ਨਾਲ ਰੁੱਸ ਗਈ।

ਵਰ੍ਹਿਆਂ ਪਿੱਛੋਂ ਮੈਂ ਉਹਦੇ ਸ਼ਹਿਰ ਉਹਦੇ ਘਰ ਬੈਠਾ ਸਾਂ। ਘਰ ਸਗਵਾ ਉਵੇਂ ਸੀ, ਜਿਵੇਂ ਉਹਨੇ ਕਦੇ ਦੱਸਿਆ ਸੀ। ਸੋਫੇ ਉੱਤੇ ਮੇਰੇ ਆਲੇ-ਦੁਆਲੇ ਉਹਦੀਆਂ ਦੋਨੋਂ ਧੀਆਂ, ਮਿਨੀ ਤੇ ਪਿੰਕੀ ਬੈਠੀਆਂ ਸਨ। ਉਹ ਸਾਹਮਣੇ ਸੋਫੇ ਉੱਤੇ ਬੈਠੀ ਸੀ। ਚਿਹਰੇ ਉੱਤੇ ਅੱਗੇ

ਨਾਲੋਂ ਨਿਖਾਰ, ਅੱਖਾਂ ਵਿਚ ਉਹੀ ਚਮਕ, ਸੂਤੀ ਚਿੱਟੇ ਕੱਪੜਿਆਂ ਦੀ ਥਾਂ ਮੋਤੀਆ ਰੰਗ ਦੇ ਰੇਸ਼ਮੀ ਕੱਪੜੇ। ਸਿਰ ਦੇ ਕੇਸ ਖਿਚੜੀ। ਚਿੱਟੇ ਬਹੁਤੇ, ਕਾਲੇ ਘੱਟ। ਅੱਖਾਂ ਉੱਤੇ ਸੁਨਹਿਰੀ ਫਰੇਮ ਵਾਲੀ ਐਨਕ। ਮਿੰਨੀ ਵੱਡੀ ਸੀ। ਉਹ ਰਾਜਨੀਤੀ ਸ਼ਾਸਤਰ ਦੀ ਐਮ. ਏ. ਕਰ ਰਹੀ ਸੀ ਅਤੇ ਅੰਤਲੇ ਸਾਲ ਵਿਚ ਸੀ। ਆਪਣੀ ਮਾਂ ਵਾਂਗ ਗੰਭੀਰ ਅਤੇ ਸਿਆਣੀ। ਪਿੰਕੀ ਛੋਟੀ ਸੀ ਅਤੇ ਲਿਟਰੇਚਰ ਦੀ ਵਿਦਿਆਰਥਣ ਸੀ। ਗੱਲਬਾਤ ਸਾਹਿਤ ਅਤੇ ਰਾਜਨੀਤੀ ਉੱਤੇ ਚੱਲ ਰਹੀ ਸੀ। ਦੋਨੋਂ ਆਪਣੇ ਵਿਸ਼ਿਆਂ ਵਿਚ ਪ੍ਰਬੀਨ। ਕੋਈ ਘੱਟ ਨਾ। ਸਾਹਮਣੇ ਕਾਰਨਸ ਉੱਤੇ ਉਹਨਾਂ ਵਲੋਂ ਜਿੱਤੇ ਸਰਟੀਫਿਕੇਟ ਅਤੇ ਟਰਾਫੀਆਂ ਸਨ। ਸਾਰੇ ਖੁਸ਼ ਸਨ। ਮੈਂ ਉਥੇ ਹੀ ਬੈਠੇ ਨੇ ਦੂਰ ਝਾਤੀ ਮਾਰੀ। ਕਦੇ ਉਹ ਖੁਸ਼ੀ ਮੇਰੀ ਵੀ ਹੋ ਸਕਦੀ ਸੀ। ਕਾਸ਼!

ਦੋਨੋਂ ਕੁੜੀਆਂ ਨੇ ਆਪਣੀ ਮਾਂ ਨੂੰ ਪੁੱਛਿਆ, "ਮੰਮੀ ਤੁਸੀਂ ਅੰਕਲ ਨਾਲ ਵਿਆਹ ਕਿਉਂ ਨਾ ਕੀਤਾ? ਉਹਨੇ ਮੇਰੇ ਵੱਲ ਉਂਗਲ ਕਰਕੇ ਕਿਹਾ, ਆਪਣੇ ਅੰਕਲ ਨੂੰ ਪੁੱਛੋ। ਮੈਂ ਚੁੱਪ ਕਰ ਗਿਆ ਅਤੇ ਨੀਵੀਂ ਪਾ ਲਈ। ਮੇਰੇ ਕੋਲ ਕੋਈ ਉੱਤਰ ਨਹੀਂ ਸੀ।

ਕੁਝ ਸਮੇਂ ਮਗਰੋਂ ਗੱਲਬਾਤ ਫਿਰ ਚੱਲ ਪਈ। ਉਹਨਾਂ ਨੇ ਮੇਰੇ ਜੀਵਨ ਬਾਰੇ ਪੁੱਛਿਆ। ਮੈਂ ਆਪਣੇ ਬਾਰੇ ਦੱਸਿਆ ਅਤੇ ਕਿਹਾ, ਮੇਰੇ ਜੀਵਨ ਵਿਚ ਹੋਰ ਸਭ ਕੁਝ ਹੈ, ਜੇ ਨਹੀਂ ਤਾਂ ਕੇਵਲ ਉਹ ਨਹੀਂ, ਜਿਸ ਬਾਰੇ ਅਸੀਂ ਇਕੱਠਿਆਂ ਨੇ ਸੋਚਿਆ ਸੀ। 'ਅੰਕਲ, ਇਉਂ ਕਿਉਂ? ਮੈਂ ਕਿਹਾ, ਆਪਣੀ ਮੰਮੀ ਨੂੰ ਪੁੱਛੋ। ਉਹਨੇ ਨੀਵੀਂ ਪਾ ਲਈ ਅਤੇ ਫਿਰ ਕਾਫ਼ੀ ਸਮੇਂ ਉਪਰੰਤ ਬੋਲੀ, ਮੈਂਡੀ ਚੰਦਰੀ ਜ਼ਬਾਨ ਨੇ ਕੁਝ ਸ਼ਬਦ ਕਹੇ ਸਨ, ਖਬਰੇ ਉਹੋ ਹੀ ਸਰਾਪ ਬਣ ਗਏ। ਤੇ ਉਹਦੀਆਂ ਅੱਖਾਂ ਵਿਚੋਂ ਤਰਿੱਪ-ਤਰਿੱਪ ਹੰਝੂ ਡਿੱਗਣ ਲੱਗ ਪਏ।

**ਇਹ ਲੇਖ ਕਈ ਸਾਲ ਪਹਿਲਾਂ 'ਕਹਾਣੀ ਪੰਜਾਬ' ਦੁਆਰਾ ਚਲਾਏ ਕਾਲਮ 'ਪਹਿਲੀ ਮੁਹੱਬਤ' ਲਈ ਕਾਮਰੇਡ ਸੁਰਜੀਤ ਗਿੱਲ ਨੇ ਆਪਣੀ ਪਹਿਲੀ ਮੁਹੱਬਤ ਬਾਰੇ ਲਿਖਿਆ ਸੀ।**

**- ਹਰਿੰਦਰ ਬਰਾੜ**

---

## ਪੁਸਤਕ ਪ੍ਰਾਪਤੀ

1. ਤੈਨੂੰ ਕਿਵੇਂ ਲੱਗਦੀ ਹੈ (ਕਵਿਤਾਵਾਂ) ਸੁਖਮਿੰਦਰ ਰਾਮਪੁਰੀ, ਮੁੱਲ 150/-, ਪੰਨੇ 112, ਗਰੇਸ਼ੀਅਸ ਬੁੱਕਸ, ਪਟਿਆਲਾ
2. ਮੱਧਕਾਲੀ ਤੇ ਆਧੁਨਿਕ ਪੰਜਾਬੀ ਸਾਹਿਤ (ਆਲੋਚਨਾ) ਡਾ. ਅਮਰਜੀਤ ਸਿੰਘ, ਪੰਨੇ 184, ਮੁੱਲ 350/- ਸਤਵੰਤ ਬੁੱਕ ਏਜੰਸੀ, ਚਾਂਦਨੀ ਚੌਂਕ, ਦਿੱਲੀ।
3. ਭਗਵਤ ਗੀਤਾ-ਸੰਦੇਹ ਪ੍ਰਵਚਨ (ਵਾਰਤਕ) ਡਾ. ਅਮਰਜੀਤ ਸਿੰਘ, ਪੰਨੇ 208, ਮੁੱਲ 300/-, ਪ੍ਰਕਾਸ਼ਕ ਡਾ. ਅਮਰਜੀਤ ਸਿੰਘ, ਮਾਡਲ ਟਾਊਨ, ਲੁਧਿਆਣਾ
4. ਆਪੇ ਬਹਿਰਾਂ ਬੋਲਦੀਆਂ (ਆਲੋਚਨਾ) ਕਸ਼ਮੀਰ ਨੀਰ, ਪੰਨੇ 112, ਮੁੱਲ 175/- ਆਰਸੀ ਪਬਲਿਸ਼ਰਜ, ਦਿੱਲੀ।



### ਗ਼ਜ਼ਲ

- ਹਰਭਜਨ ਸਿੰਘ ਹੁੰਦਲ

ਇਹਨਾਂ ਕੋਲ ਨਹੀਂ ਕੋਈ ਜਾਦੂ, ਉਲਟਾ ਦਰਦ ਵਧਾਉਣਗੀਆਂ।
ਇਹ ਗ਼ਜ਼ਲਾਂ ਪੜ੍ਹਦੇ ਜਾਂ ਸੁਣਦੇ, ਕੁਝ ਕੁਝ ਤਾਂ ਤੜਪਾਉਣਗੀਆਂ।

ਅੱਕ ਥੱਕ ਗਈਆਂ ਮੈਅ-ਖਾਨੇ ਤੋਂ, ਬਹੇ ਕਸੀਦੇ ਪੜ੍ਹ ਪੜ੍ਹ ਕੇ,
ਹੁਣ ਸੰਗਰਾਮਾਂ ਦੇ ਰਾਹ ਪੈ ਕੇ, ਨਵੀਂ ਬੁਝਾਰਤ ਪਾਉਣਗੀਆਂ।

ਇਹਨਾਂ ਆਪਣੇ ਤੌਰ-ਤਰੀਕੇ, ਨੈਣ ਨਕਸ਼ ਵੀ ਬਦਲੇ ਨੇ,
ਹੁਣ ਇਹ ਵੇਖੀਂ ਪੈਰ ਪੈਰ ਤੇ, ਕੌਤਕ ਕਿੰਜ ਵਿਖਾਉਣਗੀਆਂ।

ਜਿੱਥੇ ਜਿੱਥੇ ਕਹਿਰ-ਸਿਤਮ ਦੇ, ਹੁੰਦੇ ਸਾਕੇ ਨਿੱਤ ਨਵੇਂ,
ਪਹੁੰਚ ਕੇ ਉਹਨਾਂ ਥਾਵਾਂ ਉੱਤੇ, ਆਪਣਾ ਰੋਸ ਜਤਾਉਣਗੀਆਂ।

ਆਪਣੇ ਪੈਰਾਂ ਭਾਰ ਖਲੋਣਾ, ਹੌਲੀ-ਹੌਲੀ ਸਿੱਖ ਗਈਆਂ,
ਹੁਣ ਉਸਤਾਦਾਂ, ਮੌਲਵੀਆਂ ਦੇ, ਹੁੱਕੇ ਨਹੀਂ ਤਪਾਉਣਗੀਆਂ।

ਬੜੇ ਚਿਰਾਂ ਤੋਂ ਮਹਿਫ਼ਿਲ ਮਹਿਫ਼ਿਲ, ਗਾਈ ਮਹਿਮਾਂ ਮਹਿਰਮ ਦੀ,
ਹੁਣ ਇਹ ਤੌਰ ਬਦਲ ਕੇ ਸਾਰੇ, ਨਵੀਆਂ ਸੁਰਾਂ ਅਲਾਉਣਗੀਆਂ।

ਮਾੜੀ ਮੋਟੀ ਝੋਲ ਵਜ਼ਨ ਦੀ, ਸੰਭਵ ਹੈ ਕਿ ਜਰ ਜਾਵਣ,
ਉਂਞ ਇਹ ਘੱਟ ਕਦੇ ਨਾ ਤੋਲਣ, ਕਰ ਇਨਸਾਫ ਵਿਖਾਉਣਗੀਆਂ।

ਜੇ ਨਾ ਕੋਈ ਰਮਜ਼ ਪਛਾਣੇ, ਕਹਿਰ-ਕਰੇਂਦੇ ਸਮਿਆਂ ਦੀ,
ਉਸ ਦੇ ਨਾਲ ਨਾ ਤੁਰਨਾ ਇਹਨਾਂ, ਵੱਖਰੇ ਰਾਹ ਅਪਨਾਉਣਗੀਆਂ।

'ਹੁੰਦਲ' ਨੂੰ ਵੀ ਕਿੰਨੀ ਵਾਰੀ, ਆਈਆਂ ਸਨ ਸਮਝਾਵਣ ਇਹ,
ਜੇ ਨਾ ਉਸਨੇ ਨਜ਼ਰ ਮਿਲਾਈ, ਇਹ ਵੀ ਨਹੀਂ ਮਿਲਾਉਣਗੀਆਂ।

ਫੋਨ - (99150-42242)

Chirag Quarterly Jan- Mar. 2013
Registered with the Registrar of News-Papers of India No. PUN-PUN 0 2276/AL/TC94

# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,
ਨਵਤੇਜ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ** -

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com